# ਚਿਰਾਗ

ਜੁਲਾਈ-ਸਤੰਬਰ 1999

**July -September 1999**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ




ਮੁੱਲ : ਦਸ ਰੁਪਏ    -29-    ਜੁਲਾਈ-ਸਤੰਬਰ, 1999

# ਚਿਰਾਗ਼ (ਤਿਮਾਹੀ)

ਜੁਲਾਈ-ਸਤੰਬਰ, 1999

**ਸੰਪਾਦਕ :** ਹਰਭਜਨ ਸਿੰਘ ਹੁੰਦਲ
**ਪ੍ਰਤੀਨਿਧ :** ਅਵਤਾਰ ਸਾਦਕ (ਯੂ ਕੇ.), ਮਾਨ ਸਿੰਘ ਭਾਰਗਵ (ਜੰਮੂ)
**ਸੰਪਾਦਕੀ ਮੰਡਲ :** ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂਫ਼ੀ ਅਮਰਜੀਤ


- **ਸੰਪਾਦਕੀ :** ... ... ... ...
- **ਇਸ ਵਾਰ ਦਾ ਵਿਸ਼ੇਸ਼ ਕਵੀ :** ਡਾ. ਜਗਤਾਰ ਦੀਆਂ 15 ਨਵੀਆਂ ਗ਼ਜ਼ਲਾਂ।
- **ਨਜ਼ਮਾਂ :** ਅਜਾਇਬ ਕਮਲ, ਬਲਬੀਰ ਪਰਵਾਨਾ, (ਤਿੰਨ ਨਜ਼ਮਾਂ) ਕਮਲਜੀਤ ਭੁੱਲਰ, (ਤਿੰਨ ਨਜ਼ਮਾਂ) ਵਿਸ਼ਾਲ।
- **ਵਤਨੋਂ ਦੂਰ :** ਵਰਿੰਦਰ ਪ੍ਰੀਹਾਰ (ਯੂ.ਕੇ.) ਦੀਆਂ ਤਿੰਨ ਸੱਜਰੀਆਂ ਨਜ਼ਮਾਂ।
- **ਗ਼ਜ਼ਲਾਂ :** ਹਰਭਜਨ ਹਲਾਵਰਵੀ, ਰਾਮਿੰਦਰ ਬੇਰੀ, ਡਾ. ਐਸ. ਤਰਸੇਮ, ਅਜੀਤ ਸਿੰਘ ਆਸ, ਮਹਾਂਬੀਰ ਸਿੰਘ ਦਰਦੀ, ਪ੍ਰੇਮ ਸਾਹਿਲ।
- **ਕਹਾਣੀ :** ਬੁੱਚੜ (ਜਸਬੀਰ ਸਿੰਘ ਰਾਣਾ), ਬਜ਼ਿੰਘੇ ਦਾ ਪਿੰਜਰਾ (ਹਿੰਦੀ ਕਹਾਣੀ) ਸ਼ਰਦ ਸਿੰਘ।
- **ਯਾਦਾਂ :** ਪਾਬਲੋ ਨੇਰੂਦਾ (ਇਕ ਰਾਤ ਦੀ ਨਜ਼ਰਬੰਦੀ)।
- **ਲੇਖ :** ਡਾ. ਕਰਮਜੀਤ ਸਿੰਘ (ਰਜਨੀਸ਼ਦਾ ਦੀਵਾਲੀਆਪਣ), ਡਾ. ਸੁਖਦੇਵ ਸਿੰਘ ਸਿਰਸਾ (ਹਰਭਜਨ ਸਿੰਘ ਹੁੰਦਲ ਦੀ ਸਿਰਜਣ-ਕਿਰਿਆ), ਨਿਰੰਜਨ ਸਿੰਘ ਨੂਰ (ਮੇਰੀ ਕਵਿਤਾ, ਮੇਰੀ ਸੋਚ)।
- **ਨਵੇਂ ਚਿਹਰੇ :** ਸਰਬਜੀਤ ਸਿੰਘ ਸੂਹੀ. ਮਨਦੀਪ ਪੰਧੇਰ, ਭੁਪਿੰਦਰ ਸੰਧੂ, ਗੁਰਿੰਦਰ ਸਿੰਘ ਕਲਸੀ।
- **ਵਾਘਿਉਂ ਪਾਰ :** ਅਕਰਮ ਬਾਜਵਾ, ਅਲੀ ਮੁਹੰਮਦ ਮਲੂਕ, ਗ਼ੁਲਾਮ ਮੁਸਤਫਾ ਬਿਸਮਿਲ, ਹਕੀਮ ਰਾਸ਼ਦ ਹਸਨ ਰਾਣਾ, ਅਰਸ਼ਦ ਸਹਿਜ਼ਾਦ।
- **ਗੀਤ :** ਹਰਭਜਨ ਹਲਵਾਰਵੀ, ਸੁਰਜੀਤ ਸਾਜਨ।
- **ਪੁਸਤਕ ਰੀਵੀਊ :** ਡਾ. ਸੁਰਿੰਦਰ ਸ਼ਾਂਤ (ਵਿਅੰਗਨਾਮਾ), ਆਵਾਜ਼, ਪਹਿਲਾ ਪੂਰ, ਕਾਇਆ ਕਾਗਦੁ, ਪਸ਼ਤੋ ਕਹਾਣੀਆਂ (ਹ ਸ.ਹ.), ਡਾ. ਬਲਕਾਰ ਸਿੰਘ (ਲੀਲ੍ਹਾ), ਨਦੀਮ ਪਰਮਾਰ (ਪੰਜਾਬੀ ਗ਼ਜ਼ਲ, ਰੂਪ ਤੇ ਆਕਾਰ)।
- **ਖਿਆਲ ਆਪੋ ਆਪਣਾ :** ਮੁਹੰਮਦ ਮੁਨੀਰ ਅਸਰੀ (ਗੁਜਰਾਂਵਾਲਾ), ਡਾ. ਸੁਖਵਿੰਦਰ ਰੰਧਾਵਾ, ਮਨਜੀਤ ਪੰਧੇਰ, ਬਲਰਾਜ ਚੀਮਾ, ਸੂਫ਼ੀ ਅਮਰਜੀਤ।
- **ਪੁਸਤਕ ਪ੍ਰਾਪਤੀ :**


(ਪ੍ਰਕਾਸ਼ਨ ਮਿਤੀ : 10 ਅਗਸਤ, 1999)

Postal Address :
Harbhajan Singh Hundal,
V. Fatu Chak,
P.O. Dhilwan,
Distt. Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | |
|---|---|
| ਦੇਸ਼ ਵਾਰਸ਼ਿਕ | : 40 ਰੁਪਏ |
| ਇਕ ਪਰਚਾ | : 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : 50 ਰੁਪਏ |
| **ਬਦੇਸ਼, ਯੂ ਕੇ.** | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁਪਏ |

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

## ਸੰਪਾਦਕੀ

### ਪਾਪੂਲਰ ਸਾਹਿਤ : ਸੀਮਾਵਾਂ ਵਿਚੋਂ ਵੀ ਕਈ ਸੰਭਾਵਨਾਵਾਂ

ਸਾਹਿਤ ਦੀ ਗੱਲ ਕਰਦਿਆਂ ਸਾਡਾ ਧਿਆਨ ਇੱਕ ਵਿਸ਼ੇਸ਼ ਤਰ੍ਹਾਂ ਦੀਆਂ ਲਿਖਤਾਂ ਵੱਲ ਜਾਂਦਾ ਹੈ, ਜਿਨ੍ਹਾਂ ਵਿੱਚ ਕਵਿਤਾ, ਨਾਟਕ, ਨਾਵਲ, ਕਹਾਣੀ ਆਦਿ ਸ਼ਾਮਲ ਹਨ। ਜਿਸ ਪਾਪੂਲਰ ਸਾਹਿਤ ਵਿਸ਼ੇਸ਼ ਤੌਰ ਤੇ ਗੀਤਾਂ ਦੀ ਗੱਲ ਅਸੀਂ ਕਰਨ ਲੱਗੇ ਹਾਂ, ਉਸ ਨੂੰ ਵਿਦਵਾਨ ਹਿਕਾਰਤ ਨਾਲ ਨੱਕ ਚੜ੍ਹਾ ਕੇ ਵੇਖਦੇ ਹਨ। ਲੋਕ-ਸਾਹਿਤ ਨੂੰ ਹੁਣੇ ਜਿਹੇ ਆ ਕੇ ਮਾਨਤਾ ਮਿਲੀ ਹੈ। ਲੋਕ ਸਾਹਿਤ ਦੇ ਵਿਦਵਾਨ ਵੀ ਪਾਪੂਲਰ ਸਾਹਿਤ ਨੂੰ ਨਿਵਿਆ ਕੇ ਉਸਨੂੰ ਫੋਕ-ਲੋਰ ਤੇ ਹੋਰ ਬਹੁਤ ਕੁਝ ਕਹਿੰਦੇ ਹਨ। ਪਰ ਸੱਚ ਇਹ ਹੈ ਕਿ ਲੋਕ-ਸਾਹਿਤ ਤੋਂ ਬਾਅਦ ਸਭ ਤੋਂ ਵੱਧ ਸਰੋਤੇ ਪਾਪੂਲਰ ਸਾਹਿਤ/ਗੀਤਾਂ ਦੇ ਹਨ। ਇਸ ਤੋਂ ਇੱਕ ਹੋਰ ਸਾੜਾ ਪੈਦਾ ਹੁੰਦਾ ਹੈ। ਵਿਦਵਾਨ ਇਹ ਕਹਿਣ ਤੇ ਮਜ਼ਬੂਰ ਹੋਏ ਹਨ ਕਿ ਕਿਸੇ ਕ੍ਰਿਤ ਦੀ ਲੋਕ-ਪ੍ਰਿਅਤਾ ਦਾ ਇਹ ਅਰਥ ਨਹੀਂ ਕਿ ਉਹ ਉੱਚ ਪੱਧਰੀ ਵੀ ਹੋਵੇ। ਹੀਰ ਵਾਰਿਸ, ਸੋਹਣੀ (ਫੱਜ਼ਲ ਸ਼ਾਹ) ਸੱਸੀ (ਹਾਸ਼ਮ) ਆਦਿ ਨੇ ਇਸ ਵਿਚਾਰ ਨੂੰ ਮੁੱਢੋਂ ਹੀ ਬੋਦਾ ਕਰਾਰ ਦੇ ਦਿੱਤਾ ਹੈ। ਅਸਲ ਗੱਲ ਇਹ ਹੈ ਕਿ ਪਾਪੂਲਰ ਸਾਹਿਤ ਵੱਲ ਅਸੀਂ ਸੁਹਿਰਦਤਾ ਦਾ ਰਵੱਈਆ ਨਹੀਂ ਅਪਣਾਇਆ।

ਪਾਪੂਲਰ ਸਾਹਿਤ ਵਿੱਚ ਕੁਝ ਤਾਂ ਅਜਿਹਾ ਹੈ, ਜੋ ਉਸ ਨੂੰ ਲੋਕਾਂ ਵਿੱਚ ਹਰਮਨ-ਪਿਆਰਾ ਬਣਾਉਂਦਾ ਹੈ। ਇਹ ਸਾਹਿਤ ਲੋਕਾਂ ਦੀਆਂ ਭਾਵਨਾਵਾਂ/ਦੱਬੀਆਂ ਇੱਛਾਵਾਂ ਅਨੁਕੂਲ ਆਪਣੇ ਆਪ ਨੂੰ ਢਾਲਦਾ ਹੈ। ਇਹ ਭਾਵਨਾਵਾਂ ਪਿਆਰ/ਜਿਨਸੀ ਵੀ ਹੋ ਸਕਦੀਆਂ ਹਨ, ਤੇ ਆਮ ਪ੍ਰਚਲਿਤ ਕਦਰਾਂ-ਕੀਮਤਾਂ ਨਾਲ ਜੁੜੀਆਂ ਧਾਰਮਿਕ ਮਾਨਤਾਵਾਂ ਨਾਲ ਸੰਬੰਧਿਤ ਤੇ ਹੋਰ ਬਹੁਤ ਕੁਝ ਨਾਲ ਜੁੜੀਆਂ ਹੋਈਆਂ ਹਨ। ਜਦੋਂ ਪਾਪੂਲਰ ਕਲਾਕਾਰ ਸਰੋਤਿਆਂ ਦੇ ਸਨਮੁੱਖ ਹੁੰਦਾ ਹੈ ਤਾਂ ਸਰੋਤਿਆਂ ਦੀ ਪੱਧਰ ਅਨੁਸਾਰ (ਫਰਮਾਇਸ਼ ਅਨੁਕੂਲ) ਹੇਠਾਂ ਉਤਰਦਾ ਜਾਂਦਾ ਹੈ। ਉਹ ਹਰ ਤਾਂ ਤੇ ਆਰਥਿਕ ਮਦਦ ਦੀ ਝਾਕ ਵਿੱਚ ਸਮਝੌਤਾ ਕਰਦਾ ਜਾਂਦਾ ਹੈ। ਇਥੇ ਆ ਕੇ ਇਹ ਕਲਾਕਾਰ/ਕਲਾਕਾਰ ਨਾ ਰਹਿ ਕੇ ਵਿਕਾਊ ਬੋਲੀ ਦਾ ਮਾਲ ਬਣ ਜਾਂਦਾ ਹੈ। ਪਾਪੂਲਰ ਕਲਾਕਾਰ ਲੋਕ-ਜੀਵਨ ਦੀਆਂ ਮਾਨਸਿਕ ਲੋੜਾਂ ਨੂੰ, ਸੱਭਿਆਚਾਰਕ ਪ੍ਰਤੀਕਾਂ ਨੂੰ, ਲੋਕ-ਸਾਹਿਤ ਆਦਿ ਸਭ ਕੁਝ ਨੂੰ ਇੱਕ ਬਿੰਦੂ ਤੇ ਕੇਂਦ੍ਰਿਤ ਕਰ ਦਿੰਦਾ ਹੈ ਤੇ ਉਹ ਬਿੰਦੂ ਹੈ ਸਰੋਤਿਆਂ ਦੇ ਮਨੋਰੰਜਨ ਤੋਂ ਪੈਸਾ ਇਕੱਠਾ ਕਰਨਾ। ਇਹੀ ਸਭ ਤੋਂ ਵੱਡੀ ਸੀਮਾ ਹੈ, ਇਸ ਸਾਹਿਤ ਤੇ ਕਲਾਕਾਰ ਦੀ।

ਪਾਪੂਲਰ ਸਾਹਿਤ ਦਾ ਪ੍ਰਮੁੱਖ ਲੱਛਣ ਹੈ ਸੰਚਾਰਮੁਖਤਾ। ਬਣੀ ਬਣਾਈ ਮਿਠਿਆਈ ਸਿੱਧੇ ਦਿਲ/ਦਿਮਾਗ਼ ਤੱਕ ਪਹੁੰਚਦੀ ਹੈ ਤੇ ਇਉਂ ਤਰਕ ਅਸਲੋਂ ਪਾਸੇ ਰਹਿ ਜਾਂਦਾ ਹੈ। ਪ੍ਰਵਾਣਤ ਨੂੰ ਬਾਰ-ਬਾਰ ਪ੍ਰਵਾਣਤ ਕਰਵਾਉਣਾ ਇਸ ਸਾਹਿਤ ਦਾ ਮੂਲ ਉਦੇਸ਼ ਬਣ ਜਾਂਦਾ ਹੈ। ਇਸ ਤਰ੍ਹਾਂ ਇਸ ਸਾਹਿਤ ਸਥਿਤੀ ਨੂੰ ਜਿਉਂ ਦਾ ਤਿਉਂ ਰੱਖਣ ਦੇ ਹੱਕ ਵਿੱਚ ਭੁਗਤਦਾ ਹੈ। ਜਦੋਂ 'ਮਾਣਕ' ਅਜਿਹੀਆਂ ਕਲੀਆਂ ਗਾਉਂਦਾ ਹੈ, 'ਰੰਡੀ ਦੇ ਪੁੱਤ ਨੂੰ ਨਹੀਂ ਛੇੜਨਾ ਚਾਹੀਦਾ' ਉਹ ਗਾਲ੍ਹ ਕੱਢੇਗਾ। ਜਾਂ ਇਹੋ ਜਿਹੀਆਂ ਨੈਤਿਕਤਾ ਦੀਆਂ ਗੱਲਾਂ ਗਾਉਂਦਾ ਹੈ ਤਾਂ ਉਹ ਸਦੀਆਂ ਤੋਂ ਚਲੇ ਆ ਰਹੇ ਜਾਗੀਰਦਾਰੀ ਸਦਾਚਾਰ ਨੂੰ ਹੀ ਦੁਹਰਾ ਤੇ ਸਥਾਪਿਤ ਕਰ ਰਿਹਾ ਹੁੰਦਾ ਹੈ। ਇਉਂ ਸੰਚਾਰਮੁਖਤਾ, ਯਥਾਸਥਿਤੀਵਾਦ ਦੀ ਸਹਾਇਕ ਬਣ ਜਾਂਦੀ ਹੈ।

ਸੰਚਾਰਮੁਖਤਾ ਦੇ ਨਾਲ-ਨਾਲ ਸੰਗੀਤ ਦੀਆਂ ਪਾਪੂਲਰ ਹੇਕਾਂ ਸੋਚ ਨੂੰ ਪਰ੍ਹਾਂ ਛੱਡ, ਸਰੀਰਕ ਹਰਕਤਾਂ ਨੂੰ ਉਕਸਾਉਂਦੀਆਂ ਹਨ ਤੇ ਨੱਚਣ-ਟੱਪਣ ਦਾ ਕ੍ਰਮ ਸ਼ੁਰੂ ਹੋ ਜਾਂਦਾ ਹੈ। ਇਹ ਐਸੀ ਕਿਰਿਆ ਹੈ ਜਿਸ ਵਿੱਚ ਸ਼ਬਦਾਂ ਨੂੰ ਵਿਚਾਰਿਆ ਹੀ ਨਹੀਂ ਜਾਂਦਾ। "ਗੱਡੇ ਤੇ ਨਾ ਚੜ੍ਹਦੀ, ਗਡੀਰੇ ਤੇ ਨਾ ਚੜ੍ਹਦੀ, ਬਾਣੀਆਂ ਦੇ ਟੱਟੂ ਉੱਤੇ ਟੱਪ ਚੜ੍ਹਦੀ, ਬੋਲੋ ਤਾਰਾ-ਰਾਰਾ-ਰਾਰਾ। ਕੰਜਰੀ ਕਲੋਲ ਕਰਦੀ..." ਵਿੱਚ ਔਰਤ ਦੀ ਕਿਸ ਹੱਦ ਤੱਕ ਕਦਰ ਘਟਾਈ ਹੋਈ ਹੈ, ਇਹ ਸੋਚਣ ਦੀ ਕਿਸੇ ਨੂੰ ਵਿਹਲ ਨਹੀਂ ਹੈ।

ਇਹ ਗੱਲ ਲੋਕ ਸਾਹਿਤ ਉੱਪਰ ਵੀ ਲਾਗੂ ਹੁੰਦੀ ਹੈ। ਉਹ ਵੀ ਤਾਂ ਯਥਾਸਥਿਤੀਵਾਦੀ ਹੀ ਹੁੰਦਾ ਹੈ। ਸਟੇਜੀ ਕਵਿਤਾ ਇਸ ਨਾਲੋਂ ਕੁਝ ਉੱਪਰ ਹੈ, ਪਰ ਫਿਰ ਵੀ ਉਪਰੋਕਤ ਦੇ ਨਾਲ ਹੀ ਇਸ ਨੂੰ ਵੀ ਸਾਹਿਤ ਵਿੱਚ ਪ੍ਰਵਾਨਿਆਂ ਨਹੀਂ ਗਿਆ।

ਸਪੱਸ਼ਟ ਹੈ ਕਿ ਵਿਸ਼ੇਸ਼ਤਾਵਾਂ ਨਾਲ ਇਸਦੀਆਂ ਸੀਮਾਵਾਂ ਵੀ ਹਨ, ਜੋ ਜ਼ਿਆਦਾ ਰੜਕਦੀਆਂ ਹਨ। ਪਰੰਤੂ ਜਦੋਂ ਇਸ ਪਾਪੂਲਰ ਕਲਾ ਦਾ ਬਾਜ਼ਾਰੀਕਰਣ ਹੁੰਦਾ ਹੈ ਤਾਂ ਪੱਧਰ ਹੋਰ ਵੀ ਗਿਰ ਜਾਂਦੀ ਹੈ, ਕਿਉਂਕਿ ਮੁਕਾਬਲਾ ਲੋਕਾਂ ਦੀ ਪੱਧਰ ਉੱਪਰ ਚੁੱਕਣ ਦੀ ਥਾਂ ਇਸ ਗੱਲ ਦਾ ਹੁੰਦਾ ਹੈ ਕਿ ਕੌਣ ਜਿਨਸੀ-ਭਾਵਨਾਵਾਂ ਨੂੰ ਵਧੇਰੇ ਉਕਸਾ ਸਕਦਾ ਹੈ। ਅੱਜ ਦੀ ਬੁਰਜੂਆ ਕਲਚਰ ਵਿੱਚ ਇਹੀ ਸੁਰ ਭਾਰੀ ਹੈ। ਪੰਜਾਬੀ ਪਾਪੂਲਰ ਗਾਇਕੀ ਇਸ ਦਾ ਅਪਵਾਦ ਨਹੀਂ। ਜਿਹੜੇ ਕਲਾਕਾਰ 'ਸਾਫ਼-ਸੁਥਰਾ' ਗਾਉਣ ਦੀ ਗੱਲ ਕਰਦੇ ਹਨ, ਉਹ ਸਿਰਫ਼ ਅਸ਼ਲੀਲ ਨਾ ਹੋਣ ਦਾ ਵਾਅਦਾ ਹੀ ਕਰਦੇ ਹਨ। ਬਾਕੀ ਉਪਰੋਕਤ ਵਾਲਾ ਸਭ ਕੁਝ ਜਿਉਂ ਦਾ ਤਿਉਂ ਬਣਿਆ ਰਹਿੰਦਾ ਹੈ।

ਪੰਜਾਬੀ ਪਾਪੂਲਰ ਗਾਇਕੀ ਨੇ ਤਿੰਨ ਪੜਾਅ ਪਾਰ ਕੀਤੇ ਹਨ, ਪਹਿਲੇ ਪੜਾਅ ਤੇ ਸ਼ਬਦ ਤੇ ਅਰਥ ਇਕਸੁਰਤਾ ਵਿੱਚ ਹਨ, ਸੰਗੀਤ ਪਿਛੋਕੜ ਵਿੱਚ ਹੈ। ਦੂਜੇ ਪੜਾਅ ਤੇ ਅਰਥ ਗੁਆਚਣਾ ਸ਼ੁਰੂ ਹੁੰਦਾ ਹੈ। ਤੀਜੇ ਪੜਾਅ ਤੇ ਸ਼ਬਦ ਰੋੜਾਂ ਦਾ ਖੜਕਾਰ ਬਣ ਕੇ ਰਹਿ ਜਾਂਦਾ ਹੈ। ਅੱਜ ਅਸੀਂ ਇਸੇ ਪੜਾਅ ਉੱਪਰ ਵਿਚਰ ਰਹੇ ਹਾਂ। ਕੈਸਟ/ਵੀਡੀਉ ਕੈਸਟ ਕਲਚਰ ਇਸੇ ਨੂੰ ਅਗਾਂਹ ਤੋਰ ਰਿਹਾ ਹੈ।

ਪਾਪੂਲਰ ਗਾਇਕੀ ਨਾਲ ਜੁੜਿਆ ਕਲਾਕਾਰ ਜੇ ਸੱਚਮੁੱਚ ਲੋਕਾਂ ਲਈ ਗਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਸਮਝ ਹੋਣੀ ਚਾਹੀਦੀ ਹੈ। ਜੇ ਉਸ ਦੀ ਗਾਇਕੀ/ਕਲਾਕਾਰੀ/ਸਾਹਿਤਕਾਰੀ ਯਥਾਸਥਿਤੀਵਾਦੀ ਨਹੀਂ, ਭਾਵ ਉਹ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ਵਿਕਸਿਤ ਕਰਨ ਵਿੱਚ ਯਕੀਨ ਰੱਖਦਾ ਹੈ ਤਾਂ ਉਹ ਸੱਚਮੁੱਚ ਲੋਕ-ਕਲਾਕਾਰ ਬਣੇਗਾ। ਜੇ ਉਸ ਵਿੱਚ ਸੰਚਾਰਮੁਖਤਾ ਦੇ ਨਾਲ-ਨਾਲ ਵਿਕਾਸ ਨੂੰ ਸਮਝਣ ਦੀ ਨੀਝ ਹੈ ਤਾਂ ਉਹ ਸੱਭਿਆਚਾਰ ਦੀਆਂ ਹਾਂ-ਮੁਖੀ ਕਦਰਾਂ ਨੂੰ ਹੁੰਗਾਰਾ ਦੇਵੇਗਾ ਤੇ ਨਾਂਹ-ਮੁੱਖ ਕਦਰਾਂ ਨੂੰ ਤਿਆਗੇਗਾ। ਪਰ ਅੱਜ ਹੋ ਇਸ ਦੇ ਉਲਟ ਰਿਹਾ ਹੈ।

ਅਸਲ ਵਿੱਚ ਲੋਕ-ਜੀਵਨ ਵਿੱਚ ਨਵੇਂ-ਅਰਥ/ਰੰਗ ਭਰਨ ਦੀ ਲੋੜ ਹੈ। ਅਰਥ ਵਿਹੂਣੀ ਕਲਾ, ਕਲਾਕਾਰ ਦਾ ਭਾਵੇਂ ਕੁਝ ਸੁਆਰ ਦੇਵੇ, ਪਰ ਸਮਾਜ ਦਾ ਕੁਝ ਨਹੀਂ ਸਵਾਰਦੀ, ਵਿਗਾੜਦੀ ਹੀ ਵਿਗਾੜਦੀ ਹੈ। ਆਉ ਇਸ ਉੱਪਰ ਹੋਰ ਵਿਚਾਰ ਕਰੀਏ।

**ਸੰਪਾਦਕੀ-ਮੰਡਲ**



## ਇਸ ਵਾਰ ਦਾ ਵਿਸ਼ੇਸ਼ ਕਵੀ

(ਡਾ. ਜਗਤਾਰ ਦੀਆਂ ਸਾਨੂੰ 15 ਗ਼ਜ਼ਲਾਂ ਚਿਰਾਗ਼ ਦੇ ਹਥਲੇ ਅੰਕ ਲਈ ਪ੍ਰਾਪਤ ਹੋਈਆਂ ਹਨ। ਇਹ ਉਨ੍ਹਾਂ ਦੇ ਨਵੇਂ ਛਪ ਰਹੇ ਕਾਵਿ-ਸੰਗ੍ਰਹਿ 'ਅੱਖਾਂ ਵਾਲੀਆਂ ਪੈੜਾਂ' ਵਿੱਚ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਪੰਜਾਬੀ ਕਵਿਤਾ ਤੇ ਵਿਸ਼ੇਸ਼ ਤੌਰ ਤੇ ਗ਼ਜ਼ਲ ਦੇ ਖੇਤਰ ਵਿੱਚ ਡਾ. ਜਗਤਾਰ ਦਾ ਨਾਂ ਕਿਸੇ ਰਸਮੀਂ ਜਾਣ-ਪਛਾਣ ਦਾ ਮੁਥਾਜ ਨਹੀਂ। ਵਜ਼ਨ ਦੀ ਪਾਬੰਦੀ, ਜਨ-ਜੀਵਨ ਦੇ ਸੁਪਨੇ, ਤਾਘਾਂ ਤੇ ਤਕਲੀਫਾਂ ਲਈ ਵਚਨ-ਬੱਧਤਾ, ਉੱਚੀ ਕਲਪਣਾ-ਉਡਾਰੀ ਅਤੇ ਹਰ ਪੈਰ ਤੇ ਕਿਸੇ ਨਵੇਂ ਕਾਵਿ-ਬਿੰਬ ਦੀ ਸਿਰਜਣਾ ਉਸ ਦੀ ਰਚਨਾ ਦੀਆਂ ਉਘੜੀਆਂ ਵਿਸ਼ੇਸ਼ਤਾਈਆਂ ਹਨ। ਡਾ. ਜਗਤਾਰ, ਸੰਸਥਾਵਾਂ, ਜੁੰਡਲੀਆਂ ਦੇ ਜੋੜਾਂ ਤੋੜਾਂ ਤੇ ਸਰਕਾਰੀ ਸਰਪ੍ਰਸਤੀ ਦੀਆਂ ਬਸਾਖੀਆਂ ਦੇ ਆਸਰੇ ਨਹੀਂ, ਸਗੋਂ ਸਿਰਫ਼ ਆਪਣੀ ਸਮਰੱਥ ਤੇ ਵਿਲੱਖਣ ਰਚਨਾ ਦੇ ਸਿਰ ਤੇ ਖੜੇ ਹਨ। —ਸੰਪਾਦਕ)

**ਡਾ. ਜਗਤਾਰ**

(1)

ਕੁਝ ਲੋਕ ਦੁਸ਼ਮਣਾਂ ਦੇ ਜਾਂ ਹਥਿਆਰ ਬਣ ਗਏ।
ਏਥੇ ਗ਼ੁਲਾਮ ਵੰਸ਼ ਦੇ ਮੀਨਾਰ ਬਣ ਗਏ।

ਆਪਣੇ ਘਰਾਂ ਦੇ ਗਿਰਦ ਜੋ ਨਾ ਬਣ ਸਕੇ ਫ਼ਸੀਲ,
ਉਹ ਲੋਕ ਮੇਰੇ ਰਾਹ ਦੀ ਦੀਵਾਰ ਬਣ ਗਏ।

ਆਪਣੇ ਵਜੂਦ 'ਚੋਂ ਨਾ ਜਦ ਉਹ ਬਾਹਰ ਆ ਸਕੇ,
ਆਸਾਨ ਰਾਹ ਵੀ ਬੜੇ ਦੁਸ਼ਵਾਰ ਬਣ ਗਏ।

ਮਾਸੂਮ ਸੀ ਬਣੇ ਖੜੇ ਸ਼ੀਸ਼ੇ ਅਗੇਚ ਜੋ,
ਸ਼ੀਸ਼ਾ ਹਟਾ ਕੇ ਉਹ ਨਿਰੇ ਤਲਵਾਰ ਬਣ ਗਏ।

ਕੀਤੀ ਵਤਨ ਦੇ ਨਕਸ਼ਿਆਂ ਦੀ ਤਸਕਰੀ ਜਿਨ੍ਹਾਂ,
ਉਹ ਲੋਕ ਹੀ ਵਤਨ ਦੇ ਅੱਜ ਗ਼ਮਖ਼ਾਰ ਬਣ ਗਏ।

ਮੇਰੇ ਤਾਂ ਹਥ 'ਚ ਸੀ ਕੰਵਲ ਜਾਂ ਮੋਰ ਪੰਖ ਸੀ,
ਕੁਝ ਲੋਕ ਕਿਉਂ ਮੇਰੇ ਲਈ ਤਲਵਾਰ ਬਣ ਗਏ।

ਗੁੰਮ ਹੋ ਗਈ ਹੈ ਬੰਸਰੀ ਹਰ ਸ਼ਾਖ਼-ਸ਼ਾਖ਼ 'ਚੋਂ,
ਸਾਰੇ ਦਰਖ਼ਤ ਕੁਰਸੀਆਂ ਜਾਂ ਦਾਰ ਬਣ ਗਏ।

ਹੋਇਆ ਲਹੂ-ਲੁਹਾਨ ਮੈਂ ਦੇ ਦੇ ਕੇ ਦਸਤਕਾਂ,
ਲੋਕੀ ਘਰਾਂ 'ਚ ਸਨ ਮਗਰ ਮੁਰਦਾਰ ਬਣ ਗਏ।

ਚਿੜੀਆਂ ਦੇ ਫੜਫੜਾਉਣ ਤੋਂ ਵੀ ਜੋ ਸੀ ਡਰ ਰਹੇ,
ਸ਼ਾਹਾਂ ਦੀ ਸ਼ਹਿ ਮਿਲੀ ਤਾਂ ਉਹ ਖ਼ੂੰਖ਼ਾਰ ਬਣ ਗਏ।

ਮਿੱਟੀ ਗਰਾਂ ਦੀ ਲੈ ਗਿਆ ਦਰਿਆ ਉਧਾਲ ਕੇ,
ਘਰ ਪਰਤ ਜਾਣ ਦੇ ਮਿਰੇ ਆਸਾਰ ਬਣ ਗਏ।

(2)

ਜੇ ਰਹੀ ਐਸੀ ਹੀ ਕਲਖਾਈ ਹਵਾ ਨਸਲਾਂ ਲਈ।
ਜ਼ਿੰਦਗੀ ਫਿਰ ਤਾਂ ਸਰਾਪੀ ਜਾਏਗੀ ਸਦੀਆਂ ਲਈ।

ਸ਼ਾਖ ਤੇ ਪੱਤੇ ਤਰ੍ਹਾਂ ਵੱਖ ਹੋ ਕੇ ਝੂਰਾਂ ਕੇ ਅਸੀਂ,
ਤੂੰ ਹਰੇ ਖ਼ਾਬਾਂ ਲਈ ਮੈਂ ਨਰਗਸੀ ਅੱਖਾਂ ਲਈ।

ਲੋਕ ਅੱਜ-ਕੱਲ੍ਹ ਜਾਲ ਵੀ ਪਾਉਂਦੇ ਨੇ ਸਤਨਾਜੇ ਦੇ ਨਾਲ,
ਚੋਗ ਚੁਗਣੀ ਹੋ ਗਈ ਮੁਸ਼ਕਿਲ ਬੜੀ ਚਿੜੀਆਂ ਲਈ।

ਘਰ ਦਾ ਦਰਵਾਜ਼ਾ ਉਦਾਸਾ ਤੇ ਹਿਰਾਸਾ ਤਰਸਦਾ,
ਤੇਰੀ ਇਕ ਦਸਤਕ ਲਈ, ਆਮਦ ਲਈ, ਹੱਥਾਂ ਲਈ।

ਹੋ ਗਈ ਹੈਰਾਨ ਕਾਲੀ ਰਾਤ ਕੌਤਕ ਵੇਖ ਕੇ,
ਆ ਰਿਹਾ ਹੈ ਕੌਣ ਅਪਣਾ ਨਾਲ ਪਰਛਾਵਾਂ ਲਈ।

ਮੀਲ ਪੱਥਰ ਲੈ ਗਏ ਜੋ ਕੁਤਬਿਆਂ ਦੇ ਵਾਸਤੇ,
ਲੈ ਗਏ ਦੀਵੇ ਘਰੀਂ ਕਬਰਾਂ ਤੋਂ ਦਹਿਲੀਜ਼ਾਂ ਲਈ

ਜੋ ਵਤਨ ਦੇ ਨਕਸ਼ਿਆਂ ਦੀ ਤਸਕਰੀ ਕਰਦੇ ਰਹੇ,
ਸੰਤਰੀ ਭੇਜੇ ਗਏ ਨੇ ਅੱਜ ਉਨ੍ਹਾਂ ਲੋਕਾਂ ਲਈ।

(3)

ਵਤਨ ਅਪਣਾ, ਨਾ ਘਰ ਅਪਣਾ, ਇਹ ਕੈਸਾ ਇਨਕਲਾਬ ਆਇਆ,
ਜਦੋਂ ਵੀ ਬਦਲਿਆ ਮੌਸਮ ਉਹ ਪਹਿਲੇ ਤੋਂ ਖ਼ਰਾਬ ਆਇਆ।

ਸਦਾ ਝਪਟੀ ਹੈ ਪਤਝੜ, ਬਾਜ਼ ਵਾਂਗੂੰ ਮੁੱਢ ਕਦੀਮਾਂ ਤੋਂ,
ਕਿਸੇ ਵੀ ਸ਼ਾਖ਼ ਤੇ ਜਦ ਮੇਰੇ ਆਂਙਣ ਵਿੱਚ ਗੁਲਾਬ ਆਇਆ।

ਕਦੇ ਨੀਲਾ, ਕਦੇ ਚਿੱਟਾ, ਕਦੇ ਸਾਵਾ ਤਾਂ ਆਇਆ ਹੈ,
ਜੋ ਆਉਣਾ ਚਾਹੀਦਾ ਸੀ ਉਹ ਕਦੇ ਨਾ ਇਨਕਲਾਬ ਆਇਆ।

ਉਹ ਐਸੀ ਗਾਰ ਹੈ ਜਿਸ 'ਚੋਂ ਕਦੀ ਆਵਾਜ਼ ਨੇ ਪਰਤੇ,
ਮੈਂ ਉਹ ਖੰਡਹਰ ਹਾਂ ਜਿਸ ਨੂੰ ਮੁੜ ਵਸੇਬੇ ਦਾ ਨਾ ਖ਼ਾਬ ਆਇਆ।

ਕਿਹਾ ਸਪਨੇ 'ਚ ਰਘਬਰ ਨੇ, ਮੈਂ ਫਿਰ ਬਨਵਾਸ 'ਤੇ ਚੱਲਿਆਂ,
ਨਹੀਂ ਉਦੋਂ ਨਹੀਂ ਸੀ, ਰਿਸ਼ਤਿਆਂ ਵਿੱਚ ਹੁਣ ਸਲ੍ਹਾਬ ਆਇਆ।

ਜਿਨ੍ਹਾਂ 'ਚੋਂ 'ਬੰਸਰੀ' ਬਣਦੀ ਸੀ, ਬਣਦੀ ਸੀ 'ਰਬਾਬ', ਆਖ਼ਰ,
ਉਹ ਕਿੱਥੇ ਤੁਰ ਗਏ ਨੇ ਬਿਰਖ, ਕੈਸਾ ਇਨਕਲਾਬ ਆਇਆ।

(4)

ਜੰਜ਼ੀਰ ਇਸਦੇ ਗਲ ਨਵੀਂ ਇਕ ਹੋਰ ਪਾ ਗਿਆ।
ਮਿੱਟੀ ਨੂੰ ਰੰਗ ਸੌਂਪ ਕੇ ਮੌਸਮ ਚਲਾ ਗਿਆ।

ਤਸਵੀਰ ਤੇਰੀ ਵੇਖ ਕੇ ਲੱਥੀ ਮਿਰੇ ਘਰੋਂ,
ਇਕਦਮ ਖ਼ੁਸ਼ੀ ਲੁਕਾਕੇ ਇੱਕ ਮਿੱਤਰ ਚਲਾ ਗਿਆ।

ਇਹ ਰਾਜ਼ ਰਾਜ਼ ਹੀ ਰਿਹਾ ਮੇਰੇ ਲਈ ਸਦਾ,
ਦਰਿਆ ਨੂੰ ਝੀਲ, ਝੀਲ ਜਾਂ ਦਰਿਆ ਹੈ ਖਾ ਗਿਆ।

ਰਿਸ਼ਤਾ ਤੇਰਾ ਅਜ਼ੀਜ਼ ਹੈ, ਪਰ ਖ਼ੁਦ ਹੀ ਵੇਖ ਲੈ,
ਇਕ ਨਕਸ਼ ਦੇ ਕੇ ਨਕਸ਼ ਹੈ ਕਿੰਨੇ ਮਿਟਾ ਗਿਆ।

ਤਕਸੀਮ ਤਾਂ ਬੁਰੀ ਨਹੀਂ, ਪਰ ਇਸਦੇ ਫਲ ਸਰੂਪ,
ਨਫ਼ਰਤ ਦਾ ਬੀਜ ਘਰ ਨੂੰ ਹੈ ਮਲਬਾ ਬਣਾ ਗਿਆ।

ਮੁੱਦਤ ਤੋਂ ਉਸਦੇ ਨਾਲ ਭਾਵੇਂ ਰਾਬਤਾ ਨਹੀਂ,
ਅੱਖਾਂ 'ਚੋਂ ਪਰ ਉਡੀਕ ਨਾ ਹੀ ਰਤਜਗਾ ਗਿਆ।



ਮਿੱਟੀ ਦੀਆਂ ਇਹ ਬਾਜ਼ੀਆਂ ਕਿੰਨੀਆਂ ਹੁਸੀਨ ਨੇ,
ਪਰ ਜੋ ਵੀ ਭਰਮਿਆਂ ਇਨ੍ਹਾਂ 'ਤੇ, ਮਾਤ ਖਾ ਗਿਆ।

(5)

ਅਜਬ ਹੈ ਸ਼ਹਿਰ ਲਗਦੈ ਸ਼ੀਸ਼ਿਆਂ ਦੀ ਕਰਬਲਾ ਹੈ।
ਕਿ ਹਰ ਇੱਕ ਮਿਲਣ ਵਾਲੇ ਦਾ ਹੀ ਚਿਹਰਾ ਲਾਪਤਾ ਹੈ।

ਜੋ ਮਜਬੂਰੀ 'ਚ ਹਿਜਰਤ ਕਰ ਗਏ ਉਹਨਾਂ ਦੇ ਹਿਜਰ ਅੰਦਰ,
ਸਫ਼ੈਦੀ ਦਾ ਘਰਾਂ ਵਿੱਚ ਰੰਗ ਪੀਲਾ ਪੈ ਗਿਆ ਹੈ।

ਇਹ ਕੈਸੀ ਲੀਕ ਹੈ ਸਾਡੇ ਵਿਚਾਲੇ ਬੇਯਕੀਨੀ ਦੀ,
ਕਿ ਸਾਂਝਾ ਖ਼ੂਨ ਇੱਕ ਦੂਜੇ ਨੂੰ ਦੁਸ਼ਮਣ ਸਮਝਦਾ ਹੈ।

ਇਹ ਛਾਂ ਸੀਮਾਂ ਦੇ ਰੁੱਖਾਂ ਦੀ, ਕਦੀ ਏਧਰ ਕਦੀ ਓਧਰ,
ਤੁਹਾਡੀ ਹੈ ਨਾ ਸਾਡੀ ਹੈ, ਨਾ ਦੋਹਾਂ ਤੋਂ ਜੁਦਾ ਹੈ।

ਨਿਰਾ ਜੁਗਰਾਫੀਆਂ ਮੇਰਾ ਨਹੀਂ ਹੈ ਬਦਲਦਾ ਆਇਆ,
ਮੇਰੀ ਤਾਰੀਖ਼ ਅੰਦਰ ਵੀ ਕਦੀਮਾਂ ਤੋਂ ਰਲਾ ਹੈ।

ਪਰਾਇਆਂ ਵਾਂਗ ਰਹਿੰਦੇ ਹਾਂ ਅਸੀਂ ਇੱਕ ਸ਼ਹਿਰ ਵਿੱਚ ਫਿਰ ਵੀ,
ਖ਼ਬਰ ਇੱਕ ਦੂਸਰੇ ਦੀ ਹੈ, ਘਰਾਂ ਦਾ ਈ ਪਤਾ ਹੈ।

(6)

ਬਦਨ ਮੇਰੇ 'ਚ ਕਿਸ-ਕਿਸ ਭਾਂਤ ਦਾ ਖ਼ੰਜਰ ਉਤਰਨਾ ਹੈ
ਮੈਂ ਦਰਿਆ ਹੋਰ ਖ਼ਬਰੇ ਖ਼ੂਨ ਦਾ ਕਿੰਨਾਂ ਕੁ ਤਰਨਾਂ ਹੈ।

ਜੇ ਅੱਖਾਂ ਤੇਰੀਆਂ ਵਿੱਚ ਆ ਗਏ ਤਾਰੇ ਤਾਂ ਕੀ ਹੋਇਆ,
ਅਜੇ ਤਾਂ ਤੇਰਿਆਂ ਵਾਲਾਂ 'ਚ ਸ਼ਬਨਮ ਨੇ ਉਤਰਨਾ ਹੈ।

ਤੂੰ ਪਹਿਲੇ ਹੀ ਛਰਾਟੇ ਨਾਲ ਕਿਉਂ ਏਨੀ ਸਹਿਮ ਗਈਓਂ
ਅਜੇ ਬਿਜਲੀ ਕੜਕਣੀ ਹੈ ਅਜੇ ਮੌਸਮ ਨੇ ਵਟ੍ਹਣਾ ਹੈ।

ਮੈਂ ਤੇਰੇ ਨਾਲ ਕਿੰਜ ਪਰਵਾਜ਼ ਦਾ ਵਾਅਦਾ ਕਰਾਂ ਇਕਦਮ,
ਅਜੇ ਮੈਂ ਰਿਸ਼ਤਿਆਂ ਦੇ ਪਿੰਜਰੇ ਵਿਚੋਂ ਗੁਜ਼ਰਨਾ ਹੈ।

ਕੀ ਫਸਲਾਂ ਦਾ ਬਣੇਗਾ ਹੈ ਖ਼ਬਰ ਚਿੜੀਆਂ ਨੂੰ ਹੋ ਚੁੱਕੀ,
ਇਹ ਰਖਵਾਲਾ ਨਹੀਂ ਫ਼ਸਲਾਂ ਦਾ ਇਹ ਲੱਕੜ ਦਾ ਡਰਨਾ ਹੈ?

ਜ਼ਰੂਰਤ ਸੀ ਨਦੀ ਨੂੰ ਲੈ ਗਈ ਮਿੱਟੀ ਘਰਾਂ ਦੀ ਉਹ,
ਅਸੀਂ ਵੀ ਸੋਚਿਆ ਕੀ ਲੋੜਵੰਦਾਂ ਨਾਲ ਲੜਨਾ ਹੈ।

ਇਹਨਾਂ ਦੇ ਪਾਵਿਆਂ ਨੂੰ ਖਾ ਰਹੀ ਦੀਮਕ ਬੜੇ ਚਿਰਦੀ,
ਇਨ੍ਹਾਂ 'ਤੇ ਹੁਕਮਰਾਨਾਂ ਬੈਠ ਕੀ ਇਨਸਾਫ਼ ਕਰਨਾ ਹੈ?

ਅਜੇ ਝੁਗੀਆਂ 'ਚ ਭੁੱਖਾਂ, ਬਸਤੀਆਂ ਵਿੱਚ ਲੋਕ ਨੰਗੇ ਨੇ,
ਕਿਸੇ ਇਸ ਹਾਲ ਵਿੱਚ ਕੀ ਤੇਰੀਆਂ ਨਜ਼ਮਾਂ ਨੂੰ ਕਰਨਾ ਹੈ।

(7)

ਨਾ ਬਣ ਸਕੀ ਤੂੰ ਦਸਤਕ ਨਾ ਬਣ ਸਕੀਂ ਏ ਘਰ ਤੂੰ,
ਕੀ ਮਹਿਕ ਬਣਕੇ ਮਿਲਿਆ, ਭਟਕੀਂ ਏਂ ਦਰ ਬਦਰ ਤੂੰ।

ਟੁੱਟਦੇ ਸਿਤਾਰਿਆਂ ਦੀ, ਬਰਸਾਤ ਹਰ ਤਰਫ਼ ਹੈ,
ਐ ਰਾਤ ਦੇ ਮੁਸਾਫ਼ਿਰ, ਜੰਗਲ 'ਚੋਂ ਨਾ ਗੁਜ਼ਰ ਤੂੰ।

ਕਿਸਦਾ ਪਤੰਗ ਆ ਕੇ, ਸ਼ਾਖ਼ਾਂ 'ਚ ਉਲਝਿਆ ਹੈ,
ਕਿਉਂ ਸੋਚ ਸੋਚ ਫਸਿਆ, ਉਲਝਣ 'ਚ ਇਸ ਕਦਰ ਤੂੰ?

ਉਹ ਹਰਫ਼ ਬਣ ਗਿਆ ਤੂੰ, ਜਿਸਦਾ ਨਾਂ ਅਰਥ ਕੋਈ,
ਬੇਅਰਥ ਹੋ ਕੇ ਮੇਰੇ ਜੀਵਨ 'ਚੋਂ ਨਾ ਗੁਜ਼ਰ ਤੂੰ।

ਜਲਨਾਂ ਵੀ ਜਾਗਣਾ ਵੀ, ਦੀਵੇ ਦਾ ਹੈ ਨਸੀਬਾ,
'ਜਗਤਾਰ' ਜਾਗਦਾ ਏਂ ਕਿਉਂ ਰਾਤ-ਰਾਤ ਭਰ ਤੂੰ?

(8)

ਰਾਬਤਾ ਕੋਈ ਨਾ ਕੋਈ, ਨਾਗ, ਖ਼ੁਸ਼ਬੂ, ਰੰਗ ਦਾ ਹੈ।
ਜੋ ਵੀ ਏਥੇ ਡੰਗਦਾ ਭੁਚਲਾ ਕੇ ਅਕਸਰ ਡੰਗਦਾ ਹੈ।

ਵੇਚ ਬੈਠੈ ਕੁਰਸੀਆਂ ਦੇ ਕੋਲ ਉਹ ਸਿਰ ਆਪਣਾ,
ਜੋ ਲਿਆ ਕੇ ਮੁੱਲ ਸਿਰ ਸ਼ੇਰਾਂ ਦੇ ਘਰ ਵਿੱਚ ਟੰਗਦਾ ਹੈ।

ਹਰ ਦਫ਼ਾ ਉਹ ਚੋਣ ਵਿੱਚ ਅਪਣਾ ਬਦਲ ਲੈਂਦਾ ਹੈ ਰੰਗ,
ਫੇਰ ਲੋਕਾਂ ਦੇ ਲਹੂ ਵਿੱਚ ਖ਼ੂਬ ਹਥ ਉਹ ਰੰਗਦਾ ਹੈ।

ਜਦ ਨਜ਼ਰ ਚੁਕਦਾ ਹੈ ਉਹ, ਆਉਂਦੈ ਦਿਲਾਂ ਵਿੱਚ ਜ਼ਲਜ਼ਲਾ,
ਦਿਲ ਠਹਿਰ ਜਾਂਦੇ ਨੇ, ਜਦ ਨਜ਼ਰਾਂ ਝੁਕਾ ਕੇ ਸੰਗਦਾ ਹੈ।

ਉਸਦੀਆਂ ਅੱਖਾਂ 'ਚੋਂ ਡਿੱਗਦਾ ਹੈ ਨਿਰੰਤਰ ਬਾਲਪਨ,
ਝਾਂਜਰਾਂ ਲਾਹ ਕੇ ਸਵੇਰੇ ਜਾਂ ਉਹ ਕਿੱਲੀ ਟੰਗਦਾ ਹੈ।

ਹੀਰ ਦੀ ਦਰਗਾਹ ਹੈ ਮੇਰੇ ਲਈ ਹਜ ਦਾ ਮਕਾਮ,
ਇਸ ਲਈ ਸਤਿਕਾਰ ਮੇਰੇ ਦਿਲ 'ਚ ਸਾਰੇ ਝੰਗ ਦਾ ਹੈ।

(9)

ਕਤਰ ਕੇ ਮੇਰੇ ਪਰ ਮੈਨੂੰ ਰਿਹਾਈ ਦੇ ਰਿਹਾ ਹੈ,
ਜੋ ਪੇਸ਼ ਆਉਣਾ ਹੈ ਉਹ ਮੈਨੂੰ ਦਿਖਾਈ ਦੇ ਰਿਹਾ ਹੈ।

ਕੋਈ ਨਾ ਕੋਈ ਅਣਹੋਣੀ ਅਵਸ਼ ਹੀ ਵਾਪਰੇਗੀ,
ਜਾਂ ਮੇਰਾ ਦਰਦ ਹੀ ਮੈਨੂੰ ਜੁਦਾਈ ਦੇ ਰਿਹਾ ਹੈ।

ਕਦੀ ਟੁੱਟੀ ਹੋਈ ਵੰਝਲੀ ਦਾ ਵੀ ਵੈਰਾਗ਼ ਸੁਣਿਆ ਕਰ,
ਕਿਉਂ ਪਾਜ਼ੇਬ ਦਾ ਸੰਗੀਤ ਹੀ ਤੈਨੂੰ ਸੁਣਾਈ ਦੇ ਰਿਹਾ ਹੈ।

ਜਦੋਂ ਜਾਵਾਂ ਸਫ਼ਰ ਤੇ ਪੈਰ ਆਪਣੇ ਘਰ ਹੀ ਰਖ ਜਾਵਾਂ,
ਉਹ ਮੈਨੂੰ ਕਿਸ ਤਰ੍ਹਾਂ ਦੀ ਰਹਿਨੁਮਾਈ ਦੇ ਰਿਹਾ ਹੈ?

ਨਹੀਂ ਮੈਨੂੰ ਨਹੀਂ ਮਨਜ਼ੂਰ ਇਹ ਸੌਦਾ ਕਦਾ ਚਿਤ ਵੀ,
ਮੇਰੀ ਆਵਾਜ਼ ਖੋਹ ਕੇ ਉਹ ਖ਼ੁਦਾਈ ਦੇ ਰਿਹਾ ਹੈ।

(10)

ਜਨਮ ਤੋਂ ਮਰਨ ਤੱਕ ਨਦੀਆਂ ਨੂੰ ਪੱਥਰਾਂ ਦੀ ਜ਼ਰੂਰਤ ਹੈ,
ਮਗਰ ਪੱਥਰਾਂ ਨੂੰ ਨਦੀਆਂ ਦੀ ਨਾ ਚਾਹਤ ਹੈ ਨਾ ਹਸਰਤ ਹੈ।

ਦੁਆ ਫੁੱਲਾਂ ਲਈ ਕਰਦੀ ਹੈ, ਗ਼ਮਲੇ ਦੇ ਵੀ ਟੁੱਟਣ ਦੀ,
ਵਚਿੱਤਰ ਕਿਸ ਕਦਰ ਬੰਦੀ ਬਣੀ ਮਿੱਟੀ ਦੀ ਹਸਰਤ ਹੈ।

ਸਲੇਟੀ ਸ਼ਾਮ ਜੰਗਲ ਵਿੱਚ ਉੱਤਰ ਕੇ ਸਬਜ਼ ਹੈ ਹੋਈ,
ਤੇ ਜੰਗਲ ਜਾਮਨੀ ਹੋਇਐ, ਇਹ ਸੁਪਨਾ ਕਿ ਹਕੀਕਤ ਹੈ।



ਜਦੋਂ ਪਰਤਾਂ ਤਿਰੇ ਨੈਣਾਂ 'ਚ ਕਿਉਂ ਤਾਰੇ ਉਤਰਦੇ ਨੇ?
ਜਦੋਂ ਮਿਲਦਾਂ ਤਿਰਾ ਚਿਹਰਾ ਬਣੀ ਹੁੰਦੀ ਬੁਝਾਰਤ ਹੈ।

ਉਹ ਚਾਹੁੰਦੀ ਰਾਤ ਇੱਕ ਬਿਸਤਰ ਤੇ ਗੁਜ਼ਰੇ ਦਿਲ 'ਚ ਨਫ਼ਰਤ ਹੈ,
ਬੁਝਾਰਤ ਹੀ ਰਹੀ ਹੈ ਉਮਰ ਭਰ, ਇਹ ਐਸੀ ਔਰਤ ਹੈ?

ਨਾ ਉਹ ਅੱਖਾਂ, ਨਾ ਉਹ ਚਿਹਰਾ, ਨਾ ਉਹ ਜੁੱਸਾ, ਨਾ ਉਹ ਚੜ੍ਹਤਲ,
ਜੇ ਪੁੱਛੇ ਆਖਣਾ ਜਗਤਾਰ ਉਂਜ ਤੇਰਾ ਸਲਾਮਤ ਹੈ।

(11)

ਜਾਂ ਗ਼ਜ਼ਲਾਂ ਦਾ ਜਹਾਨ ਆਬਾਦ ਕਰਦਾਂ।
ਮੈਂ ਅਪਣਾ ਦਰਦ ਵੀ ਅਨੁਵਾਦ ਕਰਦਾਂ।

ਨਾ ਗੁਰਬਾਣੀ ਪੜ੍ਹਾਂ ਨਾ ਵੇਦ ਗੀਤਾ,
ਮੈਂ ਤੈਨੂੰ ਸਿਰਫ਼ ਤੈਨੂੰ ਯਾਦ ਕਰਦਾਂ।

ਹਿਯਾਤੀ ਦਰਦ ਬਿਨ ਲੰਘਣੀ ਸੀ ਮੁਸ਼ਕਿਲ,
ਕਰਮ ਤੇਰੇ ਦਾ ਮੈਂ ਧੰਨਵਾਦ ਕਰਦਾਂ।

ਖੰਡਰ ਤੇ ਬਿਰਛ ਸਮਝਣ ਮੈਨੂੰ ਅਪਣਾ,
ਜਦੋਂ ਖ਼ੁਦ ਨਾਲ ਮੈਂ ਸੰਵਾਦ ਕਰਦਾਂ।

ਅਨਾ ਦਾ ਤੋੜਦਾ ਰਹਿੰਦਾ ਹਾਂ ਸ਼ੀਸ਼ਾ,
ਤੁਸੀਂ ਦੱਸੋ ਮੈਂ ਕੀ ਅਪਰਾਧ ਕਰਦਾਂ?

ਜੇ ਲਿਖਦਾ ਨਾਮ ਤੇਰਾ ਪਾਣੀਆਂ 'ਤੇ,
ਹਵਾ ਆਖੇ ਸਮਾਂ ਬਰਬਾਦ ਕਰਦਾਂ।

(12)

ਨਾ ਹੁਣ ਉਹ ਬਾਤ ਹੈ ਕਿ ਵੇਖੀਏ ਚਿਹਰਾ ਗੁਲਾਬਾਂ ਵਿੱਚ।
ਨਾ ਐਸੀ ਉਮਰ ਕਿ ਰਖੀਏ ਗੁਲਾਬਾਂ ਨੂੰ ਕਿਤਾਬਾਂ ਵਿੱਚ।

ਕਿਸੇ ਸ਼ੀਸ਼ੇ ਵੀ ਹੁਣ ਕੋਈ ਪਤਾ ਨਾ ਸ਼ਾਰ ਦੇਣੀ ਹੈ,
ਗਵਾ ਬੈਠੇ ਹਾਂ ਚਿਹਰਾ ਤੇ ਨਜ਼ਰ ਕਿੰਨ੍ਹਾਂ ਕਿਤਾਬਾਂ ਵਿੱਚ।

ਖ਼ੁਦਾ ਜਾਣੇ ਕੀ ਮੇਰਾ ਹਸ਼ਰ ਹੋਵੇ, ਕਹਿਰ ਕੀ ਟੁੱਟੇ,
ਸਲਾਮਾਂ ਕੀਤੀਆਂ ਨੇ ਤਾਰਿਆਂ ਨੇ ਰਾਤ ਖ਼ਾਬਾਂ ਵਿੱਚ।

ਭਿਆਨਕ ਤੋਂ ਭਿਆਨਕ ਹੁਣ ਕੋਈ ਸੈਲਾਬ ਆਏਗਾ,
ਸਮੁੰਦਰ ਨੂੰ ਮੈਂ ਰੋਂਦਾਂ ਵੇਖਿਆ ਹੈ ਰਾਤ ਖ਼ਾਬਾਂ ਵਿੱਚ।

ਇਹ ਕਿਸਨੇ ਨੋਚ ਸੁੱਟੇ ਤਿਤਲੀਆਂ ਦੇ ਪਰ ਬਹਾਰ ਅੰਦਰ,
ਇਹ ਕਿਸਨੇ ਘੋਲ ਕੇ ਪੀਤੈ ਗੁਲਾਬਾਂ ਨੂੰ ਸ਼ਰਾਬਾਂ ਵਿੱਚ?

(13)

ਉਸ ਦਾ ਨੰਗਾ ਬਦਨ, ਸੂਰਜ ਸੀ ਜਾਂ ਕਿ ਚਾਨਣੀ ਸੀ।
ਮੈਂ ਗੁਆ ਬੈਠਾ ਨਜ਼ਰ, ਮੇਰਾ ਬਦਨ ਵੀ ਛਾਨਣੀ ਸੀ।

ਤੂੰ ਤਾਂ ਓਥੇ ਰਹਿ ਗਿਆ ਸੈਂ, ਕੌਣ-ਕੌਣ ਆਇਆ ਸੀ ਹੋਰ?
ਮੈਂ ਕੀ ਪਰਛਾਵੇਂ ਤੋਂ ਲੈਣਾ ਸੀ, ਹਕੀਕਤ ਜਾਨਣੀ ਸੀ।

ਜੇ ਨਾਂ ਮਿਲਦੀ ਪੈੜ ਤੇਰੀ ਜੇ ਨਾ ਲੱਗਦਾ ਕੁਝ ਸੁਰਾਗ਼,

ਖ਼ਾਕ ਖ਼ਬਰੇ ਹੋਰ ਮੈਂ ਕਿੰਨੀ ਕੁ ਹਾਲੇ ਛਾਨਣੀ ਸੀ।
ਉਮਰ ਦੀ ਸੀ ਪੈੜ ਚਿਹਰੇ ਤੇ, ਸਫ਼ਰ ਦੀ ਗਰਦ ਵੀ,
ਇਸ ਲਈ ਸ਼ੀਸ਼ੇ ਨੇ ਕੀ ਸੂਰਤ ਮਿਰੀ ਪਹਿਚਾਨਣੀ ਸੀ।
ਝਾਂਜਰਾਂ ਦੇ ਸੁਰ 'ਚ ਸੀ ਕਿੰਨੀ ਉਦਾਸੀ ਤੇ ਪਿਆਸ,
ਨਾ ਕਿਸੇ ਮਹਿਫ਼ਿਲ ਨੇ ਜਾਣੀ ਨਾ ਕਿਸੇ ਨੇ ਜਾਨਣੀ ਸੀ।
ਵੇਖ ਕੇ ਉਤਰਾ ਚੜ੍ਹਾ ਤਸਵੀਰ ਵਿੱਚ ਤੇਰੇ ਬਦਨ ਦੇ,
ਮੈਂ ਤਾਂ ਮੈਂ ਸਭ ਸ਼ੀਸ਼ਿਆਂ ਦੀ ਜਾਨ ਉੱਤੇ ਵੀ ਬਣੀ ਸੀ।
ਹੁਣ ਕਿਉਂ ਤੇਰੇ ਖ਼ਤਾਂ ਵਿੱਚ ਫੈਲਦਾ ਜਾਏ ਗ਼ੁਬਾਰ,
ਇੱਕ ਜ਼ਮਾਨਾ ਸੀ ਕਿ ਇਕ-ਇਕ ਹਰਫ਼ ਅੰਦਰ ਚਾਨਣੀ ਸੀ।

(14)

ਉਹ ਕਹਿ ਕੇ ਤੁਰ ਗਿਆ ਹੈ ਮੇਰੀ ਉਡੀਕ ਕਰਨਾਂ,
ਐਪਰ ਉਡੀਕ ਕਰਨੀ, ਹੈ ਜਾਨ ਤੋਂ ਗੁਜ਼ਰਨਾ।
ਮਿਲਣੀ ਤੇ ਹਿਜਰ ਦੋਵੇਂ, ਮੇਰੇ ਲਈ ਹੈ ਏਦਾਂ,
ਆਪਣੇ ਲਹੂ 'ਚ ਡੁੱਬਣਾ, ਅਪਣੇ ਲਹੂ 'ਚ ਤਰਨਾਂ।
ਇੱਕ ਹੋਰ ਹਾਦਸਾ ਨਾ, ਚਿਹਰੇ ਤੇ ਬੈਠ ਜਾਵੇ,
ਸ਼ੀਸ਼ੇ ਦੇ ਰੂਬਰੂ ਨਾ ਮੈਨੂੰ ਕਦੇ ਵੀ ਕਰਨਾ।
ਸੌਖੀ ਹੈ ਸਾਗਰਾਂ 'ਚੋਂ ਲੱਭਣੀ ਨਦੀ ਗਵਾਚੀ,
ਐਪਰ ਬੜਾ ਕਠਨ ਹੈ ਤੈਨੂੰ ਪਿਆਰ ਕਰਨਾ।
ਗ਼ਜ਼ਲਾਂ ਦੇ ਸ਼ਿਅਰ ਕਹਿਣਾ, ਕੁਝ ਇਸ ਤਰ੍ਹਾਂ ਹੈ ਜੀਕੂੰ
ਪਾਣੀ 'ਚ ਮੇਖ ਗਡਣੀ, ਪੌਣਾਂ 'ਚ ਰੰਗ ਭਰਨਾ।

(15)

ਇੱਕ ਖ਼ਤ ਉਸਨੂੰ ਤਿਤਲੀ ਦੇ ਪਰ ਉੱਪਰ ਲਿਖਣਾ,
ਖ਼ੁਸ਼ਬੂ ਨਾਲ ਹੈ ਜਿਸਦਾ ਅੱਖਰ-ਅੱਖਰ ਲਿਖਣਾ।
ਉਸਨੂੰ ਜੋ ਲਿਖਣਾ ਏਥੋਂ ਦਾ ਬਿਹਤਰ ਲਿਖਣਾ,
ਖ਼ੂਨ 'ਚ ਭਿੱਜਾ ਉਸਨੂੰ ਨਾ ਕੋਈ ਮੰਜ਼ਰ ਲਿਖਣਾ।
ਖ਼ਤ ਜਿੰਨ੍ਹਾਂ ਵੀ ਛੋਟਾ ਹੋਵੇ ਬਿਹਤਰ ਲਿਖਣਾ।
ਇੱਕ ਅੱਖਰ ਵੀ ਮਤਲਬ ਤੋਂ ਨਾ ਵਾਫ਼ਰ ਲਿਖਣਾ।
ਤੇਰਾ ਫ਼ਰਜ਼ ਹੈ ਉਸਨੂੰ ਖ਼ਤ ਲਿਖਦੇ ਹੀ ਰਹਿਣਾ,
ਉਸਦੀ ਮਰਜ਼ੀ ਲਿਖਣਾ ਜਾਂ ਨਾ ਉੱਤਰ ਲਿਖਣਾ।
ਉਹ ਤਾਂ ਅਜਕਲ੍ਹ ਆਪ ਸ਼ਿਕਾਰ ਹੈ ਹਾਦਸਿਆਂ ਦਾ,
ਮੇਰੇ ਬਾਰੇ ਉਸਨੂੰ ਨਾ ਕੁਝ ਬਦਤਰ ਲਿਖਣਾ।
ਤੇਰਾ ਖ਼ਤ ਘਰ ਆ ਜਾਵੇ ਤਾਂ ਕਿਆਮਤ ਆਉਂਦੀ,
ਅੱਗੋਂ ਜਿਹੜਾ ਵੀ ਖ਼ਤ ਲਿਖਣਾ ਦਫ਼ਤਰ ਲਿਖਣਾ।
ਗੁੱਸਾ, ਗਿਲਾ, ਸ਼ਿਕਾਇਤ, ਕੌੜਾ, ਫਿੱਕਾ, ਖਰ੍ਹਵਾ,
ਜੋ ਲਿਖਣਾ ਉਸਨੂੰ ਤਹਿਜ਼ੀਬ ਦੇ ਅੰਦਰ ਲਿਖਣਾ।

(ਕਹਿਕਸ਼ਾ, ਕੈਂਟ ਰੋਡ, ਮਿੱਠਾ ਪੁਰ (ਜਲੰਧਰ)



## ਨਜ਼ਮ

### ਅਜਾਇਬ ਕਮਲ/ਅਫਰੀਕਨ ਲੇਖਕਾਂ ਦੇ ਨਾਂ

(1)

ਚਿਨੂੰਆਂ ਅਚੇਬੇ ਨੇ
ਬਸਤੀਵਾਦੀ ਅਫਰੀਕਾ
ਸਮਾਜ ਤੇ ਸੱਭਿਆਚਾਰ ਬਾਰੇ ਨਾਵਲ ਲਿਖਿਆ
ਤੇ ਉਸ ਦੇ ਨਾਇਕ
ਅਕੋਂਕੋ ਦੇ ਖਿਲਰੇ ਜ਼ਿਹਨ ਵਾਂਗ
ਉਸਨੂੰ ਆਪਣਾ ਜੱਦੀ ਘਰ ਵੀ
ਪਾਟਾ ਤਿੜਕਿਆ
ਠੀਕਰਾ ਠੀਕਰਾ ਹੋਇਆ ਦਿੱਸਿਆ
ਕਾਲਾ ਦੇਸ਼
ਗੋਰੀ ਨੀਤੀ ਹੱਥੋਂ ਨਘਾਰਿਆ ਦਿਸਿਆ
ਪਾਦਰੀਆਂ ਵੱਲੋਂ ਚਲਾਏ
ਨਵੇਂ ਧਰਮ ਦਾ ਮਾਰਿਆ ਦਿੱਸਿਆ

(2)

ਅਕੋਟ ਨੂੰ
ਪੁਰਾਣੇ ਸੱਭਿਆਚਾਰ ਨਾਲ ਮੋਹ ਜਾਗਿਆ
ਪਰੰਪਰਾ ਦਾ ਉਹਲਾ ਲੈ
ਅਨਪੜ੍ਹ ਕੁੜੀ
"ਲਵੀਨੋ" ਦਾ ਪੱਖ ਪੂਰਨ ਲਈ
ਭਲਵਾਨਾਂ ਵਾਂਗ ਸਰੀਰ ਨੂੰ ਤੇਲ ਲਾ
ਮੋਟੇ-ਮੋਟੇ ਪਟ ਲਿਸ਼ਕਾ
ਥਾਪੀਆਂ ਮਾਰਦਾਂ
ਉਹ ਕਾਲੇ ਮੰਚ ਤੇ ਆ ਗਿਆ
ਕਵਿਤਾ ਰਾਹੀਂ ਉਸਨੇ
ਖੋਲੀਆਂ 'ਚ ਊਂਘਦੀਆਂ
ਮੱਖੀਆਂ, ਮੱਛਰ ਮਾਰਦੀਆਂ
ਕਾਲੀਆਂ ਵੇਸਵਾਵਾਂ ਨੂੰ ਝੰਜੋੜ ਕੇ ਜਗਾਇਆ
ਥਾਪੀ ਦੇ ਉਠਾਲ ਕੇ ਬਿਠਾਇਆ
ਪਿਆਰ ਪੁਚਕਾਰ
ਉਨ੍ਹਾਂ ਨੂੰ ਹਿਕ ਨਾਲ ਲਾ
ਨ੍ਹਾ ਧੁਆ ਸਵੱਛ ਔਰਤਾਂ ਬਣਾ
ਸੋਫਿਆਂ ਤੇ ਬਿਠਾਇਆ
ਮੰਡੇਲਾ ਵਰਗੇ
ਬਸਤੀਵਾਦੀ ਜੇਲ੍ਹਾਂ 'ਚ ਸੜਦੇ

ਬੰਦੀਵਾਨਾ ਦੀ ਭਿਆਨਕ ਹੋਣੀ ਤੋਂ ਪਰਦਾ ਉਠਾਇਆ
ਮਨੁੱਖੀ ਸੁਤੰਤਰਤਾ ਦਾ ਅਮਰ ਗੀਤ ਗਾਇਆ
ਤੇ ਫੇਰ ਸ੍ਵਾਂਗ ਬਣਾ ਮਜਮੇ ਲਗਾਉਣ ਲਗ ਗਿਆ
ਭੇਸ ਬਦਲਨ ਵਾਂਗ ਰੌਂ ਬਦਲ
ਉਹ ਪਸ਼ੂਆਂ ਦੇ ਸਿੰਙਾਂ ਤੇ ਚੜ੍ਹਕੇ
ਪਰੀ-ਕਥਾਵਾਂ ਸੁਣਾਉਣ ਲਗ ਗਿਆ

(3)

ਗੂਗੀ ਦਾ ਥਿਆਂਗੋ ਵਾਂਗ
ਇਮਬੂਗੇ ਨੂੰ ਵੀ
ਸੁਤੰਤਰਤਾ ਪਿਛੋਂ ਕਾਲਾ ਮੰਚ
ਬਸਤੀਵਾਦੀ ਸੰਗਲਾਂ 'ਚ
ਨੂੜਿਆ ਦਿੱਸਿਆ
ਦੇਸ਼ ਦਾ ਨਿਆਂ ਵਿਧਾਨ
ਤਾਨਾਸ਼ਾਹ ਹਾਕਮਾਂ ਦੀ ਕਿੱਲੀ ਤੇ
ਪਾਟੇ ਜਾਂਘੀਏ ਵਾਂਗ ਟੰਗਿਆ ਦਿੱਸਿਆ
ਉਹ ਸ਼ਹਿਰ 'ਚ ਹੁੰਦੇ
ਸਿਆਸੀ ਕਤਲ ਦੇਖਦਾ ਰਿਹਾ
ਆਪਣੇ ਮੰਚਤ ਨਾਟਕਾਂ 'ਚ
ਆਤਮ ਹੱਤਿਆ ਦੇ ਭਿਆਨਕ ਦ੍ਰਿਸ਼ ਦਿਖਾ
ਦਿਮਾਗਾਂ 'ਚ ਆਰਾਂ ਖੋਭਦਾ
ਦਰਸ਼ਕਾਂ ਦੀ ਹਿੱਕ ਛੇਕਦਾ ਰਿਹਾ
ਕਾਲੇ ਮਨੁੱਖ ਤੇ
ਕਾਲੇ ਮਨੁੱਖਾਂ ਹੱਥੋਂ ਜ਼ਬਰ ਦੇਖ
ਉਸਨੂੰ ਜਲੂਨ ਲੱਗੀ, ਪਸੀਨਾ ਜਿਹਾ ਆ ਗਿਆ
ਉਸਨੇ ਕਾਫੀਰਾਂ ਨਾਂ ਦੇ ਨਗਰ 'ਚ
ਹੋ ਰਹੇ ਧ੍ਰੋ ਵਿਰੁੱਧ ਨਾਅਰਾ ਲਾਇਆ
ਹੈਂਕੜੀ ਪਿਓ ਵਿਰੁੱਧ
ਸੱਚ ਪੱਖੀ ਪੁੱਤਰ ਨੂੰ
ਵਿਦਰੋਹ ਲਈ ਉਕਸਾਇਆ
ਚੇਤਨਾ ਦੀਆਂ ਨਵ-ਚਿਣਗਾਂ ਨਾਲ
ਹਿੰਮ ਵਾਂਗ ਜੰਮੇ ਪਏ
ਅਫਰੀਕਨ ਰੰਗ ਮੰਚ ਨੂੰ
ਆਪਣੇ ਪਾਤਰਾਂ ਦੀਆਂ ਰਗਾਂ 'ਚ ਦੌੜਦੇ ਲਹੂ 'ਚ
ਅੱਗ ਬਾਲ ਕੇ ਗਰਮਾਇਆ
"ਐਮੀਨਾਟਾਂ" ਨਾਂ ਦੀ ਸੰਗ੍ਰਾਮੀ ਔਰਤ ਹੱਥ
ਪੱਛਮੀ ਪ੍ਰਾਧੀਨਤਾ ਵਿਰੁੱਧ
ਵਿਦਰੋਹ ਦਾ ਝੰਡਾ ਪਕੜਾਇਆ



ਉਸਨੂੰ ਅਫਰੀਕੀ ਸੁਤੰਤਰਤਾ ਦਾ ਚਿੰਨ੍ਹ ਆਖ
ਵਿਦਰੋਹ ਦਾ ਮੋਹਰੀ ਬਣਾਇਆ

(4)

ਸਭ ਦਨੀਆਂ ਨੂੰ ਪਤਾ
ਪੱਛਮੀ ਕੁਟਲ ਨੀਤੀਆਂ ਕਾਰਨ
ਅਫਰੀਕਾ ਦੇ ਕਈ ਦੇਸ਼ਾਂ 'ਚ
ਘਰੇਲੂ ਯੁੱਧ ਚਾਲੂ ਹੈ
ਲੱਖਾਂ ਬੇਘਰੇ ਲੋਕ
ਪਰਵਾਸੀ ਸੰਤਾਪ ਭੋਗਦੇ
ਭੁੱਖ ਤੇ ਰੋਗਾਂ ਨਾਲ ਮਰੀ ਜਾਂਦੇ
ਕਾਲੇ ਲੋਕ ਚੂਹਿਆਂ ਵਾਂਗ ਖੁੱਡਾਂ 'ਚ ਜੰਮਦੇ
ਪਿੰਜਰਿਆਂ 'ਚ ਨੂੜੇ ਨੱਪੇ
ਜ਼ਿਹਨੀ ਤੋਲ ਗੁਆਂਦੇ
ਪਾਂਗਲ ਹੋ ਜਾਂਦੇ ਨੇ।
ਖਾਣਾ 'ਚ ਸੜੀ ਜਾਂਦੇ
ਆਪਣੇ ਅੰਦਰ ਘੁੱਟੇ ਵੱਟੇ
ਲਹੂ ਮਾਸ ਦੀਆਂ ਗੰਢਾਂ ਬਣੇ
ਅਜ਼ਰਾਈਲ ਦੀ ਭੇਟਾ ਚੜ੍ਹੀ ਜਾਂਦੇ ਨੇ
ਉਥੇ ਲੋਕ ਜੰਮਦੇ ਤਾਂ ਹੈਨ
ਪਰ ਅਸਲ 'ਚ ਜੰਮਦੇ ਨਹੀਂ
ਵਿਚਾਰੇ ਜੰਮਣੋਂ ਪਹਿਲਾਂ ਹੀ
ਰੱਬ ਨੂੰ ਪਿਆਰੇ ਹੋ ਜਾਂਦੇ
ਵਸਣੋਂ ਪਹਿਲਾਂ ਹੀ
ਅਭਾਗੇ ਵਿਹੜੇ ਖਾਲੀ ਹੋ ਜਾਂਦੇ
ਅਜਿਹੇ ਦ੍ਰਿਸ਼ ਦੇਖ
ਹਸਾਸ ਮਨੁੱਖ ਸੋਚਣ ਲੱਗ ਪੈਂਦਾ
ਅਜੋਕੇ ਮਨੁੱਖ ਲਈ
ਨਸਲ, ਧਰਮ, ਜਾਤ
ਕਿਵੇਂ ਸਰਾਪ ਬਣ ਕੇ ਰਹਿ ਗਏ
ਸੁਤੰਤਰ ਸੁਪਨੇ
ਕਿਵੇਂ ਬੇਵੱਕਤੀ ਮੌਤ ਵਰਗਾ
ਵਿਆਪ ਬਣ ਕੇ ਰਹਿ ਗਏ
ਚੁਪਾਸੇ
ਮਰਦਾ ਨਿਘਰਦਾ ਕਾਲਾ ਮਨੁੱਖ ਦੇਖ
ਪੀਟਰ ਅਬਰਾਹਮ
ਦੱਖਣੀ ਅਫਰੀਕਾ 'ਚ
ਸੁਤੰਤਰਤਾ ਨੂੰ ਛੇਤੀ ਆਉਣ ਲਈ
ਹਰ ਰੋਜ਼

ਹਵਾ ਹੱਥ ਸੁਨੇਹੇ ਭਿਜਵਾਂਦਾ ਰਿਹਾ
'ਅਲੈਕਸ ਗੂਮਾਂ' ਬੰਦੀ ਖਾਨਿਆਂ 'ਚ
ਮੰਡੇਲੇ ਵਰਗੇ ਸੰਗ੍ਰਾਮੀਆਂ ਦੀ
ਵਿਕਰਾਲ ਹੋਣੀ ਤੋਂ
ਨਿਸੰਗ ਪਰਦਾ ਉਠਾਂਦਾ ਰਿਹਾ
ਲਹੂ ਲੁਹਾਣ ਲੋਥਾਂ ਤੇ
ਨੰਗੀ ਝਾਤ ਪੁਆਂਦਾ ਰਿਹਾ
ਇਸੇ ਲਈ
ਕਵੀ ਮਲੋਇਸ ਦੀ ਸੋਚਣੀ ਵਾਲਾ ਹਰ ਵਿਦਰੋਹੀ
ਅਮਾਨਵੀ ਪ੍ਰਬੰਧ ਨੂੰ ਲਲਕਾਰਦਾ
ਆਜ਼ਾਦੀ ਦੇ ਗੀਤ ਗਾਂਦਾ ਰਿਹਾ
ਨਿਧੜਕ ਹੋ ਫਾਂਸੀ ਦੇ ਰੱਸੇ ਤੇ ਲਹਿਰਾ ਜਾਂਦਾ ਰਿਹਾ
ਮੌਤ ਨੂੰ ਹਿੱਕ ਨਾਲ ਲਾ
ਗੀਤਾਂ ਮੂੰਹ ਅਮਰ ਬੋਲ ਪਾਂਦਾ ਰਿਹਾ

**ਪੋਸਟ ਸਕ੍ਰਿਪਟ**

ਸੋਚ ਸੋਚ ਏਹੀ ਸੋਚੀਦਾ
ਅਸੀਂ ਇਤਿਹਾਸ ਦੇ
ਕਜੇਹੇ ਕੁਢੱਬੇ ਪੜਾ ਤੇ ਪੁਜ ਚੁੱਕੇ ਹਾਂ
ਜਿਥੇ ਹਾਲੇ ਮਨੁੱਖੀ ਲਹੂ 'ਚੋਂ ਜ਼ਹਿਰ ਉਡ ਕੇ
ਮਨੁੱਖੀ ਸਾਹਾਂ 'ਚ ਰਲੀ ਜਾਂਦੀ
ਜਿੱਥੇ ਹਾਲੇ ਵੀ
ਤੇਜ਼-ਤੇਜ਼ ਘੁੰਮਦੇ ਤਾਨਾਸ਼ਾਹੀ ਪੁੜਾਂ 'ਚ
ਬੇਬਸ ਬੇਆਵਾਜ਼ ਮਨੁੱਖੀ ਹੋਣੀ
ਕਣਕ ਦੇ ਦਾਣਿਆਂ ਵਾਂਗ ਦਲੀ ਜਾਂਦੀ
ਸੋਚੀਦਾ
ਭੂ ਗੋਲੇ ਤੇ ਹੋਰ ਕਿੰਨਾ ਚਿਰ ਮਨੁੱਖ
ਇਸ ਤਰ੍ਹਾਂ ਦੁਰਕਾਰਿਆ ਜਾਂਦਾ ਰਹੇਗਾ
ਕਿੰਨੀ ਕੁ ਦੇਰ ਹੋਰ
ਮਨੁੱਖ ਵਿਚਲੇ ਮਸੀਹੇ ਨੂੰ ਸਲੀਬੇ ਲਟਕਾ
ਕਿੱਲ ਠੋਕ, ਤਸੀਹੇ ਦੇ
ਬੇਰਹਿਮੀ ਨਾਲ ਮਾਰਿਆ ਜਾਂਦਾ ਰਹੇਗਾ।
ਸ਼ੀਸ਼ੇ ਸਾਹਵੇਂ ਖਲੋ
ਜਾਬਰ ਮਨੁੱਖ ਆਪਣੇ ਮੂੰਹ ਤੇ ਪਏ
ਲਹੂ ਦੇ ਧੱਬੇ ਕਦੋਂ ਧੋਵੇਗਾ?
ਗਲ 'ਚ ਪਏ ਗੁਲਾਮੀ ਦੇ ਸੰਗਲ ਤੋੜ
ਮਨੁੱਖ ਅਸਲ ਅਰਥਾਂ 'ਚ
ਸੁਤੰਤਰ ਕਦੋ ਬਣੇਗਾ?

**V.—ਡਾਡੀਆਂ, P.O. ਬੱਦੋਂ (ਹੁਸ਼ਿਆਰਪੁਰ)**



**ਕਵਿਤਾ ਵਿੱਚ ਕੁਝ ਲੇਖਕਾਂ ਦੇ ਨਾਂ ਵਰਤੇ ਗਏ ਹਨ ਜਿਨ੍ਹਾਂ ਦੀ ਵਾਕਫੀਅਤ ਇਸ ਤਰ੍ਹਾਂ ਹੈ।**

(1) **ਚਿਨੂੰਆਂ ਅਚੇਬੇ** — ਨਾਈਜੇਰੀਆ ਦਾ ਨਾਵਲਿਸਟ ਜਿਸਦਾ ਪਹਿਲਾ ਨਾਵਲ 'ਥਿੰਗਜ ਫਾਲ ਅਪਾਰਟ' ਦੁਨੀਆਂ ਦੀਆਂ ਅਨੇਕ ਭਾਸ਼ਾਵਾਂ 'ਚ ਉਲੱਥਾ ਹੋ ਚੁੱਕਾ ਹੈ।

(2) **ਅਕੋਟ ਪੀ. ਬੀਟੇਕ** — ਕਵੀ ਤੇ ਲੋਕ ਗਾਥਾ ਲੇਖਕ ਜਿਸ ਦੁਆਰਾ ਰਚਿਤ ਲੰਮੀ ਕਵਿਤਾ "ਸੌਂਗ ਆਫ ਲਵੀਨੋ" ਕਈ ਭਾਸ਼ਾਵਾਂ ਵਿੱਚ ਰੂਪਾਂਤਰਤ ਹੋ ਚੁੱਕੀ ਹੈ। ਜਿਸ ਵਿੱਚ ਪੇਂਡੂ ਕੁੜੀ ਲਵੀਨੋ (ਨਾਇਕਾ) ਰਾਹੀਂ ਅਫਰੀਕਨ ਸੱਭਿਆਚਾਰ ਦਾ ਪੱਖ ਪੂਰਿਆ ਤੇ ਪੱਛਮੀ ਸੱਭਿਆਚਾਰ ਨੂੰ ਨਿੰਦਿਆ ਹੈ।

(3) **ਗੂਗੀ ਵਾਥਿਆਂਗੋ** — ਕੀਨੀਆਂ ਦਾ ਪ੍ਰਸਿੱਧ ਨਾਵਲਿਸਟ ਤੇ ਨਾਟਕ ਕਾਰ ਜਿਸ ਨੇ ਅਫ਼ਰੀਕਾ ਵਿੱਚ ਸੱਭਿਆਚਾਰਕ ਸੁਤੰਤਰਤਾ ਲਈ ਜਹਾਦ ਖੜਾ ਕੀਤਾ।

(4) **ਪੀਟਰ ਅਬਰਾਹਮ ਤੇ ਅਲੈਕਸ ਲਾ ਗੂਮਾ** — ਦੱਖਣੀ ਅਫ਼ਰੀਕਾ ਦਾ ਪ੍ਰਸਿੱਧ ਨਾਵਲਿਸਟ, ਦੱਖਣੀ ਅਫ਼ਰੀਕਾ ਦੀ ਜਾਤੀਵਾਦੀ ਸਰਕਾਰ ਨੇ ਜਿਨ੍ਹਾਂ ਨੂੰ ਕਈ ਵਰ੍ਹੇ ਪਰਵਾਸ ਭੋਗਣ ਲਈ ਮਜਬੂਰ ਕੀਤਾ।

(5) **ਮਲੋਇਸ** — ਦੱਖਣੀ ਅਫ਼ਰੀਕਾ ਦਾ ਕਵੀ ਤੇ ਸੁਤੰਤਰਤਾ ਸੰਗ੍ਰਾਮੀਆਂ ਜਿਸ ਨੂੰ ਜਾਤੀਵਾਦੀ ਸਰਕਾਰ ਵੱਲੋਂ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

---

**ਨਜ਼ਮ/ਹਕੀਮ ਅਰਸ਼ਦ ਸ਼ਹਿਜ਼ਾਦ**

ਜਿਹਨਾਂ ਕੋਲ ਹੋਣਗੀਆਂ ਦੋਸਤੋ ਸਦਾਰਤਾਂ।
ਆਪਣੇ ਅਜ਼ੀਜ਼ਾਂ ਨੂੰ ਈ ਦੇਣਗੇ ਵਜ਼ਾਰਤਾਂ।

ਭੁੱਲ ਗਿਓਂ ਆਪਣੀ ਔਕਾਤ ਨੂੰ ਤੂੰ ਭੈੜਿਆ,
ਬੱਲੇ ਬੱਲੇ ਬੱਲੇ ਬੱਲੇ ਤੇਰੀਆਂ ਅਮਾਰਤਾਂ।

ਲੱਗ ਜਾਵੇ ਪਤਾ ਤੈਨੂੰ ਲੋਕਾਂ ਦੇ ਖਿਆਲ ਦਾ,
ਕੰਧਾਂ ਉੱਤੇ ਲਿਖੀਆਂ ਤੂੰ ਪੜ੍ਹ ਲੈ ਇਬਾਰਤਾਂ।

ਸਾਡੇ ਵਿੱਚ ਰਹਿ ਸਾਨੂੰ ਆਪਣੇ 'ਚ ਰੱਖ ਲੈ,
ਸਾਡੇ ਨਾਲ ਕਰ ਲੈ ਤੂੰ ਦੋਸਤਾ ਸਫ਼ਾਰਤਾਂ।

ਜ਼ਿੰਦਗੀ ਦਾ ਮਜ਼ਾ ਕੀ ਏ ਉਦੋਂ ਪਤਾ ਲੱਗਿਆ,
ਜਦੋਂ ਸਾਨੂੰ ਯਾਰ ਦੀਆਂ ਮਿਲੀਆਂ ਹਰਾਰਤਾਂ।

ਜਿਵੇਂ ਉਹਨੇ ਆਖਿਆ ਸੀ, ਉਵੇਂ ਪਿਆ ਹੁੰਦਾ ਏ,
ਵੇਖ ਲੈ ਤੂੰ ਉਹਦੀਆਂ ਸੀ ਸੱਚੀਆਂ ਬਸ਼ਾਰਤਾਂ।

ਸ਼ਹਿਰ ਵਿੱਚ ਖੌਰੇ 'ਅਰਸ਼ਦ' ਦਿਓ ਵੜ ਗਿਆ ਏ
ਬੋਲਦੇ ਨੇ ਉੱਲੂ, ਪਈਆਂ ਰੋਂਦੀਆਂ ਇਮਾਰਤਾਂ।

(ਪੰਚਮ, ਲਾਹੌਰ)

## ਤਿੰਨ ਗ਼ਜ਼ਲਾਂ ਤੇ ਇੱਕ ਗੀਤ

**ਹਰਭਜਨ ਹਲਵਾਰਵੀ**

(1)

ਨਹੀਂ ਉਹ ਦਿਲਬਰਾਂ ਵਰਗੇ ਤੇ ਨਾ ਸ਼ੁਭਚਿੰਤਕਾਂ ਵਰਗੇ
ਫਿਰ ਵੀ ਰਹੇ ਕਹਿੰਦੇ ਅਸੀਂ ਤੇਰੇ ਦੋਸਤਾਂ ਵਰਗੇ

ਕਾਇਮ ਰੱਖਿਆ ਸਵੈਮਾਣ ਕਿੰਨੀਆਂ ਮੁਸ਼ਕਲਾਂ ਸਹਿ ਕੇ
ਤਾਂ ਹੀ ਕੋਸਦੇ ਰਹਿੰਦੇ ਨੇ ਬੰਦੇ ਚਮਚਿਆਂ ਵਰਗੇ

ਅਸੀਂ ਅਕਸਰ ਹੀ ਹਾਰੇ ਹਾਂ ਤੂੰ ਹਰ ਵਾਰ ਹੀ ਜਿੱਤੇਂ
ਗਿਲੇ ਸ਼ਿਕਵੇ ਤੇਰੇ ਹੁੰਦੇ ਕਿਉਂ ਹਰ ਦਮ ਹਾਰਿਆਂ ਵਰਗੇ

ਮਿਲੇ ਨੇ ਝੂਠ ਕਿੰਨੀ ਵਾਰ ਸੱਚ ਦੇ ਪੂਰਨਿਆਂ ਪਿੱਛੇ
ਮਿਲੇ ਵਿਸ਼ਵਾਸ ਵੀ ਕਿੰਨੇ ਵਿਉਂਤੇ ਧੋਖਿਆਂ ਵਰਗੇ

ਇਹ ਵੀ ਕੀ ਬੁਰਾ ਕਿ ਮਨ ਦੇ ਮੌਸਮ ਬਦਲਦੇ ਰਹਿੰਦੇ
ਕਦੇ ਇਹ ਹੌਕਿਆਂ ਵਰਗੇ, ਕਦੇ ਇਹ ਹਾਸਿਆਂ ਵਰਗੇ

ਇਨ੍ਹਾਂ ਨੂੰ ਕਹਿਣ ਦੱਸਣ ਦਾ ਮੇਰਾ ਅੰਦਾਜ਼ ਹੈ ਵੱਖਰਾ
ਹੋਣਗੇ ਦੁੱਖ ਹੋਰਾਂ ਦੇ ਵੀ ਮੇਰੀ ਦਾਸਤਾਂ ਵਰਗੇ

ਅਜੇ ਵੀ ਦੇਰ ਨਾ ਹੋਈ ਜੇ ਮੋਹ ਦੇ ਬੋਲ ਲਿਖ ਦੇਵੇਂ
ਉਮਰ ਦੇ ਕਈ ਵਰ੍ਹੇ ਬਾਕੀ ਨੇ ਕੋਰੇ ਕਾਗਜ਼ਾਂ ਵਰਗੇ

(2)

ਬਿਨ ਹੁੰਗਾਰੇ ਬਾਤ ਦਾ ਸੰਤਾਪ ਇਉਂ ਝਲਦਾ ਰਹਾਂ
ਬਿਨ ਜਵਾਬਾਂ ਦੇ ਸੁਨੇਹੇ ਪੌਣ ਹੱਥ ਘਲਦਾ ਰਹਾਂ

ਉਸ ਗੁਆਚੇ ਹਮਸਫ਼ਰ ਦਾ ਸ਼ਾਇਦ ਮਿਲ ਜਾਏ ਪਤਾ
ਸੋਚ ਕੇ ਮੈਂ ਹੋਰ ਅਗਲੇ ਮੋੜ ਤੱਕ ਚਲਦਾ ਰਹਾਂ

ਸੰਘਣਾ ਧੂੰਆਂ ਕਦੇ ਨਿਕਲੇ ਕਦੇ ਚਾਨਣ ਤੇ ਸੇਕ
ਇਸ ਤਰ੍ਹਾਂ ਧੁਖਦਾ ਰਹਾਂ ਤੇ ਇਸ ਤਰ੍ਹਾਂ ਬਲਦਾ ਰਹਾਂ

ਚੋਰੀ ਚੋਰੀ ਦੋਸਤੀ ਦਾ ਹਰਫ ਜਿਸ ਨੇ ਮੇਟਿਆ
ਉਹ ਵੀ ਕੁਝ ਪਾਸਾ ਬਚਾਏ ਮੈਂ ਵੀ ਹੁਣ ਟਲਦਾ ਰਹਾਂ

ਜ਼ਿੰਦਗੀ ਦੀਆਂ ਠੋਕਰਾਂ ਸਾਹਵੇਂ ਰਹਾਂ ਫੌਲਾਦ ਜਿਉਂ
ਜਦ ਕਦੇ ਵੀ ਪਿਘਲ ਜਾਵਾਂ ਗੀਤ ਵਿੱਚ ਢਲਦਾ ਰਹਾਂ

(3)

ਰੋਹੀ ਬੀਆਬਾਨ ਹੋਵੇ ਭਾਵੇਂ ਨ੍ਹੇਰਾ ਸੰਘਣਾ
ਉਥੇ ਉਥੇ ਰਾਹ ਹੋਣਾ ਜਿਥੋਂ ਅਸੀਂ ਲੰਘਣਾ

ਮਿਲੀ ਜਦੋਂ ਕੂਲ੍ਹ ਮਿੱਠੀ ਡੀਕ ਲਊ ਪਿਆਸ ਤਿੱਖੀ
ਛੱਪੜਾਂ ਬਿਗਾਨਿਆਂ ਤੋਂ ਘੁੱਟ ਵੀ ਨਾ ਮੰਗਣਾ

ਚੜ੍ਹਿਆ ਜ਼ਹਿਰ ਨਹੀਂ ਝੁੱਲਿਆ ਕਹਿਰ ਨਹੀਂ



ਦੰਭ ਦੇ ਸਪੋਲੀਆਂ ਨੇ ਕਿੰਨਾ ਹੋਰ ਡੰਗਣਾ

ਕੀਤੇ ਦਾ ਹਿਸਾਬ ਨਹੀਂ ਸੁਝਦਾ ਜਵਾਬ ਨਹੀਂ
ਫਿੱਕਾ ਫਿੱਕਾ ਹਾਸਾ ਤੇਰਾ ਝੂਠ ਮੂਠ ਖੰਘਣਾ

ਚੇਤਨਾ ਹੈ ਵੰਝਲੀ ਤੇ ਸੋਚ ਸਤਰੰਗਲੀ
ਕੋਲ ਸਾਡੇ ਆਏ ਉਹੀ ਜਿਹਨੇ ਮਨ ਰੰਗਣਾ

### ਗੀਤ

ਮੇਰੇ ਵਾਂਗ ਭਰੀ ਪੀਤੀ ਮੇਰੇ ਜਿਹੀ ਇਕੱਲੀ ਏ
ਜਿਥੇ ਕੋਈ ਪਛਾਣ ਲਵੇ ਚੱਲ ਉਥੇ ਚੱਲੀਏ

ਸੰਘਣੇ ਜਿਹੇ ਰੁੱਖਾਂ ਕੋਲ ਬਹਿ ਕੇ ਦੁੱਖ ਫੋਲੀਏ
ਬੀਤ ਗਏ ਦੀ ਰਾਖ ਵਿਚੋਂ ਰਤਾ ਅੱਗ ਟੋਲੀਏ
ਚੇਤੇ ਦੀਆਂ ਅਣਗਿਣ' ਤੈਹਾਂ ਨੂੰ ਉਥੱਲੀਏ

ਦਿੱਤਾ ਨਾ ਹੁੰਗਾਰਾ ਕਿਸੇ ਪਾਉਂਦੇ ਰਹੇ ਬਾਤ ਨੀ
ਏਨਾ ਲੰਮਾ ਹੋਇਆ ਕਿਉਂ ਵਿਗੋਚਿਆਂ ਦਾ ਸਾਥ ਨੀ
ਸਾਡੇ ਉੱਤੇ ਨਹੀਂ ਕੋਈ ਨਜ਼ਰ ਸਵੱਲੀ ਏ

ਅੱਖਾਂ ਵਿੱਚ ਤਾਂਘ ਹੋਵੇ ਬੋਲਾਂ ਵਿੱਚ ਮੋਹ ਨੀ
ਪੋਲੀ ਜਿਹੀ ਆਵੇ ਕੋਈ ਲਵੇ ਸਾਨੂੰ ਛੋਹ ਨੀ
ਓਸਨੂੰ ਸੁਨੇਹਾ ਸੱਦਾ ਅੱਜ ਫੇਰ ਘੱਲੀਏ

ਮੇਰੇ ਵਾਂਗ ਭਰੀ ਪੀਤੀ ਮੇਰੇ ਜਿਹੀ ਇਕੱਲੀਏ
ਜਿਥੇ ਕੋਈ ਪਛਾਣ ਲਵੇ ਚੱਲ ਉਥੇ ਚੱਲੀਏ

**ਮੁੱਖ ਸੰਪਾਦਕ, ਅੱਜ ਦੀ ਆਵਾਜ਼, ਜਲੰਧਰ**

**ਨਜ਼ਮ/ਰਾਸ਼ਦ ਹਸਨ ਰਾਣਾ**

ਕਹਿਰ ਦੀ ਬਾਰਿਸ਼
'ਨੇਰੀ ਰਾਤ
ਨਾ ਉਹਦੀਆਂ ਅੱਖੀਆਂ ਦੇ ਤਾਰੇ
ਨਾ ਉਹਦੀ ਵਾਜ ਦੀ ਸਰਗਮ
ਨਾ ਉਹਦੇ ਜਿਸਮ ਦੀ ਖ਼ੁਸ਼ਬੂ
ਨਾ ਉਹਦੇ ਚਿਹਰੇ ਦੀ ਨਿੰਮ੍ਹੀ ਨਿੰਮ੍ਹੀ ਲੋਅ
ਬੱਸ ਪਾਗ਼ਲਾਂ ਵਾਂਗਰ
ਵਰ੍ਹਦੀਆਂ ਕਣੀਆਂ
ਤੇ ਡੈਣਾਂ ਵਾਂਗਰ
ਚੀਕਾਂ ਮਾਰਦੀ
ਤੇਜ਼ ਹਵਾ
ਤੇ ਦਿਲ ਦੀਆਂ ਰਗਾਂ ਨੂੰ
ਜਿਵੇਂ ਕੋਈ ਖਿੱਚ-ਖਿੱਚ ਕੇ
ਤੋੜਦਾ ਜਾਵੇ।

**(ਰਵੇਲ, ਲਾਹੌਰ)**

## 1. ਮਨ-ਇਛੁੱਤ ਜਿਹਾ ਕੁਝ/ਬਲਬੀਰ ਪਰਵਾਨਾ

ਅੱਖਾਂ 'ਚ ਫੜਫੜਾਉਂਦੇ ਸੁਪਨਿਆਂ ਦੇ ਕਬੂਤਰ
ਜਾਣਦੇ ਸਿਰਫ਼
ਲਹੂ 'ਚ ਸੁਲਗਦੀਆਂ ਤਰੰਗਾਂ ਦੀ ਭਾਸ਼ਾ
ਸਿਰਜਦੇ ਮਨ ਹੀ ਮਨ
ਲਖੂਖਾ ਸੁਪਨ-ਸੰਸਾਰ
ਵਰਜਿਤ ਦੀ ਪਰਵਾਹ ਨਾ ਕਰਦੇ
ਨਾ ਮੰਨਣ
ਰਵਾਇਤ ਦੀ ਲੀਕ
ਸੰਸਕਾਰਾਂ ਦਾ ਭੈਅ
ਲਛਮਣ ਰੇਖਾ ਕੋਈ

ਅੱਖਾਂ 'ਚ ਫੜਫੜਾਉਂਦੇ ਸੁਪਨ-ਕਬੂਤਰ
ਵੱਸਣ ਦਿਲ ਦੇ ਨੇੜੇ-ਤੇੜੇ
ਢੂੰਡ ਹੀ ਲੈਂਦੇ
ਮਨ-ਇੱਛਤ ਜਿਹਾ ਕੁਝ
ਤੇ ਗੁਟਕਦੇ ਰਹਿੰਦੇ ਫਿਰ
ਇਸਦੇ ਆਸਪਾਸ
ਜ਼ਖ਼ਮੀ ਹੋਣ ਤੱਕ
ਬੜੇ ਹੀ ਸ਼ਰਾਰਤੀ
ਬੜੇ ਹੀ ਖਰੂਦੀ
ਨਾ ਤ੍ਰਹਿੰਦੇ ਆਪਣੀ ਹੋਣੀ ਦੇ ਦੁਖਾਂਤ ਤੋਂ

ਅੱਖਾਂ 'ਚ ਫੜਫੜਾਉਂਦੇ ਸੁਪਨ-ਕਬੂਤਰ
ਜੀਊਂਦੇ ਪਲਾਂ ਛਿਣਾਂ 'ਚ
ਕਰ ਜਾਂਦੇ ਪ੍ਰਭਾਵਿਤ
ਪਰ ਪੂਰੀ ਦੀ ਪੂਰੀ ਜ਼ਿੰਦਗੀ
ਬੰਦਾ ਭਟਕਦਾ ਰਹਿੰਦਾ ਸਾਰੀ ਉਮਰ
ਹਫ਼ਦਾ, ਹੌਂਕਦਾ ਥਕੇਂਵੇ ਨਾਲ ਚੂਰ ਚੂਰ ਪੈਰ
ਪਰ ਚੈਨ ਨਾ ਲੈਂਦੀ ਭਟਕਣ।

## 2. ਬੇਮੌਸਮੇ ਸਮਿਆਂ 'ਚ

ਕਦੀ ਓਝਲ ਨਾ ਹੋਇਆ ਮਨ ਦਾ ਸੁਪਨਾ
ਰਿਹਾ ਭਾਵੇਂ ਕਿਸ ਹਾਲ
ਕਿਸੇ ਥਾਂ ਵੀ
ਰਿਹਾ ਟੁੱਟਦਾ ਤਿੜਕਦਾ ਭਾਵੇਂ
ਇਹ ਤਾਂ
ਜੀਊਣ ਦੇ ਸਲੀਕੇ 'ਚ ਹੀ ਸ਼ਾਮਲ ਹੋ ਗਿਆ ਹੋਇਆ
ਤੈਨੂੰ ਚਾਹੁੰਣਾ
ਚਿਤਵਣਾ ਭਾਵੁਕ ਜਹੇ ਪਲਾਂ ਨੂੰ
ਤੇ ਕੁਝ ਸੁਪਨਈ ਜਹੇ ਅਹਿਸਾਸ ਸੰਗ ਲੈ ਤੁਰਨਾ



ਬਹੁਤ ਵਾਰ ਅਸਫ਼ਲ ਹੋਇਆ ਹਾਂ
ਗਿਆ ਉਦਾਸਿਆ ਵੀ
ਪਰ ਹਾਰ ਨਾ ਮੰਨੀ ਮਨ
ਪੈਰਾਂ 'ਚ ਰਹੀ ਕੜਵੱਲ
ਕੁਝ ਤੁਰਨ ਦੀ ਵੀ

ਸੁਪਨਿਆਂ ਦਾ ਸੇਕ
ਕਿਤੇ ਵਧੇਰੇ ਨਿੱਘਾ ਹੁੰਦਾ
ਮਹਿਬੂਬ ਕੁੜੀ ਦੇ ਜਿਸਮ ਨਾਲੋਂ ਵੀ
ਕਿ ਇਸ ਆਸਰੇ ਤੁਰਿਆ ਜਾ ਸਕਦਾ
ਹਰ ਝੱਖੜਾਂ ਭਰਿਆ ਮੌਸਮ
ਕੋਈ ਵੀ ਹਨੇਰੀ ਰਾਤ
ਹਾਂ—
ਬਹੁਤ ਹੀ ਜੁੱਅਰਤ ਭਰਿਆ ਕਦਮ ਹੈ
ਇਹਨਾਂ ਬੇ-ਮੌਸਮੇ ਸਮਿਆਂ 'ਚ
ਕਾਇਮ ਰੱਖਣਾ ਸੁਪਨਿਆਂ ਨੂੰ

## 3. ਮਾਰਕਸਵਾਦ ਜ਼ਿੰਦਾਬਾਦ

ਬੜੇ ਖੁਸ਼ ਹਨ ਉਹ ਕਿੱਲ੍ਹਾ ਫਤਹਿ ਕਰਕੇ
ਜਿੱਤ ਦੇ ਝੰਡੇ ਗੱਡ
ਪਰ....
ਨਹੀਂ ਜਾਣਦੇ ਸ਼ਾਇਦ
ਸੈਨਿਕਾਂ ਨੇ ਅਜੇ ਹਾਰ ਨਹੀਂ ਮੰਨੀ
ਨਾ ਵਿਖਰਿਆ ਹੈ
ਉਨ੍ਹਾਂ ਦੀ ਅੱਖ 'ਚ ਫੜਫੜਾਉਂਦਾ ਸੁਪਨਾ
ਕਿੱਲ੍ਹੇ ਤਾਂ ਢਹਿੰਦੇ ਉਸਰਦੇ ਰਹਿੰਦੇ ਹਨ
ਮਨੁੱਖੀ ਹੱਥ ਹੀ ਉਸਾਰਦੇ
ਤੇ ਜੇ ਉਹ ਹੱਥ
ਨਿਰਾਸ਼ ਨਹੀਂ ਹੋਏ
ਹਾਰ 'ਹਾਰ' ਨਹੀਂ
ਬਸ ਮਾਮੂਲੀ ਜਿਹੀ ਘਟਨਾ ਹੀ ਹੈ
ਤੇ ਘਟਨਾਵਾਂ
ਸਮੇਂ ਦੇ ਵਹਿਣ 'ਚ ਕੋਈ ਅਰਥ ਨਹੀਂ ਰੱਖਦੀਆਂ
ਉਹਨਾਂ ਨੂੰ
ਜਿੱਤ ਦੇ ਜਸ਼ਨ ਮਨਾਉਣ ਦਿਓ
ਮਾਰਨ ਦਿਓ ਚਾਂਗਰਾਂ
ਸੋਚੀਏ ਆਪਾਂ
ਢਹਿ ਗਈਆਂ ਛੱਤਾਂ ਦੇ ਬਾਰੇ
ਉਸਾਰੀਏ ਨਵੀਆਂ ਕੰਧਾਂ
ਤੇ ਹੋਈਏ ਆਹਮੋ-ਸਾਹਮਣੇ
'ਸੱਜਰੇ ਸ਼ਰੀਕ ਬਣਕੇ'

(ਰੋਜ਼ਾਨਾ 'ਨਵਾਂ ਜ਼ਮਾਨਾ'-ਜਲੰਧਰ)

## ਵਿਸ਼ਾਲ

ਮੇਰੀ ਪਿਆਰੀ !
ਮੇਰਾ ਫ਼ਿਕਰ ਨਾ ਕਰੀਂ
ਮੈਂ ਜਲਦੀ ਆਵਾਂਗਾ
ਮੇਰੇ ਫ਼ਿਕਰ ਵਿੱਚ ਤੂੰ ਉਵੇਂ ਹੀ ਸ਼ਾਮਿਲ ਏ
ਜਿਵੇਂ 'ਕਨਫਿਊਸ਼ਸ਼' ਦੇ ਗੀਤਾਂ ਵਿੱਚ ਮਰ ਰਹੇ ਲੋਕਾਂ ਦੀ ਚਿੰਤਾ
ਏਥੇ ਕਾਲ ਕੋਠੜੀ 'ਚ
ਸਲਾਖ਼ਾਂ ਪਿੱਛੇ ਬੈਠਾ
ਬਹੁਤ ਸਾਰੇ ਲੋਕਾਂ ਨੂੰ ਮਿਲ ਰਿਹਾ ਹਾਂ
ਜੋ ਵੱਖ-ਵੱਖ ਮੁਦਰਾਵਾਂ 'ਚ ਬੀਤ ਰਹੇ ਨੇ
ਜਿੰਨ੍ਹਾਂ ਨੂੰ ਰੋਜ਼ ਸਵੇਰੇ
ਸਲਾਖ਼ਾਂ ਚੋਂ ਕੱਢ ਕੇ
ਤੁਰਨ ਦਿੱਤਾ ਜਾਂਦਾ ਹੈ ਦੀਵਾਰਾਂ ਤੱਕ
ਦੀਵਾਰਾਂ ਜੋ ਬਿਜਲਈ ਤਾਰਾਂ ਨਾਲ ਲੈੱਸ ਹਨ
ਦੀਵਾਰਾਂ ਤੱਕ ਪਹੁੰਚ ਕੇ
ਆਪਣੇ ਅੰਦਰ ਦੌੜਦੇ ਨੇ ਇਹ ਕੈਦੀ
... ਤੇ ਫਿਰ ਥੱਕ ਹਾਰ ਕੇ
ਬੰਦ ਹੋ ਜਾਂਦੇ ਨੇ
ਆਪਣੀਆਂ-ਆਪਣੀਆਂ ਚੱਕੀਆਂ 'ਚ
ਤੇ ਆਪਣੇ ਅੰਦਰ ਚੀਖ਼ਦੇ ਨੇ
ਅਣਕਿਆਸੇ ਹਨ੍ਹੇਰਿਆਂ 'ਚ
ਸਵੇਰ ਹੋਣ ਤੱਕ

ਹਿਮਾਲੀਆ ਵਰਗੀਆਂ ਦੀਵਾਰਾਂ ਅੰਦਰ
ਸੂਰਜ ਬਹੁਤ ਤਰਸ ਕੇ ਆਉਂਦਾ ਹੈ
ਜਿਸਦੀ ਉਦਾਸ ਧੁੱਪ
ਚਾਨਣ ਦੀ ਕਾਤਰ ਨਹੀਂ ਬਣਦੀ
ਨਾ ਜਿਸਮਾਂ ਲਈ ਨਿੱਘ
ਬੱਸ ਉਦਾਸ ਹੀ ਕਰਦੀ ਹੈ
ਉਨ੍ਹਾਂ ਕਿਆਰੀਆਂ ਵਿਚਲੇ ਸੂਰਜਮੁੱਖੀ ਫੁੱਲਾਂ ਨੂੰ ਵੀ
ਜੋ ਕੈਦੀਆਂ ਦਾ ਜੀਅ ਲਾਉਣ ਲਈ ਉਗਾਏ ਨੇ...
ਏਥੇ ਪੰਛੀ ਨਹੀਂ ਉਤਰਦੇ
ਪੰਛੀਆਂ ਦੇ ਪਰਛਾਵੇਂ ਡਿੱਗਦੇ ਨੇ
ਏਥੇ ਸਵੇਰ ਉਦਾਸ ਹੈ
ਸ਼ਾਮ ਉਦਾਸ ਹੈ
ਤੇ ਉਹ ਘੰਟੀ ਵੀ
ਜੋ ਕੈਦੀਆਂ ਨੂੰ



ਚਾਹ ਰੋਟੀ ਦੇਣ ਵੇਲੇਂ ਵੱਜਦੀ ਹੈ
ਤੇ ਉਹ ਪੌਨ ਵੀ ਉਦਾਸ ਹੈ
ਜੋ ਰੋਜ਼ ਬੰਦੀਆਂ ਦਾ ਹਾਜ਼ਰੀ ਲਾਉਂਦਾ ਹੈ।
ਮੇਰੀ ਪਿਆਰੀ !
ਮੈਂ ਇਸ ਵੇਲੇ ਵੀ ਤੇਰੇ ਪਿਆਰ ਨਾਲ ਭਰਿਆ ਪਿਆ ਹਾਂ
ਤੇ ਤੈਨੂੰ ਬਹੁਤ
ਨੇੜਿਓਂ ਵੇਖ ਰਿਹਾ ਹਾਂ
ਪਰ ਇਸ ਵੇਲੇ
ਮੈਂ ਸਿਰਫ਼ ਉਨ੍ਹਾਂ ਦਾ ਕਥਾ ਵਾਚਕ ਹਾਂ
ਜਿੰਨ੍ਹਾਂ ਲਈ ਸੰਵਾਦ ਜ਼ਰੂਰੀ ਹੈ
ਮੇਰੀ ਚੁੱਪ ਤੇ ਅੰਤਰ ਮਨ ਨੂੰ ਸਮਝੀਂ
ਮੈਂ ਤੇਰੇ ਨਾਲ ਵੀ ਗੱਲਾਂ ਕਰ ਰਿਹਾ ਹਾਂ
ਏਥੇ ਜੇਲ ਅੰਦਰ
ਫੈਕਟਰੀਆਂ ਨੇ
ਤੇ ਉਮਰ ਭੋਗ ਰਹੇ ਕੈਦੀ
ਵਕਤ ਦੇ ਵੱਜੇ ਘੁੱਗੂ ਨਾਲ
ਰੋਜ਼ ਸਵੇਰੇ ਕੰਮ 'ਤੇ ਜਾਂਦੇ ਨੇ
ਸ਼ਾਮੀ ਪਰਤਦੇ ਨੇ...
ਪਰ ਕੰਮ 'ਤੇ ਜਾਣ ਵੇਲੇ
ਇਨ੍ਹਾਂ ਨੂੰ ਨਾ ਕੋਈ ਤੋਰਦਾ ਹੈ
ਨਾ ਪਿਆਰ ਭਰੀਆ ਨਜ਼ਰਾਂ ਨਾਲ ਵੇਖਦਾ ਹੈ
ਨਾ ਛੇਤੀ ਪਰਤਣ ਲਈ ਆਖਦਾ ਹੈ
ਤੇ ਨਾ ਹੀ ਹੱਥਾਂ 'ਚ ਕੋਈ ਟਿਫ਼ਨ ਫੜਾਉਂਦਾ ਹੈ
ਨਾ ਕੋਈ ਬੱਚਾ ਲੱਤਾਂ ਨੂੰ ਚਿੰਬੜ ਕੇ
ਚਾਕਲੇਟਾਂ ਦੀ ਜ਼ਿੱਦ ਕਰਦਾ ਹੈ
ਬੱਸ ਜੋ ਕੁੱਝ ਵਾਪਰਦਾ ਹੈ
ਤੇ ਏਨਾ ਕੁ ਵਾਪਰਦਾ ਹੈ
ਕਿ ਜੇਲ੍ਹ 'ਚੋਂ ਮਿਲੀ ਸ਼ਬਜ਼ੀ ਨੂੰ
ਇਹ ਤੜਕਾ ਆਪ ਲਾਉਂਦੇ ਹਨ
ਆਪੇ ਅੰਗੀਠੀ... ਆਪੇ ਧੂੰਆਂ
ਆਪੇ ਬਾਤ... ਆਪੇ ਹੁੰਗਾਰਾ
ਤੇ ਨਵੇਂ ਆਏ ਕੈਦੀ ਨੂੰ
ਆਪਣੇ ਕੋਲ ਬਿਠਾਉਂਦੇ ਹਨ
ਵੇਖ ਕੇ ਉਸਦੀ ਹਾਲਤ
ਉਸਦਾ ਦਿਲ ਲਾਉਂਦੇ ਹਨ
ਤੇ ਪਤਾ ਟਿਕਾਣਾ ਪੁੱਛ ਕੇ
ਅੰਦਰ ਦੀ ਗੱਲ ਸਮਝਾਉਂਦੇ ਹਨ

ਖੁਸ਼ ਹੋ ਜਾਂਦੇ ਨੇ ਕੈਦੀ

ਤੇ ਉਸੇ ਹੀ ਪਲ ਉਦਾਸ
ਜਦੋਂ ਕੋਈ ਘਰੋਂ ਮੁਲਾਕਾਤ ਲਈ ਆਉਂਦਾ ਹੈ
ਬੱਸ ਕੁਝ ਪਲ ਮਾਣ ਕੇ
ਫਿਰ ਸੀਖ਼ਾਂ ਅੰਦਰ ਝੂਰਦਾ ਹੈ
ਇਕੱਲਾ ਆਪਣੇ ਆਪ ਨੂੰ
ਉਸ ਯੁੱਧ ਲਈ ਤਿਆਰ ਕਰਦਾ
ਜੋ ਉਸਨੇ ਆਪਣੇ ਹੀ
ਅੰਦਰ ਦੇ ਬੰਦੇ ਨਾਲ ਲੜਣਾ ਹੈ
ਏਥੇ ਸਭ ਕੁਝ ਬਹੁਤ ਦੁੱਖ ਭਰਿਆ ਹੈ
ਮੇਰੀ ਪਿਆਰੀ!
ਤੇ ਉਸ ਤੋਂ ਵੀ ਵੱਧ
ਦੁੱਖ ਭਰਿਆ ਉਹ ਪਲ
ਜਦੋਂ ਮੈਂ ਤੇਰੇ ਬਾਰੇ ਸੋਚਦਾ ਹਾਂ
ਤੇ ਬੱਸ ਉਸੇ ਹੀ ਪਲ
ਮਿਲਦੀ ਹੈ ਖ਼ੁਸ਼ੀ
ਜਦੋਂ ਮੈਂ ਤੇਰੇ ਬਾਰੇ ਸੋਚ ਰਿਹਾ ਹੁੰਦਾ ਹਾਂ

ਤੂੰ ਫ਼ਿਕਰ ਨਾ ਕਰੀਂ
ਮੇਰੀ ਚਿੰਤਾ ਵਿੱਚ ਤੂੰ ਵੀ ਸ਼ਾਮਿਲ ਏਂ
ਬਿਲਕੁੱਲ ਉਵੇਂ ਹੀ
ਜਿਵੇਂ ਕਨਫਿਊਸ਼ਸ ਦੇ ਗੀਤਾਂ ਵਿੱਚ
ਮਰ ਰਹੇ ਲੋਕਾਂ ਦੀ ਚਿੰਤਾ-

---

### ਗ਼ਜ਼ਲ/ਪ੍ਰੇਮ ਸਾਹਿਲ

ਜ਼ਿੰਦਗੀ ਸਾਡੀ ਗੁਜ਼ਰ ਜਾਂਦੀ ਬੜੇ ਆਰਾਮ ਨਾਲ
ਤੁਰਨ ਦੀ ਕੋਸ਼ਿਸ਼ ਅਸੀਂ ਕਰਦੇ ਜੇ ਖ਼ਾਸੋ-ਆਮ ਨਾਲ

ਦਫ਼ਤਰਾਂ ਵਿੱਚ ਫਾਈਲਾਂ ਨਾ ਤੁਰਦੀਆਂ ਸਲਾਮ ਨਾਲ
ਕਾਗ਼ਜ਼ੀ-ਘੋੜੇ ਤੁਰਨਗੇ ਜਾਮ ਜਾਂ ਪੈਗ਼ਾਮ ਨਾਲ

ਆਲ੍ਹਣਾ ਸੀ ਆਲ੍ਹਣੇ ਵਿੱਚ ਦੌੜਦੇ ਆਰਾਮ ਨਾਲ
ਆਲ੍ਹਣੇ ਬਿਨ ਲੜਖੜਾਈਏ ਲਖਖੜਾਉਂਦੀ ਸ਼ਾਮ ਨਾਲ

ਨੀਂਦ ਆਉਂਦੀ ਹੀ ਨਹੀਂ ਸੀ ਨੌਕਰੀ ਦੀ ਭਾਲ 'ਚ
ਨੌਕਰੀ ਲੱਗੀ ਜਦੋਂ ਦੀ ਜਾਗੀਏ ਆਰਾਮ ਨਾਲ

ਇੱਕ ਬੱਚੇ ਨੇ ਅਕਾਰਣ ਹੀ ਗਲੀ ਦੀ ਕੰਧ 'ਤੇ
ਖਿੱਚ ਦਿੱਤਾ ਨਾਮ ਤੇਰਾ ਠੀਕ ਮੇਰੇ ਨਾਮ ਨਾਲ



ਨਵੇਂ ਚਿਹਰੇ

### ਆਥੜੀ ਦਾ ਸੁਪਨਾ/ਸਰਬਜੀਤ ਸਿੰਘ ਸੂਹੀ

ਮਾਂ!
ਮੈਨੂੰ ਅੱਜ ਵੀ ਯਾਦ ਨੇ
ਬਚਪਨ ਦੇ ਉਹ ਸੰਧੂਰੀ ਵਰ੍ਹੇ
ਜਦੋਂ ਮੈਂ ਆਪਣੇ ਹਾਣੀਆਂ ਸੰਗ ਰਲਕੇ
ਮਲ੍ਹਿਆਂ ਤੋਂ ਬੇਰ ਤੋੜਦਾ
ਤਿਤਲੀਆਂ ਫੜਦਾ
ਤੇ ਮਾਈ ਬੁੱਢੀ ਦੇ ਫੰਭੇ ਉਡਾਉਂਦਾ ਸਾਂ
ਤੇਰੀਆਂ ਮਿੱਠੀਆਂ-ਮਿੱਠੀਆਂ ਗਾਹਲਾਂ ਤੋਂ ਬੇਖ਼ੌਫ਼ ਹੋ ਕੇ
ਸਾਰਾ ਸਾਰਾ ਦਿਨ ਖੇਡਣਾ
ਤੇ ਥੱਕ ਹਾਰ ਕੇ ਖਉਪੀਏ ਘਰ ਪਰਤਣਾ
ਕਿੰਨਾ ਮਜ਼ਾ ਸੀ!
ਉਸ ਬੇਪਰਵਾਹ ਜ਼ਿੰਦਗੀ ਵਿੱਚ।
ਪਰ ਅਜੇ ਤਾਂ ਮੈਂ-
ਦੋਧਾ ਛੱਲੀਆ ਵਰਗੇ ਹੱਥਾਂ ਨਾਲ
ਫੱਟੀ ਤੇ ਊੜਾ ਐੜਾ ਹੀ ਪਾਉਣਾ ਸਿੱਖਿਆ ਸੀ
ਕਿ ਮੇਰੇ ਲਈ ਜ਼ਿੰਦਗੀ ਭੁਲਾਵੇਂ ਅੱਖਰ ਬਣ ਗਈ!
ਅਜੇ ਤਾਂ ਮੇਰੇ ਮੱਥੇ 'ਚ-
ਉੱਗ ਹੀ ਰਿਹਾ ਸੀ ਤੀਸਰਾ ਨੇਤਰ
ਕਿ ਮੇਰੀਆਂ ਮਾਸੂਮ ਅੱਖਾਂ 'ਚ ਪਥਰਾ ਗਿਆ
ਜ਼ੈਲਦਾਰਾਂ ਦੇ ਪਾਹੜੇ ਦਾ ਬਿੰਬ!
ਅਜੇ ਤਾਂ ਮੇਰੇ ਗੁੱਲੀ ਡੰਡੇ ਦੇ ਫਾਕਿਆਂ 'ਚ
ਹੱਥ ਹੀ ਖੁੱਲ੍ਹੇ ਸਨ,
ਕਿ ਮੇਰੇ ਸਿਰ ਤੇ ਧਰਿਆ ਗਿਆ
"ਬਾਪੂ ਵਾਲਾ ਤਾਜ"
ਤੇ ਮੈਂ ਜੋ ਚੀਨੇ ਕਬੂਤਰ ਵਾਂਗ
ਨੀਲੇ ਅੰਬਰਾਂ ਨੂੰ ਗੌਹਣਾ ਚਾਹੁੰਦਾ ਸਾਂ
ਪੱਠਿਆਂ ਦੀ ਪੰਡ ਥੱਲੇ ਲਿਤੜਿਆ ਗਿਆ ਹਾਂ।
ਪਰ ਮਾਂ!
ਮੈਨੂੰ ਤੇਰੇ ਨਾਲ ਕੋਈ ਗਿਲਾ ਨਹੀਂ
ਤੇ ਨਾਂ ਹੀ ਕੋਈ ਦੋਸ਼ ਹੈ,
ਗੁਰਬਤ ਦੀ ਜਿਲਣ ਵਿੱਚ ਗਲ-ਗਲ ਡੁੱਬੇ ਬਾਪੂ ਦਾ
ਦੋਸ਼ ਤਾਂ ਹੈ ਇਹਨਾਂ ਜ਼ੋਰਾਵਰ ਹਲਾਤਾਂ ਦਾ
ਜੋ ਸਦੀਆਂ ਤੋਂ ਕਿਰਚਾਂ ਵਾਂਗ
ਸਾਡੇ ਮੱਥੇ 'ਚ ਖੁੱਭੇ ਨੇ।
ਦੋਸ਼ ਤਾਂ ਹੈ ਸਾਡੀ ਇਸ ਧੌਣ ਦਾ

ਜੋ ਧੀਰੇ ਬੈਲ ਵਾਂਗ ਆਦੀ ਹੋ ਗਈ ਏ
"ਇਸ ਜੂਲੇ ਦੀ"।
ਦੋਸ਼ ਤਾਂ ਹੈ ਇਸ ਕੋਝੀ ਪਿਰਤ ਦਾ
ਜੋ ਪੁਸ਼ਤ ਦਰ ਪੁਸ਼ਤ
ਮੁੱਕਟ ਵਾਂਗ ਸੱਜ ਜਾਂਦੀ ਦੇ ਸਾਡੇ ਸਿਰਾਂ ਤੇ
ਤੇ ਅਸੀਂ ਬੇਵੱਸ ਹੋ ਕੇ
ਚਹੁੰ ਰੋਟੀਆਂ ਤੇ ਇੱਕ ਰਜਾਈ ਬਦਲੇ
ਗੋਹੇ ਦੀ ਟੋਕਰੀ ਨੂੰ ਜ਼ਿੰਦਗੀ ਸਮਝ ਲੈਂਦੇ ਹਾਂ।
ਪਰ ਕਦੋਂ ਤੀਕ ਠੀਕਰ-ਠੀਕਰ ਹੁੰਦੇ ਰਹਿਣਗੇ
ਸਾਡੇ ਬਲੌਰੀ ਸੁਪਨੇ
ਤੇ ਕਦੋਂ ਤੀਕ ਆਉਂਦੀ ਰਵੇਗੀ
ਸਾਡੀਆਂ ਸੰਦਲੀ ਰੀਝਾਂ 'ਚੋਂ ਗੋਹੇ ਦੀ ਹੁੰਮਕ
ਹੁਣ ਤਾਂ ਇਹ ਫੈਸਲਾ ਕਰਨਾ ਹੀ ਪਊ
ਕਿ ਅਸੀਂ ਜੀਣੀ ਏਂ
ਦਰਿਆ ਦੇ ਰੋੜ੍ਹ ਵਰਗੀ ਜ਼ਿੰਦਗੀ
ਜਾਂ ਫਿਰ ਕੈਦ ਹੀ ਰਹਿਣਾ ਏਂ
ਆਪਣੀ ਹੋਂਦ ਦੇ ਸੀਮਤ ਦਾਇਰਿਆਂ ਵਿੱਚ
ਮੁਸ਼ਕਦੇ ਟੋਬੇ ਬਣਕੇ।
ਜੇ ਅਸੀਂ ਚਾਹੁੰਦੇ ਹਾਂ ਕਿ ਮੁੜ ਨਾ ਗ੍ਰਹਿਣੀ ਜਾਵੇ
ਕਿਸੇ ਫੁੱਲ ਭਰ 'ਛੀਰੂ' ਦੀ ਹੋਂਦ
ਤਾਂ ਸਾਨੂੰ ਤੁਰਨਾ ਹੀ ਪਵੇਗਾ ਕਾਫ਼ਲੇ ਦੇ ਨਾਲ
ਹੱਥ ਵਿੱਚ ਝੂਲਦਾ ਪਰਚਮ ਲੈ ਕੇ
ਤੇ ਲਿਖਣੀ ਪਵੇਗੀ ਆਪਣੇ ਖ਼ੂਨ ਨਾਲ
ਇਤਿਹਾਸ ਦੇ ਕੋਰੇ ਪੰਨਿਆਂ ਤੇ
ਇੱਕ ਨਵੇਂ ਯੁੱਗ ਦੀ ਗਾਥਾ।
ਜੇ ਅਸੀਂ ਚਾਹੁੰਦੇ ਹਾਂ
ਸੁਪਨਿਆਂ ਨੂੰ ਪਾਉਣੀ ਸੰਗਮਰਮਰੀ ਆਦਤ
ਫਿਰ ਤਾਂ ਕਰਨੇ ਹੀ ਪੈਣਗੇ
ਹਲਾਤਾਂ ਨਾਲ ਦੋ ਹੱਥ... ਫਿਰ ਤਾਂ... ਹਲਾਤਾਂ ਨਾਲ...!
(ਏਨੇ ਚਿਰ ਨੂੰ ਆਉਂਦਾ ਹੈ ਘਰ ਦਾ ਮਾਲਿਕ)
"ਉੱਠ ਓਏ ਕੁੱਤਿਆ ਚੂਹੜਿਆ!
ਕੀ ਬੁੜ ਬੁੜਾਈ ਜਾਨੈ, ਪੱਠੇ ਪਾ ਡੰਗਰਾਂ ਨੂੰ ਜਾ ਕੇ।'

**ਪਿੰਡ ਅਤੇ ਡਾਕ. ਚੀਮਾ ਬਾਠ, (ਅੰਮ੍ਰਿਤਸਰ)**



ਨਜ਼ਮ

## ਪਾਤਾਲ ਚੀਕ/ਮਨਦੀਪ ਪੰਧੇਰ

ਹੈ ਭੱਖਦਾ ਸੂਰਜ ਮੇਰੇ ਅੰਦਰ
ਪ੍ਰਿਥਵੀ ਘੁੰਮ ਰਹੀ
ਕਲ-ਕਲ ਕਰਦੇ ਦਰਿਆ
ਠਾਠਾਂ ਮਾਰਦੇ
ਸਮਾ ਜਾਂਦੇ
ਮੇਰੇ ਵਿਚਲੇ ਹੀ ਮਾਰੂਥਲ 'ਚ

ਬੜੀ ਭਿਆਨਕ ਦਲਦਲ
ਹੈ ਮੇਰੇ ਅੰਦਰ
ਗਰਕਦਾ ਹਾਂ ਜਦੋਂ
ਇਹ ਕੈਸੀ ਵਿਡੰਬਨਾ ਹੈ
ਪੈਰਾਂ ਹੇਠ ਮੇਰੇ
ਸ਼ੇਸ ਨਾਗ ਦਾ ਫਣ ਹੁੰਦਾ ਹੈ

ਮੇਰੇ ਮੱਥੇ 'ਚ
ਇੱਕ ਅੱਖ ਖੁਲ੍ਹਦੀ
ਉਹ ਆਰ-ਪਾਰ ਦੇਖਦੀ
ਜ਼ਿਹਨ ਵਿਚਲੇ ਤਾਨਪੂਰੇ ਦੀਆਂ ਤਾਰਾਂ ਕਸ
ਰਾਗ ਭੈਰਵ ਛੇੜਦੀ ਹੈ ਜਦੋਂ

ਮੈਂ ਉਸ ਵਕਤ
ਬਹੁਤ ਵਿਆਕੁਲ ਹੁੰਦਾ ਹਾਂ, ਜਦੋਂ
ਇਸ ਅੱਖ 'ਚ ਰੜਕ ਪੈਂਦੀ ਹੈ

ਹੈ ਪਰਬਤਾਂ ਦੀ ਕਤਾਰ ਮੇਰੇ ਅੰਦਰ
ਗਿਰਜਾ ਤੇ ਗੁਰਦੁਆਰਾ ਹੈ
ਖੜਕਦਾ ਟੱਲ ਹੈ
ਮੁੱਲਾਂ ਦੀ ਅਜ਼ਾਨ ਹੈ
ਜੇ ਸੁੰਨੀ ਹੈ
ਤਾਂ ਸ਼ੀਆ ਦੀ ਦਰਦ ਭਰੀ ਹੂਕ ਵੀ ਹੈ

ਵਗ ਰਿਹਾ ਹੈ ਮੇਰੇ ਅੰਦਰ ਲਾਵਾ
ਢਹੀ ਬਾਬਰੀ ਮਸਜਿਦ
ਤੇ ਸੋਮਨਾਥ ਦਾ ਵਿਆਕੁਲ ਅਤੀਤ ਹੈ

ਮੈਂ ਕੀ ਕਰਾਂ
ਹੈ ਮੇਰੇ ਅੰਦਰ ਇਤਿਹਾਸ
ਫੂਕ ਰਿਹਾ ਵਰਤਮਾਨ ਹੈ
ਗਲ 'ਚ ਟਾਇਰ ਪਾ ਫੂਕਿਆ
ਗੁਰੂ ਤੇਗ਼ ਬਹਾਦੁਰ ਹੈ
ਜਿਊਂਦਾ ਸੜਦਾ ਈਸਾ ਮਸੀਹ ਹੈ

ਮੇਰੇ ਕੰਨ ਸਾਂ-ਸਾਂ ਕਰਦੇ ਹਨ
ਬਲਾਤਕਾਰ ਹੁੰਦੀ ਮਰੀਅਮ ਦੀ ਚੀਕ ਹੈ

ਮੇਰੇ ਕੰਨਾਂ 'ਚ ਸਿੱਕਾ ਢਾਲ ਦੇਵੋ
ਮੇਰਾ ਤੀਜਾ ਨੇਤਰ ਫੋੜ ਦੇਵੋ
ਮੇਰੀ ਜੀਭ ਕੱਟ ਦੇਵੋ
ਮੇਰੇ ਹੱਥ ਵੱਢ ਦੇਵੋ

ਮੈਨੂੰ ਬਹੁਤ ਕੁੱਝ ਦਿਖ ਰਿਹਾ ਹੈ
ਬਹੁਤ ਕੁੱਝ ਸੁਣ ਰਿਹਾ ਹੈ
ਮੇਰੇ ਅੰਦਰ ਕੀ ਹੈ

ਖ਼ਾਮੋਸ਼ ਚੀਕਾਂ ਦਾ ਰੌਲਾ ਹੈ
ਮੈਂ ਮਹਾਂ ਬੇਚੈਨ ਹਾਂ

ਮੇਰੀ ਤੀਜੀ ਅੱਖ 'ਚ ਰੜਕ ਪੈਂਦੀ ਹੈ
ਮੇਰੇ ਕੰਨ ਸਾਂ-ਸਾਂ ਕਰਦੇ ਹਨ
ਮੇਰੀ ਜੀਭ ਸੁੱਕ ਰਹੀ ਹੈ
ਇਹ ਕੀ ਹੋ ਰਿਹਾ ਹੈ
ਇਸ ਨੂੰ ਬੰਦ ਕਰੋ
ਹਯਾ ਕਰੋ
ਇਸ ਨੂੰ ਬੰਦ ਕਰੋ।

**ਪਿਛਲੇ ਪਾਸੇ ਨਿਰੰਕਾਰੀ ਭਵਨ, ਹੀਰਾ ਮਹਿਲ ਕਾਲੋਨੀ, ਨਾਭਾ—147201**

-0-

**ਲਹਿੰਦੇ ਪੰਜਾਬ ਤੋਂ**

## ਸੋਚਾਂ ਵਾਲੀ ਤੰਦ/ਅਹਿਮਦ ਰਸ਼ੀਦ ਭੱਟੀ

ਸੋਚਾਂ ਵਾਲੀ ਤੰਦ
ਤਰੱਕਲਿਓਂ ਟੁੱਟੀ
ਕੰਬਦੀਆਂ ਉਂਗਲਾਂ ਦੇ ਥੱਲਿਓਂ।
ਚਰਖੇ ਵਾਲੀ ਹੱਥੀ ਥਿੜਕੀ
ਤ੍ਰਿੰਜਣ ਦੇ ਗੀਤਾਂ ਦੀ ਘੂਕਰ
ਮਾਹਲ ਦੀ ਪੁਲਸਰਾਤ ਦੇ ਉੱਤੇ
ਆਪਣੀ ਜਾਨ ਗੰਵਾਈ।

ਬੁੱਲਾਂ ਦੀ ਟਾਹਣੀ ਦੇ ਉੱਤੋਂ
ਹੱਸਣ ਵਾਲੇ ਪੰਛੀ ਉੱਡ ਗਏ
ਦਿਲ ਦੀ ਸੁੰਞੀ ਕੰਧ ਦੇ ਉੱਤੋਂ
ਪੂਣੀਆਂ ਉੱਡਦੀਆਂ ਗਈਆਂ
ਵਿਹੜੇ ਦੇ ਵਿੱਚ ਕੱਲ੍ਹਾ ਚਰਖ਼ਾ
ਯਾਦਾਂ ਦੀ ਇੱਕ ਅੱਟੀ
ਜਿਸ ਵਿੱਚ ਲੱਖਾਂ ਗੁੰਝਲਾਂ
ਉੱਤੋਂ ਸ਼ਾਮਾਂ ਉੱਤਰ ਆਈਆਂ।



**ਕਵਿਤਾ**

## ਘਰ ਦੀ ਯਾਦ/ਗੁਰਿੰਦਰ ਸਿੰਘ ਕਲਸੀ

ਘਰ ਦੀ ਯਾਦ ਕੀ ਆਉਣੀ ਸੱਜਣਾਂ
ਘਰ ਤਾਂ ਬਿਖਰ ਗਿਆ ਹੈ।
ਆਪਣੀਆਂ ਕੰਧਾਂ ਦੀ ਛਾਵੇਂ ਠੁਰ ਠੁਰ ਕੰਬੇ
ਆਪਣੀਆਂ ਛੱਤਾਂ ਦੇ ਹੇਠਾਂ ਤਿੜਕ ਗਿਆ ਹੈ
ਘਰ ਤਾਂ ਬਿਖਰ ਗਿਆ ਹੈ।

ਘਰ ਦੇ ਜੀਅ ਘਰ ਤੋਂ ਹੀ ਸਹਿਮੇ
ਇਸ ਦੀ ਇੱਕ-ਇੱਕ ਇੱਟ ਤੋਂ ਡਰਦੇ
ਸੇਹ ਦਾ ਤੱਕਲਾ ਗੱਡਿਆ ਕਿਸ ਨੇ
ਇਹੋ ਸੋਚ ਸੋਚ ਨਿੱਤ ਮਰਦੇ
ਈਰਖਾ ਭੁੱਜੇ ਸੜ ਸੜ ਬਲਦੇ
ਇੱਕ ਦੂਜੇ ਨੂੰ ਵੇਖ ਨਾ ਜਰਦੇ
ਨਫ਼ਰਤ ਦਾ ਇੱਕ ਦੈਂਤ
ਜੀਆਂ ਵਿੱਚ ਫਿਰ ਗਿਆ ਹੈ

ਘਰ ਦਾ ਇੱਕ ਜੀਅ ਘਰ 'ਚੋਂ ਤੁਰ ਕੇ
ਮਹਾਂ-ਨਗਰ ਵਿੱਚ ਗੁੰਮ-ਗੁੰਮ ਹੋਇਆ
ਦੂਜੇ ਪੁੱਤਰ ਨਵੀਂ ਨਵੇਲੀ ਇੱਕ ਜਗ੍ਹਾ 'ਤੇ
ਨਵਾਂ "ਆਪਣਾ ਘਰ" ਲਈ
ਵਿੱਚ ਵਿਦੇਸ਼ਾਂ ਰੁਲਦਾ ਫਿਰਦਾ
ਚੌਥੇ ਸਿਰ ਭਾਰ ਪਿਆ ਜਦ
ਉਸ ਨੇ ਜਿਵੇਂ ਕਿਵੇਂ ਕੁਝ ਕਰ ਕੇ
ਪੱਲਾ ਇਸ ਤੋਂ ਇੰਝ ਛੁਡਾਇਆ
ਕਿ ਘਰ ਦਾ ਹਰ ਖੂੰਜਾ ਰੋਇਆ
ਘਰ ਹੁਣ ਕੱਲ-ਮੁਕੱਲਾ ਝਾਕੇ
ਪੁੱਛੇ ਹਰ ਕੋਈ ਕਿੱਧਰ ਗਿਆ ਹੈ

ਅਸੀਂ ਨਿਰਲੱਜ ਨਿਰਮੋਹੇ ਬੰਦੇ
ਉਸ ਦਾ ਦੁੱਖ ਨਾ ਦਰਦ ਜਾਣਦੇ
ਉਹ ਖੰਡਰਾਂ ਵਿੱਚ ਬਦਲ ਰਿਹਾ ਜੋ
ਉਸ ਲਈ ਕੁਝ ਨਾ ਕਰਨ ਜਾਣਦੇ
ਹਾਲਤ ਉਸ ਦੀ ਵੇਖ ਕੇ ਜਾਪੇ
ਉਂਗਲਾਂ ਵਿਚੋਂ ਵਕਤ ਉਸ ਦੇ ਕਰ ਗਿਆ ਹੈ

ਘਰ ਨਾ ਇੱਟਾਂ ਪੱਥਰਾਂ ਦਾ ਨਾਂ
ਘਰ ਨਾਂ "ਬਸ ਇਕ ਰਹਿਣ ਲਈ ਥਾਂ"
ਨਾ ਹੀ ਘਰ "ਬਸ ਇਕ ਸਿਰਨਾਵਾਂ"
ਸੁੰਨੇ ਘਰ ਤੱਕ ਰੋਂਦੀਆਂ ਮਾਵਾਂ
ਪਿੱਤਰ ਵੀ ਭਰਦੇ ਹਾਉਕੇ ਹਾਵੇ
ਹੁਣ ਤਾਂ ਘਰ ਵੀ ਏਹੋ ਸੋਚੇ
"ਕਿੱਧਰ ਨੂੰ ਤੁਰ ਜਾਵਾਂ?"
ਘਰ ਦਾ ਤਾਂ ਸੰਕਲਪ ਹੀ ਸਾਨੂੰ
ਵਿੱਸਰ ਗਿਆ ਹੈ

**ਮਕਾਨ ਨੰ. 312, ਵਾਰਡ ਨੰ. 11, ਮੋਰਿੰਡਾ-140101 (ਰੋਪੜ)**

## ਬੁੱਚੜ/ਜਸਬੀਰ ਸਿੰਘ ਰਾਣਾ

"ਓਏ ਪੈਰਾਂ 'ਚ ਝਾਂਜਰਾਂ ਪਾਈਆਂ ਹੋਈਆਂ ਨੇ ਮਾਂ ਦਿਓ ਯਾਰੋ! ਪੈਰ ਚੱਕ ਕੇ ਹੋ ਲੋ ਮਾੜਾ ਜ੍ਹਾ। ਥਰੈਸ਼ਰ ਥੋਡਾ ਬਾਪ ਖਾਲੀ ਚੱਲੀ ਜਾਂਦਾ। ਰੋਟੀਆਂ ਖਾਣ ਵੇਲੇ ਤਾਂ ਰੂੜੀ ਜਿੱਡੀ ਢੇਰੀ ਲਾ ਕੇ ਬੈਠ ਜਾਂਦੀ ਐ! ਚੌਲ ਖਾਣੀ ਜਾਤ ਸਾਲੀ...!" ਭਰੀਆਂ ਚੁੱਕਣ ਜਾਂਦੇ ਭਈਆਂ ਨੂੰ ਬਸੰਤ ਬੁੱਚੜ ਨੇ ਥਰੈਸ਼ਰ ਦੀ ਗੂੰਜ ਨਾਲੋਂ ਵੀ ਉੱਚਾ ਲਲਕਾਰਾ ਮਾਰਿਆ।

ਉਸਦੀ ਝਾਵੇਂ ਵਰਗੀ ਖੁਰਦਰੀ ਆਵਾਜ਼ ਸੁਣ ਕੇ ਮੈਂ ਇਕਦਮ ਬੈਠਾ ਹੋ ਗਿਆ। ਮੈਂ ਸਾਡੀ ਮੋਟਰ 'ਤੇ ਔਲੂ ਕੋਲ ਖੜੇ ਤੂਤਾਂ ਦੀ ਛਾਂ ਹੇਠਾਂ ਮੰਜਾ ਡਾਹੀਂ ਪਿਆ ਲੰਬੜ ਬਾਜ਼ੀਗਰ ਦੀ ਉਡੀਕ ਕਰ ਰਿਹਾ ਸੀ।

ਮੰਜੇ ਤੇ ਪੈਣ ਕਰਕੇ ਸਿਰ ਦੇ ਢਿੱਲੇ ਹੋਏ ਪਰਨੇ ਨੂੰ ਲਾਹ ਕੇ ਦੁਬਾਰਾ ਬੰਨ੍ਹਦਾ ਹੋਇਆ ਮੈਂ ਸਾਹਮਣੇ ਖੱਤੇ ਵੱਲ ਨੂੰ ਝਾਕਿਆ। ਲਲਕਾਰਾ ਸੁਣ ਕੇ ਭਰੀਆਂ ਚੁੱਕਣ ਜਾ ਰਹੇ ਭਈਆਂ ਦੇ ਕਰਚੇ ਮਿੱਧਦੇ ਪੈਰਾਂ ਵਿੱਚ ਖਾਸੀ ਤੇਜ਼ੀ ਆ ਗਈ। ਉਹ ਡੱਡੂ ਵਾਂਗ ਟਪੂਸੀਆਂ ਮਾਰਦੇ ਹੋਏ ਨੱਠੇ ਜਾ ਰਹੇ ਸਨ।

ਥਰੈਸ਼ਰ ਨੇ ਗੂੰਜ ਬੰਨ੍ਹੀ ਪਈ ਸੀ। ਬਸੰਤ ਦੀ ਅਤੇ ਸਾਡੇ ਖੇਤ ਦੀ ਵੱਟ ਸਾਂਝੀ ਸੀ। ਉਨ੍ਹਾਂ ਨੇ ਥਰੈਸ਼ਰ ਸਾਂਝੀ ਵੱਟ ਕੋਲ ਦੇ ਖੱਤੇ 'ਚ ਹੀ ਲਾਇਆ ਹੋਇਆ ਸੀ। ਥਰੈਸ਼ਰ ਨਾਲ ਜੁੜੇ ਸਵਰਾਜ ਟਰੈਕਟਰ ਦਾ ਰੁੱਗ ਜ਼ਿਆਦਾ ਲੱਗਣ ਕਾਰਨ ਧੂੰਆਂ ਨਿਕਲਿਆ ਪਿਆ ਸੀ। ਥਰੈਸ਼ਰ ਹੜੰਬਾ ਸੀ। ਤਿੰਨ ਭਈਏ ਪਰਨਿਆਂ ਨਾਲ ਮੂੰਹ-ਸਿਰ ਬੰਨ੍ਹੀਂ ਰੁੱਗ ਝੋਕ ਰਹੇ ਸਨ। ਥਰੈਸ਼ਰ ਦੇ ਚੌੜੇ ਮੂੰਹ 'ਚੋਂ ਤੂੜੀ ਦੀ ਇੱਕ ਮੋਟੀ ਧਾਰ ਵੀਹ-ਪੱਚੀ ਫੁੱਟ ਤੱਕ ਉੱਡ ਕੇ ਜਾਂਦੀ ਤੇ ਫਿਰ ਹੇਠਾਂ ਗਿਰ ਜਾਂਦੀ। ਜਿੱਥੇ ਧਾਰ ਗਿਰਦੀ ਉੱਥੇ ਉੱਚੀ ਸਾਰੀ ਤੂੜੀ ਦੀ ਧੜ ਬਣ ਰਹੀ ਸੀ। ਤੂੜੀ ਦੀ ਗਰਦ ਨਾਲ ਚਾਰ-ਚੁਫੇਰਾ ਹੁੰਮਸਿਆ ਪਿਆ ਸੀ।

ਥਰੈਸ਼ਰ ਦੇ ਕਣਕ ਵਾਲੇ ਪਾਇਪ ਦਾ ਮੂੰਹ ਸਿੱਧਾ ਨਾਲ ਲਾਈ ਟਰਾਲੀ ਵਿੱਚ ਨੂੰ ਕਰਿਆ ਹੋਇਆ ਸੀ। ਜਿਸ ਚੋਂ ਧਾਰ ਬੰਨ੍ਹ ਕੇ ਕਣਕ ਟਰਾਲੀ ਵਿੱਚ ਗਿਰਦੀ ਤੇ ਇੱਕ ਢੇਰੀ ਜਿਹੀ ਲੱਗਦੀ ਜਾਂਦੀ। ਕਣਕ ਉੱਪਰ ਨੂੰ ਖਿੱਚਣ ਲਈ ਬਸੰਤ ਹੱਥ 'ਚ ਕਹੀ ਫੜੀਂ ਟਰਾਲੀ ਵਿੱਚ ਖੜਾ ਸੀ। ਕਦੇ ਉਹ ਕਣਕ ਮੂਹਰ ਨੂੰ ਖਿੱਚਦਾ। ਕਦੇ ਟਰਾਲੀ ਦੇ ਵਿੱਢਾਂ ਨਾਲ ਬੰਨ੍ਹੀਆਂ, ਹਵਾ ਨਾਲ ਉੱਡ ਰਹੀਆਂ ਪੱਲੀਆਂ ਨੂੰ ਖਿੱਚ ਕੇ ਲੋਟ-ਸਿਰ ਕਰਦਾ ਤੇ ਕਦੇ ਭਰੀਆਂ ਚੁੱਕਣ ਜਾ ਰਹੇ ਭਈਆਂ ਨੂੰ ਲਲਕਾਰਾ ਮਾਰਦਾ। ਚਰਕ-ਚੂੰਡੇ ਵਾਂਗ ਘੁੰਮ ਰਿਹਾ ਸੀ ਉਹ।

"ਓਏ ਭੱਜ ਕੇ ਹੋ ਲੋ ਭੱਜ ਕੇ!... ਥੋਨੀ ਗੋਲੀ ਪੈ ਜੇ ਕਾਲੀ ਫੌਜ ਨੂੰ...!" ਟਰਾਲੀ 'ਚ ਖੜੇ ਬਸੰਤ ਬੁੱਚੜ ਨੇ ਭਰੀਆਂ ਚੁੱਕ ਕੇ ਮੁੜਦੇ ਭਈਆਂ ਨੂੰ ਫੇਰ ਲਲਕਾਰਾ ਛੱਡਿਆ।

ਇਕ ਹਵਾ ਮੂਹਰਲੀ। ਦੂਜਾ ਭਰੀਆਂ ਦਾ ਭਾਰ। ਤੇ ਤੀਜੀ ਕੜਾਕੇਦਾਰ ਧੁੱਪ। ਭਈਆਂ ਦੀਆਂ ਲਿਫ-ਲਿਫ ਜਾਂਦੀਆਂ ਕਾਲੀਆਂ-ਪਤਲੀਆਂ ਲੱਤਾਂ ਉਸਦੇ ਆਰ ਵਰਗੇ ਬੋਲਾਂ ਮੂਹਰੇ ਮੱਲੋ-ਮੱਲੀ ਲੰਬੀ ਡਿੰਗ ਪੁੱਟਣ ਲੱਗਦੀਆਂ। ਨੇੜੇ ਆ ਕੇ ਭਈਏ ਹੁੱਝਕਾ ਜਿਹਾ ਮਾਰ ਕੇ ਭਰੀ ਥਰੈਸ਼ਰ ਦੇ ਫੱਟੇ ਉੱਤੇ ਸੁੱਟਦੇ ਤੇ ਨਾਲ ਦੀ ਨਾਲ ਭਰੀ ਨਾਲੋਂ ਰੱਸੀ ਖੋਲ੍ਹ ਕੇ ਇੱਕ ਪਾਸੇ ਲੱਗੀ ਢੇਰੀ 'ਤੇ ਵਗਾਹ ਮਾਰਦੇ। ਜੇ ਕਿਸੇ ਭਈਏ ਤੋਂ ਕਾਹਲੀ-ਕਾਹਲੀ 'ਚ ਭਰੀ ਨਾਲੋਂ ਰੱਸੀ ਨਾ ਖੁੱਲ੍ਹਦੀ ਤਾਂ ਬਸੰਤ ਆਕਾਸ਼ ਵਿੱਚ ਚਮਕਦੇ ਸੂਰਜ ਨਾਲੋਂ ਵੀ ਤਿੱਖੀ ਗਰਮੀ ਛੱਡਦਾ, "ਆਹ ਆਵਦੀ ਮਾਂ ਰੱਸੀ ਨੂੰ ਖੋਲ੍ਹਦੇ ਮਾਂ ਦਿਆ...! ਮੁੱਲ ਆਈਆਂ ਨੇ ਇਹ ਤੇਰੀਆਂ ਮਾਵਾਂ। ਜੇ ਫੇਰ ਰੱਸੀ ਰੁੱਗ 'ਚ ਜਾਂਦੀ ਦੇਖ ਲੀ ਸਾਲੇ ਦਾ ਰੱਸੀ ਨਾਲ ਈ ਗਲ ਘੁੱਟ ਕੇ ਮਾਰ ਦੂੰ...!"

"ਬਸੰਤ...ਬੁੱਚੜ!... ਬੜੀ ਕੁੱਤੀ ਸ਼ੈਅ ਐ ਇਹ ਵੀ...!" ਬੁੱਲਾਂ 'ਚ ਹੀ ਵਿਸ ਜਿਹੀ ਘੋਲਦਾ ਹੋਇਆ ਮੈਂ ਮੰਜੇ ਤੋਂ ਉੱਠ ਕੇ ਖੜਾ ਹੋ ਗਿਆ।



ਸੂਰਜ ਸਿਖਰ ਤੇ ਆਉਣ ਕਾਰਨ ਦਰਖ਼ਤਾਂ ਦਾ ਪਰਛਾਵਾਂ ਥੋੜ੍ਹਾ ਜਿਹਾ ਪਰ੍ਹਾਂ ਨੂੰ ਖਿਸਕ ਗਿਆ ਸੀ। ਜਿਸ ਕਾਰਨ ਮੰਜੇ ਦੇ ਸਿਰ ਤੇ ਡੱਬ-ਖੜੱਬੀ ਧੁੱਪ ਚਮਕਣ ਲੱਗੀ। ਮੈਂ ਮੰਜਾ ਖਿੱਚ ਕੇ ਛਾਂ ਹੇਠਾਂ ਨੂੰ ਕਰ ਲਿਆ। ਫਿਰ ਪਰ੍ਹਾਂ ਛੱਪਰ ਹੇਠਾਂ ਬੰਨ੍ਹੀਆਂ ਮੈਸ੍ਹਾਂ ਵੱਲ ਨੂੰ ਸਰਸਰੀ ਜਿਹੀ ਨਿਗਾਹ ਮਾਰ ਕੇ ਦੁਬਾਰਾ ਮੰਜੇ ਤੇ ਬੈਠ ਗਿਆ। ਕੁੱਝ ਪਲ ਬੈਠਾ ਰਿਹਾ। ਫਿਰ ਬਸੰਤ ਕੇ ਚੱਲ ਰਹੇ ਥਰੈਸ਼ਰ ਵੰਨੀਓਂ ਧਿਆਨ ਹਟਾ ਕੇ ਔਹ ਸਾਹਮਣੇ ਦਿੱਸਦੇ ਭੱਠੇ ਵਾਲੇ ਸਕੂਲ ਵੱਲ ਨੂੰ ਵੇਖਣ ਲੱਗ ਪਿਆ।

ਦੂਰ ਦਰੱਖ਼ਤਾਂ 'ਚ ਘਿਰਿਆ ਭੱਠੇ ਵਾਲਾ ਸਕੂਲ ਸਾਡੇ ਖੇਤੋਂ ਸਾਫ਼ ਦਿੱਸਦਾ ਸੀ। ਸਕੂਲ ਮੂਹਰਦੀ ਲੰਘਦੀ ਮੇਨ-ਰੋਡ ਤੋਂ ਦੀ ਲੰਘਦੇ ਜਾਂਦੇ ਟਰੱਕ-ਬੱਸਾਂ ਉਸ ਤੋਂ ਵੀ ਸਪੱਸ਼ਟ ਦਿੱਸਦੇ। ਮੇਰਾ ਬਾਪੂ ਦੱਸਦਾ ਹੁੰਦਾ ਸੀ ਕਿ ਪੁਰਾਣੇ ਸਮਿਆਂ ਵਿੱਚ ਔਸ ਸੜਕ ਕਿਨਾਰੇ ਇੱਕ ਇੱਟਾਂ ਦਾ ਭੱਠਾ ਹੁੰਦਾ ਸੀ। ਹੌਲੀ-ਹੌਲੀ ਭੱਠਾ ਤਾਂ ਬੰਦ ਹੋ ਗਿਆ। ਫਿਰ ਸਾਡੇ ਪਿੰਡ ਵਾਲੇ ਦੀਵਾਨੇ ਸਰਦਾਰ ਨੇ ਉਹ ਭੱਠੇ ਵਾਲੀ ਜ਼ਮੀਨ ਖਰੀਦ ਕੇ ਉਸ ਤੇ ਸਰਕਾਰੀ ਸਕੂਲ ਬਣਵਾ ਦਿੱਤਾ। ਲੋਕ ਦੱਸਦੇ ਕਿ ਉਨ੍ਹੀਂ ਦਿਨੀਂ ਦੀਵਾਨੇ ਦੀ ਸਰਕਾਰੇ-ਦਰਬਾਰੇ ਖਾਸੀ ਪਹੁੰਚ ਹੁੰਦੀ। ਆਪਣੀ ਪਹੁੰਚ ਦੇ ਬੁੱਤੇ ਤੇ ਹੀ ਉਸਨੇ ਉਸ ਵੇਲੇ ਸਕੂਲ ਨੂੰ ਸਰਕਾਰੀ ਮਨਜ਼ੂਰੀ ਦਿਵਾਈ। ਸਕੂਲ ਬਣਵਾ ਕੇ ਉਸਨੇ ਸਕੂਲ ਦੇ ਮੇਨ-ਗੇਟ ਤੇ ਆਪਣਾ ਨਾਂ ਵੀ ਲਿਖਵਾਇਆ। ਪਰ ਸਕੂਲ ਉਸਦੇ ਨਾਂ ਨਾਲ ਨਹੀਂ, ਸਗੋਂ ਆਪਣੀ ਪੁਰਾਣੀ ਭੱਠੇ ਵਾਲੀ ਪਛਾਣ ਨਾਲ ਹੀ ਮਸ਼ਹੂਰ ਹੋਇਆ। ਉਦੋਂ ਤੋਂ ਹੀ ਇਹ ਸਕੂਲ ਭੱਠੇ ਵਾਲਾ ਸਕੂਲ ਵੱਜਦਾ ਸੀ।

ਸਕੂਲ ਦੇ ਨਾਲ ਹੀ ਪਰਲੇ ਪਾਸੇ ਬਾਜ਼ੀਗਰ ਬਸਤੀ ਸੀ। ਉਂਝ ਤਾਂ ਬਾਜ਼ੀਗਰ-ਬਾਜ਼ੀਗਰਨੀਆਂ ਲੋਕਾਂ ਦੇ ਖੂਹਾਂ ਤੋਂ ਹਰਾ-ਚਾਰਾ, ਤੂੜੀ-ਤੱਪਾ ਲੈਣ ਆਉਂਦੇ ਹੀ ਰਹਿੰਦੇ। ਬਦਲੇ 'ਚ ਅਗਲੇ ਦਾ ਕੋਈ ਕੰਮ-ਧੰਦਾ ਕਰਵਾ ਜਾਂਦੇ। ਪਰ ਲੰਬੜ ਬਾਜ਼ੀਗਰ ਦਾ ਆਪਣਾ ਹੀ ਵਿਧੀ-ਵਿਧਾਨ ਸੀ। ਉਹ ਲੋਕਾਂ ਦੇ ਖੂਹਾਂ ਤੇ ਆਮ ਨਹੀਂ ਆਉਂਦਾ ਸੀ। ਸਿਰਫ਼ ਹਾੜੀ-ਸਾਉਣੀ ਵੇਲੇ ਫਸਲਾਂ ਦੀ ਵਢਾਈ-ਕਢਾਈ ਵੇਲੇ ਹੀ ਆਉਂਦਾ। ਜਦੋਂ ਵੀ ਉਹ ਆਉਂਦਾ, ਉਸਦੇ ਕੋਲ ਡਾਂਗਾ ਦੀ ਇੱਕ ਪਛੂਕੜੀ ਚੁੱਕੀ ਹੁੰਦੀ। ਨਵੀਆਂ-ਨਕੋਰ ਕਹਿੰਦੀਆਂ-ਕਹਾਉਂਦੀਆਂ ਡਾਂਗਾ। ਅੱਧੀਆਂ ਡਾਂਗਾ 'ਤੇ ਉਸਨੇ ਤਾਂਬੇ ਤੇ ਸਿਲਵਰ ਦੀਆਂ ਤਾਰਾਂ ਮੜ੍ਹ ਕੇ ਸਪਰਿੰਗਦਾਰ ਛੱਲੇ ਜਿਹੇ ਬਣਾਏ ਹੁੰਦੇ। ਕਈ ਡਾਂਗਾਂ ਦੇ ਇੱਕ ਸਿਰੇ ਤੇ ਤਾਂ ਲੋਹੇ ਦਾ ਲਾਟੂ ਜਿਹਾ ਵੀ ਚੜ੍ਹਾਇਆ ਹੁੰਦਾ। ਇਸ ਨੂੰ ਉਹ ਸੰਮਾਂ ਵਾਲੀ ਡਾਂਗ ਕਹਿੰਦਾ ਹੁੰਦਾ। ਅੱਧੀਆਂ ਡਾਂਗਾ ਸਧਾਰਨ ਹੀ ਹੁੰਦੀਆਂ। ਪਰ ਡਾਂਗ ਹਰੇਕ ਜੁੰਮਸ ਵਰਗੀ ਹੁੰਦੀ। ਧਰਤੀ ਤੇ ਮਾਰੋ ਤਾਂ ਬੱਦਲ ਵਾਂਗ ਗਰਜਦੀ।

ਆਮ ਕਰਕੇ ਉਹ ਕਣਕਾਂ ਵੇਲੇ ਜ਼ਿਆਦਾ ਆਉਂਦਾ ਹੁੰਦਾ। ਜੀਰੀਆਂ ਵੇਲੇ ਤਾਂ ਕਈ ਵਾਰੀ ਨਾ ਵੀ ਆਉਂਦਾ। ਉਹ ਲੋਕਾਂ ਦੇ ਪਿੜ੍ਹਾਂ 'ਚੋਂ ਬਚੀ-ਖੁਚੀ ਘੁੰਢੀਆਂ ਵਾਲੀ ਕਣਕ ਹੂੰਝ ਲੈਂਦਾ ਤੇ ਬਦਲੇ 'ਚ ਅਗਲੇ ਨੂੰ ਕਣਕ ਦੇ ਹਿਸਾਬ ਨਾਲ ਇੱਕ ਜਾਂ ਦੋ ਡਾਂਗਾਂ ਦੇ ਦਿੰਦਾ। ਡਾਂਗਾਂ ਰੱਖਣ ਦੇ ਸ਼ੁਕੀਨਾਂ ਵਿੱਚ ਕਣਕਾਂ ਵੇਲੇ ਲੰਬੜ ਬਾਜ਼ੀਗਰ ਦੀ ਖ਼ਾਸ ਉਡੀਕ ਰਹਿੰਦੀ।

ਮੈਨੂੰ ਵੀ ਉਸ ਤੋਂ ਡਾਂਗ ਲੈਣ ਦਾ ਬੜਾ ਚਾਉ ਰਹਿੰਦਾ ਸੀ। ਤੀਏ ਪਹਿਰ ਥੋੜ੍ਹੀ ਜਿਹੀ ਧੁੱਪ ਢਲ੍ਹੀ ਤੋਂ ਅਸੀਂ ਕਈ ਜਣੇ ਮੈਸ੍ਹਾਂ ਚਾਰਨ ਜਾਂਦੇ ਹੁੰਦੇ। ਅਸੀਂ ਸਾਰੀਆਂ ਮੈਸ੍ਹਾਂ ਇਕੱਠੀਆਂ ਕਰਕੇ ਮੂਹਰੇ ਲਾ ਲੈਂਦੇ। ਮਗਰ-ਮਗਰ ਆਪ ਹੋ ਤੁਰਦੇ। ਦੂਰ-ਦੂਰ ਤੱਕ ਵਾਢੇ ਖੁੱਲ੍ਹੇ ਪਏ ਹੁੰਦੇ। ਮੈਸ੍ਹਾਂ ਖੱਤਿਆਂ ਵਿੱਚ ਦੀ ਚਰਦੀਆਂ-ਚਰਦੀਆਂ ਔਹ ਛੰਨਾਂ ਵਾਲੇ ਬੀੜ੍ਹ ਵੱਲ ਜਾ ਨਿਕਲਦੀਆਂ। ਅਸੀਂ ਲੰਬੜ ਬਾਜ਼ੀਗਰ ਵਾਲੀਆਂ ਡਾਂਗਾਂ ਗਰਦਨਾਂ ਦੇ ਮਗਰਦੀ ਮੋਢਿਆਂ ਤੇ ਰੱਖ ਲੈਂਦੇ। ਉਤੋਂ ਦੀ ਬਾਹਾਂ ਦਾ ਵਲ੍ਹੇਟਾ ਪਾ ਲੈਂਦੇ। ਫਿਰ ਮੜਕ ਨਾਲ ਪੱਬ ਚੁੱਕ-ਚੁੱਕ ਤੁਰਦੇ।

"ਕਿਉਂ ਸਰਦਾਰਾ! ਕੋਈ ਡਾਂਗ-ਸ਼ਾਂਗ ਲੈਣੀ ਉ...!" ਅਚਾਨਕ ਹੀ ਮੇਰੇ ਕੰਨਾਂ ਨਾਲ ਲੰਬੜ ਬਾਜ਼ੀਗਰ ਦੀ ਆਵਾਜ਼ ਟਕਰਾਈ। ਮੈਸ੍ਹਾਂ ਵਾਲੇ ਛੱਪਰ ਦੇ ਪਿਛਲੇ ਪਾਸੇ ਅਸੀਂ ਕੱਦੂਆਂ ਦੀਆਂ ਵੇਲਾਂ ਲਾਈਆਂ ਹੋਈਆਂ ਸਨ। ਵੇਲਾਂ ਕੋਲ ਦੀ ਲੰਘ ਕੇ ਉਹ ਪਤਾ ਨਹੀਂ ਕਦੋਂ ਮੇਰੇ ਕੋਲ ਆ ਖੜਿਆ।

"ਓਏ ਲੈਣੀ ਕਿਉਂ ਨੀ ਲੰਬੜਾ। ਤੈਨੂੰ ਉਡੀਕਦਾ ਤਾਂ ਮੈਂ ਸਵੇਰ ਦਾ ਐਥੇ ਬੈਠਾਂ...!" ਉਸਨੂੰ

ਦੇਖ ਮੈਂ ਮੰਜੇ ਤੋਂ ਉੱਠ ਕੇ ਖੜਾ ਹੋ ਗਿਆ।

"ਹਲਾ! ਹਲਾ!... ਐ ਆਹ ਵੇਖ ਫੇਰ ਡਾਂਗ ਕੇਰਾਂ।... ਝੋਟੇ ਦੇ ਸਿਰ ਅਰਗੀ ਊ ਸਰਦਾਰਾ...!" ਡਾਂਗਾਂ ਵਾਲੀ ਪਛੂਕੜੀ ਨੂੰ ਔਲੂ ਦੀ ਮੌਣ 'ਤੇ ਰੱਖ ਕੇ ਉਸਨੇ ਇੱਕ ਨਰੋਈ ਜਿਹੀ ਡਾਂਗ ਕੱਢੀ। ਫਿਰ ਹੇਠਾਂ ਧਰਤੀ ਨਾਲ ਮਾਰ ਕੇ ਖੜਕਾਈ।

ਡਾਂਗ ਦੈੜ ਦੇਣੇ ਖੜਕੀ। ਸਰ੍ਹੋਂ ਦੇ ਤੇਲ ਨਾਲ ਚੋਪੜੀ ਹੋਈ ਡਾਂਗ ਸੱਪ ਦੀ ਪਿੱਠ ਵਾਂਗ ਲਿਸ਼ਕਦੀ ਸੀ।

"ਲੈ ਫੇਰ ਲੰਬੜਾ, ਤੇਰਾ ਕਿਹਾ ਵੀ ਕੀ ਮੋੜਨੈ। ਡਾਂਗ ਮੈਨੂੰ ਵੀ ਇਹੀ ਪਸੰਦ ਐ।... ਲੈ ਆਪਾਂ ਵੀ ਤੇਰਾ ਹੱਕ ਨੀ ਰੱਖਦੇ। ਔਹ ਪਈ ਐ ਪਿੜ 'ਚ ਕਣਕ ਦੀ ਢੇਰੀ। ਜਾ ਕੇ ਪਾ ਲੈ ਕੱਪੜੇ 'ਚ। ਵਿੱਚ ਘੁੰਢੀਆਂ ਨੇ ਮਾੜੀਆਂ-ਮੋਟੀਆਂ। ਘਰੇ ਜਾ ਕੇ ਝਾਰਨਾ ਫੇਰ ਲੀਂ...!" ਉਸ ਦੇ ਹੱਥ 'ਚੋਂ ਡਾਂਗ ਫੜ ਕੇ ਮੈਂ ਸਾਡੇ ਪਿੜ ਵੱਲ ਨੂੰ ਇਸ਼ਾਰਾ ਕੀਤਾ।

"ਓ ਜਿਊਂਦਾ ਰਹਿ ਸਰਦਾਰਾ! ਰੱਬ ਤੈਨੂੰ ਬਾਹਲਾ ਦੇਵੇ! ਸਦਾ ਸੱਤੀਂ-ਪਾਹੀਂ ਢੁੱਕਣ ਸਰਦਾਰਾ ਤੇਰੇ ਘਰੇ!... ਤੇ ਅਸਾਂ ਮਾੜ੍ਹੜਾਂ ਦੀਆਂ ਝੋਲੀਆਂ ਭਰਦੀਆਂ ਰਹਿਣ!" ਉਹ ਮੈਨੂੰ ਖਾਸਾ ਚਿਰ ਅਸੀਸਾਂ ਦਿੰਦਾ ਰਿਹਾਂ ਤੇ ਮੈਂ ਉਸ ਦੀ ਸਿਆਣੀ ਚਿੱਟੀ ਦਾੜ੍ਹੀ ਵੱਲ ਨੂੰ ਵੇਖਦਾ ਰਿਹਾ।

ਉਸਦੇ ਝੁਰੜੀਆਂ ਭਰੇ ਸਿਆਣੇ ਚਿਹਰੇ ਤੇ ਜਿਵੇਂ ਖ਼ੁਸ਼ੀ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੋਵੇ। ਮੈਂ ਅਜੇ ਉਸ ਸਮੁੰਦਰ ਦੀਆਂ ਲਹਿਰਾਂ ਵੱਲ ਹੀ ਵੇਖ ਰਿਹਾ ਸੀ ਕਿ ਉਹ ਬੋਲਿਆ, "ਬੁੱਕ ਪਾਣੀ ਦੀ ਤਾਂ ਪਿਆ ਦੇ ਸਰਦਾਰਾ! ਬੜੀ ਗਰਮੀ ਊ ਮਾਂ ਯਾਵ੍ਹੀ!"

"ਪਾਣੀ ਜਿੰਨਾ ਮਰਜ਼ੀ ਲੰਬੜਾ...!" ਤੂਤ ਦੀਆਂ ਜੜ੍ਹਾਂ ਕੋਲ ਪਏ ਪਾਣੀ ਵਾਲੇ ਘੜੇ 'ਚੋਂ ਸਟੀਲ ਦਾ ਗਿਲਾਸ ਭਰ ਕੇ ਉਸ ਵੱਲ ਨੂੰ ਵਧਾਉਂਦਾ ਹੋਇਆ ਮੈਂ ਫਿਰ ਉਸ ਦੇ ਸਿਆਣੇ ਚਿਹਰੇ ਵੱਲ ਨੂੰ ਵੇਖਣ ਲੱਗ ਪਿਆ।

"ਓ..ਨਾ..ਸਰਦਾਰਾ!... ਤੇਰਾ ਗਿਲਾਸ ਭਿੱਟਿਆ ਜਾਣੈ!... ਮੈਂ ਊਂਜਲ ਕਰਦਾਂ ਤੂੰ ਪਾ ਪਾਣੀ...!" ਗਿਲਾਸ ਫੜਨ ਤੋਂ ਉਹ ਕੁੱਝ ਝੇਪ ਜਿਹੀ ਮੰਨ ਗਿਆ।

"ਓਏ ਛੱਡਿਆ ਕਰ ਲੰਬੜਾ ਇਨ੍ਹਾਂ ਗੱਲਾਂ ਨੂੰ! ਗਏ ਉਹ ਜ਼ਮਾਨੇ ਹੁਣ। ਤੂੰ ਚੁੱਪ ਕਰਕੇ ਗਲਾਸ ਫੜ ਤੇ ਪਾਣੀ ਪੀ!" ਉਸਦੀ ਝੇਪ ਨੂੰ ਤਾੜਦੇ ਹੋਏ ਮੈਂ ਧੱਕੇ ਨਾਲ ਗਿਲਾਸ ਉਸਦੇ ਹੱਥ ਵਿੱਚ ਫੜਾ ਦਿੱਤਾ।

"ਆਹ-ਹਾ-ਹਾ-! ਜਿਊਂਦਾ ਰਹਿ ਸਰਦਾਰਾ! ਜਵਾਨੀਆਂ ਮਾਣੇ! ਰੱਬ ਤੈਨੂੰ ਭਾਗ ਲਾਵੇ...!" ਪਾਣੀ ਪੀਣ ਸਾਰ ਹੀ ਉਸਦੇ ਮੂੰਹੋਂ ਪਹਿਲਾਂ ਅਸੀਸ ਨਿਕਲੀ। ਫਿਰ ਉਸਨੇ ਗਿਲਾਸ ਨੂੰ ਮਿੱਟੀ ਦਾ ਹੱਥ ਲਾ ਕੇ ਮਾਂਜਿਆ। ਔਲੂ 'ਚੋਂ ਪਾਣੀ ਲੈ ਕੇ ਘੰਗਾਲਿਆ। ਗਿਲਾਸ ਨੂੰ ਘੜੇ ਤੇ ਮੂਧਾ ਮਾਰਦਾ ਹੋਇਆ ਉਹ ਫਿਰ ਬੋਲਿਆ, "ਚੱਲ ਖਾਂ ਫੇਰ ਸਰਦਾਰਾ। ਚਕਾ ਕੇਰਾਂ ਕਿਹੜੀ ਢੇਰੀ-ਸੇਰੀ ਊ...।"

ਔਲੂ ਦੀ ਮੌਣ ਤੋਂ ਡਾਂਗਾਂ ਵਾਲੀ ਪਛੂਕੜੀ ਚੁੱਕ ਕੇ ਉਸਨੇ ਮੋਢਿਆਂ ਤੇ ਰੱਖ ਲਈ ਤੇ ਮੇਰੇ ਮੂਹਰੇ-ਮੂਹਰੇ ਪਿੜ ਵੱਲ ਨੂੰ ਹੋ ਤੁਰਿਆ। ਲਈ ਡਾਂਗ ਨੂੰ ਮੰਜੇ ਤੇ ਰੱਖ ਕੇ ਮੈਂ ਵੀ ਉਸ ਦੇ ਮਗਰ-ਮਗਰ ਹੋ ਲਿਆ।

"ਆਹ ਚੱਕ ਬਈ ਲੰਬੜਾ ਢੇਰੀ। ਕਰ ਲੈ ਸਾਰੀ 'ਕੱਠੀ...।" ਪਿੜ 'ਚ ਪਈ ਘੁੰਢੀਆਂ ਵਾਲੀ ਕਣਕ ਦੀ ਢੇਰੀ ਕੋਲ ਜਾਂਦਿਆਂ ਹੀ ਮੈਂ ਇਸ਼ਾਰਾ ਕੀਤਾ।

"ਓ ਸ਼ਾਬਾਸ਼ੇ! ਬਈ ਸ਼ਾਬਾਸ਼ੇ ਸਰਦਾਰਾ! ਝੋਲੀਆਂ ਭਰੀਆਂ ਰਹਿਣ! ਰੱਬ ਬਹੁਤਾ ਦੇਵੇ!" ਡਾਂਗਾਂ ਵਾਲੀ ਪਛੂਕੜੀ ਹੇਠਾਂ ਰੱਖ, ਕੱਛ 'ਚ ਦਿੱਤੇ ਚਾਦਰੇ ਨੂੰ ਵਿਛਾ ਕੇ ਉਹ ਦਵਾ-ਦਵ ਕਣਕ ਹੂੰਝਣ ਲੱਗ ਪਿਆ। ਅਸੀਸਾਂ ਉਸਦੇ ਮੂੰਹੋਂ ਅਜੇ ਵੀ ਉਸੇ ਤਰ੍ਹਾਂ ਨਿੱਕਲ ਰਹੀਆਂ ਸਨ।

ਅੱਖ ਦੇ ਫੌਰ ਵਿੱਚ ਹੀ ਉਸਨੇ ਛੋਟੀ ਜਿਹੀ ਢੇਰੀ ਹੂੰਝ ਕੇ ਚਾਦਰੇ 'ਚ ਬੰਨ੍ਹ ਲਈ ਤੇ ਉੱਠ ਕੇ ਖੜਾ ਹੋ ਗਿਆ। ਫਿਰ ਚਾਦਰੇ 'ਚ ਬੰਨ੍ਹੀ ਕਣਕ ਦੀ ਪਟੋਕਲੀ ਨੂੰ ਸਿਰ 'ਤੇ ਰੱਖਦਾ ਹੋਇਆ ਬੋਲਿਆ,



"ਆਹ ਡਾਂਗਾਂ ਆਲੀ ਪਛੂਕੜੀ ਤਾਂ ਫੜਾਈਂ ਸਰਦਾਰਾ।"

"ਆਹ ਲੈ ਫੜ ਲੰਬੜਾ...।" ਮੈਂ ਅਜੇ ਡਾਂਗਾਂ ਵਾਲੀ ਪਛੂਕੜੀ ਚੁੱਕ ਕੇ ਉਸਦੇ ਮੋਢੇ 'ਤੇ ਹੀ ਰੱਖੀ ਸੀ ਕਿ ਉਹ ਫਿਰ ਬੋਲ ਪਿਆ, "ਸਰਦਾਰਾ, ਆਹ ਬੁੱਚੜ ਵੀ ਕੱਢਣ ਲੱਗ ਈ ਪਿਆ ਦਾਣੇ...ਹੈਂਅ...?"

"ਕੱਢਣ ਤਾਂ ਲੱਗ ਪਿਆ ਲੰਬੜਾ। ਜੇ ਕਿਸੇ ਨੂੰ ਦੱਸੇਂਗਾ ਨੀ...!" ਬਸੰਤ ਕੇ ਥਰੈਸ਼ਰ ਵੰਨੀਂ ਨੂੰ ਝਾਕਦੇ ਹੋਏ ਮੈਂ ਉਸਨੂੰ ਟਿੱਚਰ ਮਾਰੀ।

"ਓ... ਆਪਾਂ ਸਰਦਾਰਾ ਕਿਸੇ ਨੂੰ ਦੱਸ ਕੇ ਕੀ ਲੈਣਾ ਭਲਾ! ਰੱਬ ਬਚਾਵੇ ਮਾਂ ਯਾਵ੍ਹੇ ਬੁੱਚੜ ਤੋਂ...!" ਮੇਰੀ ਟਿੱਚਰ ਦੇ ਜਵਾਬ ਵਿੱਚ ਮੂੰਹ ਜਿਹਾ ਕੁਸੈਲਾ ਕਰਦਾ ਹੋਇਆ ਉਹ ਖਾਲੋ-ਖਾਲ ਪਰ੍ਹਾਂ ਭੋਲੇ ਕੀ ਮੋਟਰ ਵੱਲ ਨੂੰ ਤੁਰ ਪਿਆ।

ਖਾਸਾ ਚਿਰ ਮੈਂ ਉਸਦੀ ਪਿੱਠ ਵੰਨੀਂ ਵੇਖਦਾ ਰਿਹਾ। ਤੁਰਿਆ ਜਾਂਦਾ ਜਦੋਂ ਉਹ ਖਾਸੀ ਦੂਰ ਚਲਿਆ ਗਿਆ ਤਾਂ ਮੈਂ ਵਾਪਿਸ ਮੰਜੇ ਤੇ ਆ ਕੇ ਬੈਠ ਗਿਆ। ਮੰਜੇ ਤੇ ਪਈ ਸੱਪ ਦੀ ਪਿੱਠ ਵਾਂਗ ਲਿਸ਼ਕਦੀ ਡਾਂਗ ਨੂੰ ਚੁੱਕ ਕੇ ਅਜੇ ਮੈਂ ਜੀਅ ਭਰਕੇ ਵੇਖਿਆ ਵੀ ਨਹੀਂ ਸੀ ਕਿ ਸਾਹਮਣੇ ਖੱਤੇ 'ਚ ਮਾਰੋ-ਮਾਰ ਚੱਲਦੇ ਥਰੈਸ਼ਰ ਦੀ ਗੂੰਜਾਰ ਇਕਦਮ ਬੰਦ ਹੋ ਗਈ।

ਅੱਖਾਂ ਪੁੱਟ ਕੇ ਮੈਂ ਓਧਰ ਨੂੰ ਵੇਖਿਆ। ਬਸੰਤ ਦਾ ਬੜਾ ਮੁੰਡਾ ਜੰਟਾ ਚਾਹ ਵਾਲੀ ਢੋਲੀ ਲਈ ਖੜਾ ਸੀ। ਟਰੈਕਟਰ ਵੀ ਉਸੇ ਨੇ ਬੰਦ ਕੀਤਾ ਸੀ। ਚਾਹ ਪੀਣ ਲਈ।

"ਚਾਹ ਝੁਲਸ ਲੈ ਓਏ! ਆਜੋ ਛੇਤੀ ਕੇਰਾਂ...!" ਥਰੈਸ਼ਰ ਦੇ ਬੰਦ ਹੁੰਦਿਆਂ ਹੀ ਟਰਾਲੀ 'ਚ ਖੜੇ ਬਸੰਤ ਨੇ ਸਾਰੇ ਭਈਆਂ ਨੂੰ ਹੋਕਰਾ ਮਾਰਿਆ।

ਹੋਕਰਾ ਜਿਵੇਂ ਕੋਈ ਹਿਟਲਰੀ ਹੁਕਮ ਸੀ। ਰੁੱਗ ਲਾਉਣ ਵਾਲੇ ਭਈਏ ਫੱਟ ਦੇਣੇ ਛਾਲਾਂ ਮਾਰ ਕੇ ਹੇਠਾਂ ਉੱਤਰ ਆਏ। ਪਰ੍ਹਾਂ ਭਰੀਆਂ ਚੁੱਕਣ ਵਾਲੇ ਭਈਏ ਵੀ ਲੱਤਾਂ ਜਿਹੀਆਂ ਘੜੀਸਦੇ ਹੋਏ ਥਰੈਸ਼ਰ ਕੋਲ ਨੂੰ ਤੁਰ ਪਏ। ਇਸੇ ਦੌਰਾਨ ਟਰਾਲੀ ਕੋਲ ਬੈਠਾ ਜੰਟਾ ਵੀ ਸਟੀਲ ਦੇ ਗਿਲਾਸਾਂ 'ਚ ਚਾਹ ਪਾਉਣ ਲੱਗ ਪਿਆ ਸੀ।

"ਸਰਦਾਰ ਜੀ ਥੋੜ੍ਹਾ ਗੁੜ੍ਹ ਤੋ ਦੇਨਾ। ਬੜਾ ਗਰਦਾ ਚੜ੍ਹਤਾ ਹੈ...!" ਰੁੱਗ ਲਾਉਣ ਵਾਲੇ ਭਈਏ ਟਰਾਲੀ 'ਚੋਂ ਉੱਤਰਦੇ ਬਸੰਤ ਵੰਨੀਂ ਨੂੰ ਮੰਗਤਿਆਂ ਵਾਂਗ ਹੱਥ ਅੱਡਦੇ ਹੋਏ ਬੋਲੇ।

"ਆਹ ਪਿਐ ਓਏ ਟਰਾਲੀ ਦੇ ਟੈਰ ਕੋਲ। ਮੋਮੀ ਕਾਗ਼ਤ ਦੇ ਲਫਾਫ਼ੇ 'ਚ। ਲੈ ਲੋ ਭੋਰਾ-ਭੋਰਾ ਵੰਡ ਕੇ।" ਜੰਟੇ ਤੋਂ ਚਾਹ ਦਾ ਗਿਲਾਸ ਫੜਦੇ ਹੋਏ ਉਸਨੇ ਜਿਵੇਂ ਅਹਿਸਾਨ ਜਿਹਾ ਜਿਤਾਇਆ ਹੋਵੇ।

"ਸਰਦਾਰ ਜੀ! ਹਮੇ ਵੀ ਗੁੜ੍ਹ ਦੇਨਾ ਜਰਾ...!" ਨੇੜੇ ਆਉਣ ਤੇ ਭਰੀਆਂ ਚੁੱਕਣ ਵਾਲੇ ਭਈਆਂ 'ਚੋਂ ਇੱਕ ਜਣਾ ਖਾਲੀ ਹੋਇਆ ਲਿਫਾਫਾ ਦਿਖਾਉਂਦਾ ਹੋਇਆ ਬੋਲ ਪਿਆ।

"ਤਾੜ- !!... ਆਹ ਚਾਹ ਚੱਕ ਲੋ ਓਏ ਚੁੱਪ ਕਰਕੇ! ਚੋਦੇ ਗੁੜ੍ਹ ਦੇ! ਭੇਲੀ ਨਾ ਦੇ ਦਾਂ ਕਿਤੇ ਥੋਨੂੰ ਪਰੌਣਿਆਂ ਨੂੰ!.. ਨਾਲੇ ਦੋ ਮਿੰਟਾਂ 'ਚ ਚਾਹ ਝੁਲਸ ਲੋ। ਤੀਆ ਮਿੰਟ ਨਾ ਲੱਗੇ ਐਥੇ... ਸਮਝੇ..!!" ਇਕ ਭਈਏ ਦੇ ਥੱਪੜ ਮਾਰ ਕੇ ਬਾਕੀਆਂ ਨੂੰ ਸਲੋਕ ਸੁਣਾਉਂਦਾ ਹੋਇਆ ਬਸੰਤ ਬੁੱਚੜ ਚਾਹ ਦਾ ਗਿਲਾਸ ਹੱਥ 'ਚ ਫੜੀ ਪਰ੍ਹਾਂ ਤੂੜੀ ਦੀ ਧੜ ਵੱਲ ਨੂੰ ਤੁਰ ਪਿਆ।

ਗੁੜ੍ਹ ਮੰਗਣ ਵਾਲੇ ਭਈਏ ਦੇ ਪਿਆ ਥੱਪੜ ਵੇਖ ਕੇ ਮੈਂ ਇਕਦਮ ਤ੍ਰਭਕ ਗਿਆ। ਮੈਨੂੰ ਜਾਪਿਆ ਜਿਵੇਂ ਭਈਏ ਦੇ ਨਹੀਂ, ਥੱਪੜ ਮੇਰੀ ਗੱਲ੍ਹ ਤੇ ਪਿਆ ਹੋਵੇ।

"ਬੁੱਚੜ... ਸਾਲਾ...!" ਨਾ ਚਾਹੁੰਦੇ ਹੋਏ ਵੀ ਮੇਰੇ ਮੂੰਹੋਂ ਅਚੇਤ ਹੀ ਗਾਲ੍ਹ ਨਿਕਲ ਗਈ।

"ਕੰਨ ਖੋਲ੍ਹ ਕੇ ਸੁਣ ਲੋ! ਆਹ ਖੱਤੇ 'ਚ ਜਿਹੜੀਆਂ ਸੱਤ ਤੀਮੀਆਂ ਬੱਲੀਆਂ ਚੁਗਦੀਆਂ ਨੇ। ਏਹੀ ਚੁਗਣਗੀਆਂ ਬੱਸ।... ਜੇ ਕੋਈ ਅੱਠਮੀਂ ਤੀਮੀਂ ਖੱਤੇ 'ਚ ਵੜਦੀ ਦੇਖ ਲੀ ਤਾਂ ਲੱਤਾਂ ਤੋੜ ਦੂੰ ਕਮਜ਼ਾਤ ਦੀਆਂ!... ਹੁਣ ਆਵਦਾ ਪੜ੍ਹਿਆ ਵਿਚਾਰ ਲਿਓ...!" ਤੂੜੀ ਦੀ ਧੜ ਕੋਲ ਖੜਾ ਉਹ ਝੋਟੇ ਵਾਂਗ ਰਿੰਗ ਰਿਹਾ ਸੀ।

ਉਸਦਾ ਅੜ੍ਹਾਟ ਸੁਣ ਕੇ ਮੈਂ ਵੇਖਿਆ ਕਿ ਸੱਤ ਤੀਵੀਆਂ ਉਨ੍ਹਾਂ ਦੇ ਖੱਤੇ 'ਚੋਂ ਬੱਲੀਆਂ ਚੁੱਗ ਰਹੀਆਂ ਸਨ। ਸਾਰੀਆਂ ਨੇ ਹੱਥਾਂ ਵਿੱਚ ਰੇਹ ਵਾਲੇ ਖ਼ਾਲੀ ਥੈਲੇ ਫੜੇ ਹੋਏ। ਚੁੱਗ ਤਾਂ ਹੋਰ ਵੀ ਖਾਸੀਆਂ ਤੀਵੀਆਂ ਰਹੀਆਂ ਸਨ। ਪਰ ਬਸੰਤ ਦੇ ਖੱਤੇ 'ਚੋਂ ਨਹੀਂ। ਪਰ੍ਹਾਂ ਹੋਰ ਲੋਕਾਂ ਦੇ ਖੱਤਿਆਂ 'ਚੋਂ।

"ਹੱਟ ਤੇਰੀ ਬੁੱਚੜ ਦੀ।... ਤਾਹੀਂ ਤਾਂ ਲੋਕ ਸਾਲਿਆਂ ਤੈਨੂੰ ਬੁੱਚੜ ਕਹਿੰਦੇ ਨੇ..!" ਚਾਹ ਪੀ ਚੁੱਕੇ ਭਈਆਂ ਨੂੰ ਦੁਬਾਰਾ ਥਰੈਸ਼ਰ ਤੇ ਚੜ੍ਹਨ ਦਾ ਫੁਰਮਾਨ ਜਾਰੀ ਕਰਦੇ ਹੋਏ ਬਸੰਤ ਨੂੰ ਵੇਖ ਕੇ ਮੇਰੇ ਮੂੰਹੋਂ ਅਚੇਤ ਹੀ ਬਦ-ਦੁਆਵਾਂ ਜਿਹੀਆਂ ਨਿਕਲਣ ਲੱਗੀਆਂ।

ਪਤਾ ਨਹੀਂ ਕਿਉਂ ਮੈਨੂੰ ਟਰਾਲੀ 'ਚ ਚੜ੍ਹਿਆ ਹੋਇਆ ਉਹ ਇਕ ਸੱਚਮੁੱਚ ਦਾ ਬੁੱਚੜ ਦਿੱਸਣ ਲੱਗਿਆ। ਮੈਨੂੰ ਜਾਪਿਆ ਜਿਵੇਂ ਉਸਦੇ ਹੱਥ ਵਿੱਚ ਕਹੀ ਨਹੀਂ, ਬਲਕਿ ਖਪਰਾ ਫੜਿਆ ਹੋਵੇ। ਥਰੈਸ਼ਰ ਦੀ ਗੂੰਜ ਇਸ ਤਰ੍ਹਾਂ ਸੁਣਾਈ ਦੇਣ ਲੱਗੀ, ਜਿਵੇਂ ਟਰਾਲੀ 'ਚ ਖੜੇ ਬਸੰਤ ਨੂੰ ਵੇਖ ਕੇ ਮੇਮਣਿਆਂ ਦਾ ਇਕੱਠ ਮਿਆਂਕ ਰਿਹਾ ਹੋਵੇ। ਖਵਨੀ ਕਿਉਂ ਮੈਨੂੰ ਉਸ ਤੋਂ ਭੈਅ ਜਿਹਾ ਆਉਣ ਲੱਗਿਆ।

ਮੈਨੂੰ ਹੀ ਕਿਉਂ! ਉਸ ਤੋਂ ਹਰੇਕ ਬੰਦੇ ਨੂੰ ਹੀ ਭੈਅ ਆਉਂਦਾ ਸੀ। ਛੇਤੀ ਕੀਤੇ ਆਮ ਬੰਦਾ ਉਸਦੇ ਮੂੰਹ ਲੱਗਣ ਤੋਂ ਪਾਸਾ ਵੱਟਦਾ। ਸਾਰੇ ਪਿੰਡ ਵਿੱਚ ਉਹ ਬੁੱਚੜ ਦੇ ਨਾਂ ਨਾਲ ਮਸ਼ਹੂਰ ਸੀ। ਪਤਾ ਨਹੀਂ ਕਿਉਂ ਉਮਰ ਦੇ ਵਧਣ ਨਾਲ ਉਸਦਾ ਬੁੱਚੜਪੁਣਾ ਵੀ ਵਧਦਾ ਹੀ ਜਾਂਦਾ।

ਨਾਂ ਤਾਂ ਉਸਦਾ ਬਸੰਤ ਸੀ। ਬਲਕਿ ਬਸੰਤ ਸਿੰਘ। ਪਰ ਛੇ ਕੁ ਸਾਲ ਪਹਿਲਾਂ ਜਦੋਂ ਉਸਨੇ ਜੀਤੇ ਪੰਚ ਦਾ ਕੱਟਾ ਵੱਢਿਆ ਸੀ, ਉਦੋਂ ਤੋਂ ਲੋਕਾਂ ਨੇ ਉਸਦਾ ਨਾਂ ਬੁੱਚੜ ਧਰ ਲਿਆ। ਬਲਕਿ ਬਸੰਤ ਬੁੱਚੜ।

ਉਨ੍ਹਾਂ ਦੇ ਖੇਤ ਦੀ ਉਰਲੀ ਵੱਟ ਸਾਡੇ ਖੇਤ ਨਾਲ ਲੱਗਦੀ ਸੀ ਤੇ ਪਰਲੀ ਵੱਟ ਜੀਤੇ ਪੰਚ ਕਿਆਂ ਨਾਲ। ਉਸ ਦਿਨ ਉਹ ਜੀਰੀ ਨੂੰ ਪਾਣੀ ਲਾ ਰਿਹਾ ਸੀ। ਸਾਡੇ ਵਾਲੇ ਪਾਸੇ ਉਸਦਾ ਸੀਰੀ ਦੇਵ ਟੱਗੂ ਫਿਰਦਾ ਸੀ। ਪਰ੍ਹਾਂ ਜੀਤੇ ਪੰਚ ਕਿਆਂ ਵੰਨੀਂ ਉਸਨੇ ਆਪ ਕਹੀ ਚੁੱਕੀ ਹੋਈ। ਲੰਮਾ-ਚੌੜਾ ਕੱਦ। ਤੇੜ ਕਛਹਿਰਾ। ਗਲ ਖੱਦਰ ਦਾ ਕੁੜਤਾ। ਚਿੱਟੀ ਖੁੱਲ੍ਹੀ ਦਾੜ੍ਹੀ। ਸਿਰ ਤੇ ਪਰਨੇ ਦਾ ਮੰਡਾਸਾ ਮਾਰੀਂ ਉਹ ਵੱਟੋ-ਵੱਟ ਕਿਆਰੇ ਦੇਖਦਾ ਫਿਰ ਰਿਹਾ ਸੀ। ਕਹੀ ਉਸਨੇ ਮੋਢੇ ਤੇ ਰੱਖੀ ਹੋਈ।

ਕੋਈ ਤੀਏ ਕੁ ਪਹਿਰ ਜੀਤੇ ਪੰਚ ਕਾ ਭਈਆ ਆਪਣੇ ਔਲੂ ਤੋਂ ਮੈਂਸ੍ਹਾਂ ਨੂੰ ਪਾਣੀ ਪਿਆਉਣ ਲੱਗ ਪਿਆ। ਬਾਕੀ ਡੰਗਰਾਂ ਨੇ ਤਾਂ ਪਾਣੀ ਪੀ ਕੇ ਚੁੱਪ-ਚਾਪ ਖੁਰਲ੍ਹੀ ਵੱਲ ਨੂੰ ਮੂੰਹ ਕਰ ਲਿਆ। ਪਰ ਇੱਕ ਕੱਟਾ ਭੂਤਰ ਗਿਆ ਸੀ। ਜਿਉਂ ਹੀ ਭਈਏ ਨੇ ਉਸਨੂੰ ਪਾਣੀ ਪਿਆ ਕੇ ਖੁਰਲ੍ਹੀ ਵੱਲ ਨੂੰ ਹੱਕਿਆ ਤਾਂ ਕੱਟਾ ਰੱਸਾ ਛੁਡਾ ਕੇ ਔਹ ਗਿਆ ਤੇ ਪਿਛਲੀਆਂ ਲੱਤਾਂ ਨੂੰ ਚੁੱਕ-ਚੁੱਕ ਕੇ ਦਗੱਜੇ ਮਾਰਦਾ ਹੋਇਆ ਸਿੱਧਾ ਬਸੰਤ ਕੀ ਜੀਰੀ 'ਚ ਜਾ ਵੜਿਆ। ਜੇ ਵੜ ਕੇ ਜਦੇ ਵਾਪਿਸ ਨਿਕਲ ਜਾਂਦਾ ਤਾਂ ਬਚਾਓ ਰਹਿ ਸਕਦਾ ਸੀ। ਪਰ ਉਹ ਤਾਂ ਐਸਾ ਜੀਰੀ 'ਚ ਵੜਿਆ ਕਿ 'ਬਾਂ-ਬਾਂ' ਕਰਦਾ ਹੋਇਆ ਅੱਗੇ ਹੀ ਅੱਗੇ ਵਧੀ ਗਿਆ। ਭਈਆ ਬਥੇਰਾ ਮੋੜੇ ਪਰ ਕਿੱਥੇ? ਜਿਉਂ ਹੀ ਬਸੰਤ ਨੇ ਕੱਟੇ ਨੂੰ ਜੀਰੀ ਵਿੱਚ ਵੜਿਆ ਦੇਖਿਆ ਤਾਂ ਝੋਟੇ ਵਾਂਗ ਭੂਤਰ ਗਿਆ ਉਹ ਤਾਂ। ਕਹੀ ਉੱਗਰ ਕੇ ਜੀਰੀ ਵਿੱਚ ਦੀ ਹੀ ਸਿੱਧਾ ਹੋ ਲਿਆ। ਕੱਟਾ ਡਰ ਕੇ ਹੋਰ ਭਮੱਤਰ ਗਿਆ। ਫਿਰ ਤਾਂ ਕੱਟਾ ਮੂਹਰੇ-ਮੂਹਰੇ ਬਸੰਤ ਮਗਰ-ਮਗਰ। ਕਦੇ ਐਧਰ ਨੂੰ ਕਦੇ ਔਧਰ ਨੂੰ। ਦੋਹਾਂ ਨੇ ਪੂਰਾ ਅੱਧਾ ਘੰਟਾ ਜੀਰੀ 'ਚ ਖੌਰੂ ਵੱਢਿਆ।

ਛੇਕੜ ਹੰਭ-ਹੰਭਾ ਕੇ ਮੂੰਹ 'ਚੋਂ ਝੱਗ ਸਿੱਟਦਾ ਕੱਢਦਾ ਹੋਇਆ ਕੱਟਾ ਜੀਰੀ 'ਚੋਂ ਨਿੱਕਲ ਕੇ ਪਹੇ ਨੂੰ ਸਿੱਧਾ ਹੋ ਲਿਆ। ਗਾਲ੍ਹਾਂ ਕੱਢਦਾ ਹੋਇਆ ਕਹੀ ਚੁੱਕੀਂ ਬਸੰਤ ਵੀ ਮਗਰੇ। ਅੜ੍ਹਾਟ ਪਾ-ਪਾ ਕੇ ਹੰਭਿਆ ਹੋਇਆ ਕੱਟਾ ਸੀਤ ਕੀ ਮੋਟਰ ਕੋਲ ਜਾ ਕੇ ਹਿੰਮਤ ਹਾਰ ਗਿਆ। ਖੜ ਕੇ ਭਮੱਤਰਿਆਂ ਵਾਂਗ ਆਲੇ-ਦੁਆਲੇ ਝਾਕਣ ਲੱਗ ਪਿਆ। ਠੀਕ ਇਹੋ ਮੌਕਾ ਸੀ ਜਦੋਂ ਮਗਰ ਭੱਜੇ ਆਉਂਦੇ ਬਸੰਤ ਨੇ ਵਗ੍ਹਾਮੀ ਕਹੀ ਛੱਡੀ। ਕਹੀ ਸਿੱਧੀ ਕੱਟੇ ਦੀਆਂ ਪਿਛਲੀਆਂ ਲੱਤਾਂ 'ਚ ਵੱਜੀ। ਕਹੀ ਵੱਜਣ ਸਾਰ ਹੀ ਅੜਕ ਕੇ ਕੱਟਾ ਚੌਫਾਲ ਗਿਰਿਆ। ਇਸ ਤੋਂ ਪਹਿਲਾਂ ਕਿ ਦੁਬਾਰਾ ਉੱਠ ਕੇ ਸ਼ੂਟ ਵੱਟਦਾ, ਬਸੰਤ ਉਸ



ਦੇ ਸਿਰ ਤੇ ਪਹੁੰਚ ਚੁੱਕਿਆ ਸੀ। ਉਸਨੇ ਆਓ ਦੇਖਿਆ ਨਾ ਤਾਓ। ਕਹੀ ਦੇ ਇਕੋ ਵਾਰ ਨਾਲ ਕੱਟੇ ਦਾ ਸਿਰ ਧੜ ਨਾਲੋਂ ਲਾਹ ਕੇ ਔਹ ਮਾਰਿਆ। ਇਸ ਤੋਂ ਬਾਅਦ ਤਾਂ ਸੱਚੀਂ-ਮੁੱਚੀਂ ਬੁੱਚੜ ਬਣ ਗਿਆ ਸੀ ਉਹ। ਕਹੀ ਦਾ ਇੱਕ ਹੋਰ ਵਾਰ। ਕੱਟੇ ਦੀਆਂ ਮੂਹਰਲੀਆਂ ਲੱਤਾਂ ਅਲੱਗ। ਇੱਕ ਹੋਰ ਵਾਰ। ਪਿਛਲੀਆਂ ਲੱਤਾਂ ਵੱਖ। ਤੇ ਫਿਰ ਆਖਰੀ ਵਾਰ ਨਾਲ ਕੱਟੇ ਦੇ ਧੜ ਦੇ ਦੋ ਟੋਟੇ ਕਰਕੇ ਬੁਰੀ ਤਰ੍ਹਾਂ ਹੌਂਕਣ ਲੱਗ ਪਿਆ ਸੀ ਉਹ।

ਉਸਦੇ ਸੀਰੀ ਦਾ ਤਾਂ ਉਸ ਦੇ ਹੁਕਮ ਤੋਂ ਬਿਨਾਂ ਹਿੱਲਣ ਦਾ ਸਵਾਲ ਹੀ ਨਹੀਂ ਸੀ ਉੱਠਦਾ। ਪਰ ਜੀਤੇ ਪੰਚ ਕਾ ਭਈਆ ਭੱਜਦਾ ਹੋਇਆ ਵੱਢੇ ਹੋਏ ਕੱਟੇ ਕੋਲ ਆ ਕੇ ਤ੍ਰਭਕਿਆ ਸੀ, "ਸਰਦਾਰ ਜੀ!.. ਯੇਹ ਕਿਆ ਕਰ ਦੀਆ ਆਪਨੇ! ਹਮਾਰਾ ਕੱਟਾ ਮਾਰ ਦੀਆ! ਮੈਂ ਅਭੀ ਅਪਨੇ ਸਰਦਾਰ ਕੋ...!"

"ਖ਼ਬਰਦਾਸ ਓਏ ਮਾਂ ਦਿਆ!.. ਚੁੱਪ ਕਰਕੇ ਉੱਡ ਲੈ ਐਥੋਂ। ਜੇ ਦੋ ਮਿੰਟ ਦੇ ਅੰਦਰ-ਅੰਦਰ ਮੋਟਰ ਤੋਂ ਆਵਦੀ ਜੁੱਲੀ-ਤਪੜੀ ਚੱਕ ਕੇ ਨਾ ਭੱਜਿਆ ਤਾਂ ਕੱਟੇ ਮਾਂਗ ਛਾਂਗ ਦੂੰ ਮੇਰੇ ਸਾਲੇ ਨੂੰ..!" ਭਈਏ ਦੇ ਤੇਵਰ ਵੇਖ ਕੇ ਬਸੰਤ ਬੁੱਚੜ ਨੇ ਫੁੰਕਾਰਾ ਛੱਡਿਆ।

ਉਸਦੇ ਫੁੰਕਾਰੇ ਤੋਂ ਦਹਿਲ ਕੇ ਭਈਆ ਤਾਂ ਆਪਣੇ ਝੋਲੇ 'ਚ ਕੱਪੜੇ ਪਾ ਕੇ ਐਸਾ ਭੱਜਿਆ ਕਿ ਮੁੜ ਕੇ ਕਦੇ ਪਿੰਡ ਦੀ ਜੂਹ 'ਚ ਨ੍ਹੀ ਵੜਿਆ।

ਪਰ ਆਥਣੇ ਖੇਤ ਗੇੜਾ ਮਾਰਨ ਆਏ ਜੀਤੇ ਪੰਚ ਅੱਗੇ ਸਾਰਾ ਕੁੱਝ ਨੰਗਾ ਹੋ ਗਿਆ ਸੀ। ਬਸੰਤ ਨੇ ਭਾਵੇਂ ਆਪਣੀ ਜਾਣ 'ਚ ਫੱਟੇ ਵਿੱਚ ਕਿੱਲ ਗੱਡਿਆ। ਉਸਨੇ ਵੱਢਿਆ ਹੋਇਆ ਕੱਟਾ ਸੀਰੀ ਨੂੰ ਨਾਲ ਲਾ ਕੇ ਕਾਲੇ ਮੋਮੀ ਕਾਗਜ਼ ਵਿੱਚ ਲਪੇਟਿਆ। ਫਿਰ ਰੇਹੜੇ ਤੇ ਲੱਦ ਕੇ ਹੱਡਾ-ਰੋੜੀ ਸਿੱਟ ਆਇਆ। ਪਰ ਪਹੇ 'ਚ ਡੁੱਲ੍ਹੇ ਖੂਨ ਤੋਂ ਬਿਨਾਂ ਆਲੇ-ਦੁਆਲੇ ਦੇ ਲੋਕਾਂ ਤੋਂ ਵੀ ਸਾਰੀ ਗੱਲ ਖੁੱਲ੍ਹ ਗਈ ਸੀ।

ਜੀਤਾ ਉਸਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਸ ਲਈ ਉਹ ਪਿੰਡੋਂ ਜਾ ਕੇ ਚਾਰ ਬੰਦੇ 'ਕੱਠੇ ਕਰ ਲਿਆਇਆ, "ਇਹ ਵੀ ਯਾਰ ਕੋਈ ਬੰਦਿਆਂ ਆਲੀ ਗੱਲ ਐ! ਬਈ ਜੇ ਇਕ ਬੇ-ਜ਼ੁਬਾਨ ਪਸ਼ੂ ਥੋਡੀ ਫਸਲ 'ਚ ਵੜ ਗਿਆ ਤਾਂ ਵੱਢ ਹੀ ਦਿਓ ਉਸਨੂੰ! ਆਖਰ ਡੰਗਰ-ਪਸ਼ੂ ਐ। ਕਦੇ-ਕਦਾਈਂ ਹੋ ਈ ਜਾਂਦੈ। ਇਹ ਤਾਂ ਸਾਲੀ ਬੁੱਚੜਾਂ ਨਾਲੋਂ ਵੀ ਟੱਪਗੀ ਗੱਲ...!" ਉਹ ਨਾਲ ਲਿਆਂਦੇ ਬੰਦਿਆਂ ਅੱਗੇ ਇਨਸਾਫ਼ ਲਈ ਵਿਲਕਿਆ।

"ਬਸੰਤ ਸਿਆਂ ਤੇਰੇ ਵਾਸਤੇ ਚੰਗੀ ਗੱਲ ਨ੍ਹੀ ਕਿ...!" ਆਏ ਬੰਦਿਆਂ 'ਚੋਂ ਸਰਪੰਚ ਵੱਲੋਂ ਅਜੇ ਇਨਸਾਫ਼ ਦੀ ਬੋਲੀ ਪੈਣ ਹੀ ਲੱਗੀ ਸੀ ਕਿ ਬਸੰਤ ਬੁੱਚੜ ਭੁੜਕ ਪਿਆ, "ਬੱਸ-ਬੱਸ ਯਾਰ! ਕੀ ਚੰਗਾ-ਕੀ ਮਾੜੈ... ਮੈਨੂੰ ਸਮਝਾਉਣ ਦੀ ਲੋੜ ਨੀ! ਆਹ ਦਾੜ੍ਹੀ ਮੈਂ ਧੁੱਪ 'ਚ ਨ੍ਹੀ ਚਿੱਟੀ ਕੀਤੀ!... ਅੱਛਿਆ ਜੇ ਬਹੁਤੀ ਗੱਲ ਐ ਤਾਂ ਆਹ ਚੱਕੋ ਵੀਹ ਰੁਪਈਏ! ਸਮਝ ਲਿਓ ਕੱਟਾ ਬੁੱਚੜਾਂ ਨੂੰ ਵੇਚਤਾ!.. ਪਰ ਅੱਗੇ ਨੂੰ ਖਿਆਲ ਰੱਖਿਓ। ਜੇ ਕਿਸੇ ਦਾ ਡੰਗਰ ਮੇਰੀ ਫਸਲ 'ਚ ਵੜ ਗਿਆ ਤਾਂ ਆਈਂ ਵੱਢੂੰ ਮੈਂ ਤਾਂ...!" ਗੀਜ੍ਹੇ 'ਚੋਂ ਵੀਹ ਦਾ ਨੋਟ ਕੱਢ ਕੇ ਸਾਰਿਆਂ ਮੂਹਰੇ ਸਿੱਟਦਾ ਹੋਇਆ ਉਹ ਵੱਟੋ-ਵੱਟ ਘਰ ਨੂੰ ਹੋ ਲਿਆ। ਉਸਦਾ ਬੁੱਚੜਪੁਣਾ ਵੇਖ ਕੇ ਸਾਰੇ ਬੰਦੇ ਹੱਕੇ-ਬੱਕੇ ਰਹਿ ਗਏ ਸਨ।

ਨਰਮਾਈ ਤਾਂ ਜਿਵੇਂ ਉਸ ਵਿੱਚ ਹੈ ਹੀ ਨਹੀਂ ਸੀ। ਘਰੋਂ ਵੜਦਾ-ਨਿਕਲਦਾ ਜੇ ਕਿਸੇ ਦੇ ਜੁਆਕ ਨੂੰ ਉਹ ਆਪਣੇ ਦਰ੍ਹਾਂ ਮੂਹਰੇ ਖੇਡਦਾ ਦੇਖ ਲੈਂਦਾ ਤਾਂ ਜਦੇ ਲਾਲ-ਪੀਲੀਆਂ ਅੱਖਾਂ ਕੱਢਣ ਲੱਗ ਪੈਂਦਾ, "ਮੈਂ ਕੁੜੀ ਚੋਦੇ ਲੋਕਾਂ ਤੇ ਹੈਰਾਨ ਆਂ! ਬਈ ਜੇ ਇਹ ਕਤੀੜ ਘਰੇ ਨੀ ਸਾਂਭ ਹੁੰਦੀ ਤਾਂ ਜੰਮਦੇ ਦੱਸੋ ਕਾਸਨੂੰ ਓ! ਜੰਮ-ਜੰਮ ਕੇ ਸਾਲੇ ਕੱਦੂਆਂ ਮਾਂਗ ਬੀਹੀ 'ਚ ਰੋੜ੍ਹ ਦੇਣਗੇ।... ਮੇਰੇ ਅਰਗੇ ਦੇ ਪੈਰਾਂ 'ਚ ਅੜਕਣ ਨੂੰ!... ਚੱਲੋ ਓਏ ਭੱਜੋ ਐਥੋਂ! ਮਾਂ ਯਾਵ੍ਹਾ ਲਗੌੜਖਾਨਾ। ਜੇ ਮੁੜ ਕੇ ਐਥੇ ਦਰ੍ਹਾਂ ਮੂਹਰੇ ਖੇਡਦੇ ਦੇਖ ਲੇ ਤਾਂ ਨਾਲੀ 'ਚ ਡੁਬੋ-ਡੁਬੋ ਮਾਰੂੰ ਸਾਲਿਆਂ ਨੂੰ...!" ਖਾਸਾ ਅਵਾ-ਤਵਾ ਬੋਲਣ ਪਿੱਛੋਂ ਉਹ ਆਪਣੀ ਜੁੱਤੀ ਨੂੰ 'ਦਗੜ-ਦਗੜ' ਧਰਤੀ ਤੇ ਮਾਰਦਾ। ਜੁੱਤੀ ਦਾ ਖੜਾਕਾ ਸੁਣ ਕੇ ਖੇਡ ਰਹੇ ਜੁਆਕ

ਤਿੱਤਰ ਹੋ ਲੈਂਦੇ।

ਉਸਦੇ ਜਾਣ ਪਿਛੋਂ ਜੁਆਕਾਂ ਦੇ ਮਾਂ-ਬਾਪ ਦੇਹਲੀਆਂ 'ਚ ਖੜੇ ਖਾਸਾ ਚਿਰ ਬੁੜ-ਬੁੜ ਜਿਹੀ ਕਰਦੇ ਰਹਿੰਦੇ। ਉਨ੍ਹਾਂ ਦੀ ਇਹ ਬੁੜ-ਬੁੜ ਆਥਣੇ ਹੋਰ ਵੀ ਤੇਜ਼ ਹੋ ਜਾਂਦੀ। ਜਦੋਂ ਬਸੰਤ ਖੇਤੋਂ ਮੈਸ੍ਹਾਂ ਘਰ ਨੂੰ ਲੈ ਕੇ ਜਾਂਦਾ। ਪਰ ਆਥਣੇ ਪਤਾ ਨਹੀਂ ਕਿਉਂ ਉਹ ਆਪ ਘਰ ਨੂੰ ਲੈ ਕੇ ਆਉਂਦਾ ਸੀ। ਮੈਸ੍ਹਾਂ ਕਾਹਦੀਆਂ ਲੈ ਕੇ ਆਉਂਦਾ, ਬੀਹੀ 'ਚ ਸਮਝੋ ਭੂਚਾਲ ਆ ਜਾਂਦਾ। ਦੋ ਡਾਂਗ ਤੇ ਡਾਂਗ। ਆਪ ਤਾਂ ਉਹ ਸਾਇਕਲ 'ਤੇ ਚੜ੍ਹਿਆ ਹੁੰਦਾ, ਪਰ ਮੈਸ੍ਹਾਂ ਬੁੜ੍ਹਕਦੀ ਡਾਂਗ 'ਚ ਮੂਹਰੇ ਲਾਈਆਂ ਹੁੰਦੀਆਂ। ਪਿੱਠੇ 'ਤੇ ਵਰਦੀ ਡਾਂਗ ਦੇ ਸੇਕ ਅੱਗੇ ਮੈਸ੍ਹਾਂ ਦੇ ਮੋਕ ਨਿਕਲਦੀ ਜਾਂਦੀ। ਮੂਹਰੇ ਗਲ੍ਹਾਂ 'ਚ ਲਪੇਟੇ ਸੰਗਲ ਖੁੱਲ੍ਹ ਕੇ ਪੈਰਾਂ 'ਚ ਡਾਹਾ ਬਣਕੇ ਖੜਕਦੇ ਜਾਂਦੇ। ਬੀਹੀ ਵਿੱਚ ਬਰਾਬਰੋ-ਬਰਾਬਰੀ ਭੱਜਦੀਆਂ ਮੈਸ੍ਹਾਂ ਇੱਕ ਦੂਜੀ ਤੋਂ ਮੂਹਰੇ ਨਿਕਲਣ ਦੇ ਯਤਨ 'ਚ ਇਕ ਦੂਜੀ ਨਾਲ ਖਾਸਾ ਧੌਲ-ਧੱਫਾ ਕਰਦੀਆਂ। ਕਈ ਵਾਰੀ ਸੰਗਲ ਪੈਰਾਂ ਥੱਲੇ ਆ ਜਾਣ ਕਾਰਨ ਕਿਸੇ ਮੈਸ੍ਹ ਦਾ ਨਾਲੀ 'ਚ ਪੈਰ ਜਾ ਡਿੱਗਦਾ। 'ਗਪਲ-ਗਪਲ' ਦੀ ਆਵਾਜ਼ ਦੇ ਨਾਲ ਹੀ ਗਾਰੇ ਦੇ ਛਿੱਟਿਆਂ ਨਾਲ ਲੋਕਾਂ ਦੇ ਘਰਾਂ ਦੀਆਂ ਕੰਧਾਂ ਲਿੱਪੀਆਂ ਜਾਂਦੀਆਂ।

"ਵੇ ਟੁੱਟ ਜਾਣਿਓ! ਅੰਦਰ ਵੜ ਜੋ ਵੇ!.. ਬੁੱਚੜ ਮੈਸ੍ਹਾਂ ਲਈ ਆਉਂਦੇ..!" ਬੀਹੀ ਵਿੱਚ ਪੈਂਦਾ ਆਉਂਦਾ ਘੌਰੂ ਵੇਖ ਕੇ, ਬੀਹੀ 'ਚ ਖੇਡਦੇ ਜੁਆਕਾਂ ਨੂੰ ਧੂਹ ਕੇ ਮਾਵਾਂ ਅੰਦਰ ਲੈ ਵੜਦੀਆਂ। ਤੁਰੇ ਆਉਂਦੇ ਰਾਹੀ ਸਹਿਮ ਕੇ ਕੰਧਾਂ ਨਾਲ ਲੱਗ ਕੇ ਖੜ ਜਾਂਦੇ।

ਜਦੋਂ ਤੂਫਾਨ ਗੁਜ਼ਰ ਜਾਂਦਾ ਤਾਂ ਅੰਦਰੀਂ ਵੜੇ ਲੋਕ ਬਾਹਰ ਨਿੱਕਲ ਆਉਂਦੇ। ਹੋਰੇ ਲੋਟ ਦੇ ਮੂੰਹ ਬਣਾ ਕੇ ਬੁੜ-ਬੁੜ ਜਿਹੀ ਕਰਨ ਲੱਗਦੇ।

"ਮੂੰਹ ਦੇਖ ਸਾਲੇ ਸਾਰੀ ਬੀਹੀ ਨੇ ਕਿਮੇਂ ਘਰੂਟਾਂ ਵਰਗੇ ਕਰਲੇ! ਓਏ ਅਕਲ ਦਿਓ ਅੰਨਿਓ! ਮੈਸ੍ਹਾਂ ਨੇ ਤਾਂ ਹੁਣ ਬੀਹੀ ਵਿੱਚ ਦੀ ਓ ਲੰਘਣੈ। ਹੋਰ ਥੋਡਾ ਖਿਆਲ ਐ ਬਈ ਮੈਂ ਮੈਸ੍ਹਾਂ ਨੂੰ ਗੋਦੀ ਚੱਕ ਕੇ ਲੰਘਾਇਆ ਕਰਾਂ... ਹੈਅ!... ਊਤ ਸਾਲੇ ਕਿਸੇ ਥਾਉਂ ਦੇ...!" ਅੰਦਰੋਂ ਮੈਸ੍ਹਾਂ ਬੰਨ੍ਹ ਕੇ ਲੋਕਾਂ ਦੀ ਬੁੜ-ਬੁੜ ਦਾ ਜਵਾਬ ਦੇਣ ਲਈ ਉਹ ਫਿਰ ਬੀਹੀ ਵਿੱਚ ਆ ਨਿਕਲਦਾ। ਤੇ ਖਾਸਾ ਚਿਰ ਮਗਜ਼ੌਲੀ ਮਾਰੀਂ ਜਾਂਦਾ।

"ਓਏ ਜਾਹ ਦਫਾ ਹੋ ਪਰ੍ਹੇ। ਬੁੱਚੜ... ਸਾਲਾ...!" ਬੀਹੀ 'ਚੋਂ ਮੱਧਮ ਜਿਹੀਆਂ ਆਵਾਜ਼ਾਂ ਤਾਂ ਕਈ ਉੱਠਦੀਆਂ। ਪਰ ਉਸ ਨਾਲ ਉਲਝਦਾ ਕੋਈ ਨਾ।

ਉਲਝਣਾ ਉਸ ਨਾਲ ਆਮ ਬੰਦੇ ਦੇ ਵਸ ਦੀ ਗੱਲ ਵੀ ਹੈ ਨੀ ਸੀ। ਬੜਾ ਟੇਢਾ ਬੰਦਾ ਸੀ ਉਹ। ਨਿੱਤ ਨਵਾਂ ਪੈਂਤੜਾ ਖੇਡਦਾ। ਜਿਵੇਂ ਸੁਆਦ ਆਉਂਦਾ ਹੋਵੇ। ਉਸਦਾ ਸੀਰੀ ਦੇਵ ਟੱਗੂ ਜਣੇ-ਖਣੇ ਕੋਲ ਆਪਣਾ ਦੁੱਖ ਫਰੋਲਦਾ ਹੁੰਦਾ, "ਕਾਅਦੇ ਸੀਰੀ ਰਲ੍ਹੇ ਆਂ ਯਾਰ ਸਾਲੇ ਬੁੱਚੜ ਨਾਲ। ਊਈਂ ਮਰਨ ਆਲੇ ਕਰੇ ਪਏ ਆਂ। ਨਾ ਰਾਤ ਨੂੰ 'ਰਾਮ ਨਾ ਦਿਨ ਨੂੰ ਟੇਕ..!"

"ਨਾ ਐਹਾ ਜ੍ਹਾ ਤੇਰੇ ਨਾਲ ਕੀ ਕਰਦੈ ਬਈ ਇਹ?... ਜਿਹੜਾ ਐਨਾ ਔਖੈਂ...?" ਅੱਗੋਂ ਅਗਲਾ ਗੱਲ ਅਗਾਂਹ ਤੋਰ ਲੈਂਦਾ।

"ਕੀ ਦੱਸੀਏ ਯਾਰ! ਸਾਲਾ ਰੋਟੀ ਵੀ ਬੈਠ ਕੇ ਨੀ ਖਾਣ ਦਿੰਦਾ। ਪਹਿਲਾਂ ਤਾਂ ਟਾਇਮ ਸਿਰ ਚਾਹ-ਰੋਟੀ ਲਿਜਾਂਦਾ ਈ ਨੀ। ਜਦੋਂ ਲਜਾਊ ਤਾਂ ਜਾਂਦਾ ਈ ਅੰਬ ਦੇ 'ਚਾਰ ਨਾਲ ਤਿੰਨ ਰੋਟੀਆਂ ਹੱਥ ਤੇ ਰੱਖ ਕੇ ਬੋਲੂ, "ਚੱਲ ਬਈ ਚੱਕ ਕਹੀ ਤੇ ਗੇੜਾ ਮਾਰ ਕੇ ਆ ਕਿਆਰਿਆਂ ਦੁਆਲੇ। ਰੋਟੀ ਵੱਟ ਤੇ ਤੁਰਿਆ ਜਾਂਦਾ-ਜਾਂਦਾ ਈ ਖਾ ਲੀਂ!... ਬੈਠਣ ਦਾ ਕੋਈ ਕੰਮ ਨੀ ਐਥੇ...!" ਦੱਸਦੇ ਹੋਏ ਦੇਵ ਟੱਗੂ ਦੀਆਂ ਅੱਖਾਂ ਭਰ ਆਉਂਦੀਆਂ।

ਕਿਸੇ ਨਾਲ ਤਾਂ ਉਸਨੇ ਕੀ ਭਲੀ ਕਰਨੀ ਸੀ, ਉਸਨੇ ਤਾਂ ਆਪਣੇ ਸਕੇ ਮੁੰਡੇ ਨੀ ਸੀ ਬਖਸ਼ੇ। ਕਦੇ ਆਹ ਕਰੋ-ਕਦੇ ਆਹ ਨਾ ਕਰੋ। ਕਦੇ ਤੇਰੀ ਮਾਂ ਦੀ-ਕਦੇ ਤੇਰੀ ਭੈਣ ਦੀ। ਮੁੰਡਿਆਂ ਨਾਲ ਮਾੜੀ-ਮਾੜੀ ਗੱਲ ਤੇ ਨਹੁੰ-ਪੰਜਾ ਲਈ ਰੱਖਿਆ ਕਰੇ। ਵਿਚੇ ਨੂੰਹਾਂ ਨੂੰ ਲਵੇਟ ਲਿਆ ਕਰੇ। ਸਾਰੇ ਨੂੰਹਾਂ-ਪੁੱਤਾਂ ਦਾ ਨੱਕ ਵਿੱਚ ਦਮ ਕਰ ਰੱਖਿਆ ਸੀ ਉਸ ਨੇ। ਜਿੱਥੇ ਉਸਦੇ ਬੁੱਚੜਖਾਨੇ ਦੀ ਲੂਹੀ ਹੋਈ ਉਸਦੀ



ਘਰਵਾਲੀ ਦਿਆਲੀ ਸਮੇਂ ਤੋਂ ਪਹਿਲਾਂ ਹੀ ਮਰ ਖੜੀ ਸੀ, ਉਥੇ ਉਸਦਾ ਛੋਟਾ ਮੁੰਡਾ ਕੀਪਾ ਵੀ ਉਸ ਤੋਂ ਅੱਕ ਕੇ ਆਪਣੀ ਘਰਵਾਲੀ ਨੂੰ ਲੈ ਅੱਡ ਹੋ ਗਿਆ। ਬੜੇ ਮੁੰਡੇ ਜੰਟੇ ਦੇ ਵੀ ਦੰਦਾਂ 'ਚ ਹੀ ਜੀਭ ਆਈ ਹੋਈ ਸੀ। ਜੰਟਾ ਤੇ ਉਸਦੀ ਘਰਵਾਲੀ ਓਦੋਂ ਦੇ ਅੱਗ 'ਤੇ ਲਿਟਦੇ ਫਿਰਦੇ ਸਨ, ਜਦੋਂ ਉਨ੍ਹਾਂ ਦਾ ਭੋਰਾ-ਭਰ ਮੁੰਡਾ ਬਿਮਾਰ ਹੋਇਆ।

"ਕੁਸ਼ ਨੀ ਹੋਇਆ ਓਏ ਮੁੰਡੇ ਨੂੰ! ਊਈਂ ਮੋਕਮਾਰੀਂ ਜਾਨੇ ਓਂ। ਜਾਓ ਜਾ ਕੇ ਬੰਨ ਭੋਰੇ ਆਲੇ ਮੁਨੀ ਤੋਂ ਹਥੌਲਾ ਕਰਾ ਲਿਆਓ। ਟੱਲੀ ਅਰਗਾ ਹੋ ਜੂ ਆਥਣ ਨੂੰ ਈ।" ਪਹਿਲਾਂ ਤਾਂ ਜੰਟਾ ਤੇ ਉਸਦੀ ਘਰਵਾਲੀ ਉਸਦੀ ਜ਼ਿੱਦ ਕਰਕੇ ਸਾਧਾਂ-ਚੇਲਿਆਂ ਕੋਲ ਫਿਰੀਂ ਗਏ। ਜਦੋਂ ਰੋਗ ਵਧ ਗਿਆ ਤਾਂ ਮੁੰਡਾ ਪਟਿਆਲੇ ਜਾ ਦਾਖਲ ਕਰਵਾਇਆ। ਮੁੰਡੇ ਦਾ ਪੀਲੀਆ ਵਿਗੜ ਗਿਆ ਸੀ।

ਇਕ ਦਿਨ, ਦੋ ਦਿਨ, ਚਾਰ, ਪੰਜ, ਦਸ 'ਤੇ ਪੰਦਰਾਂ। ਜਦੋਂ ਹਸਪਤਾਲ ਦਾਖਲ ਕਰਵਾਏ ਮੁੰਡੇ ਨੂੰ ਮਹੀਨਾ ਹੋਣ ਨੂੰ ਆਇਆ ਤਾਂ ਬਸੰਤ ਨੇ ਲਾਲ ਝੰਡੀ ਦਿਖਾ ਦਿੱਤੀ, "ਘਰੇ ਲਿਆਓ ਓਏ ਜੰਟਿਆ ਮੁੰਡੇ ਨੂੰ! ਊਈਂ ਪੈਸਾ ਡਾਕਟਰਾਂ ਦੇ ਬੱਬਰ 'ਚ ਪਾਈਂ ਜਾਨੇ ਓਂ।... ਜੇ ਨਹੀਂ ਲਿਆਉਣਾ ਤਾਂ ਮੇਰੇ ਕੋਲ ਨੀ ਹੈਗੀ ਹੁਣ ਦੁਆਨੀ ਦੇਣ ਨੂੰ!... ਸਿੱਧੀ ਗੱਲ ਐ ਸਾਲੀ!"

ਦੁਆਨੀ ਤਾਂ ਕੀ ਭਾਰੀ ਜਾਇਦਾਦ ਦਾ ਮਾਲਕ ਸੀ ਉਹ। ਸੜਕ ਨਾਲ ਲੱਗਦੀ ਅੱਸੀ ਵਿੱਘੇ ਜ਼ਮੀਨ ਦਾ ਟੱਕ ਸੀ। ਟਰੈਕਟਰ-ਟਰਾਲੀ, ਡੰਗਰ-ਵੱਛਾ, ਕੁੱਲ ਚੀਜ਼ 'ਤੇ ਲੰਮਾ-ਚੌੜਾ ਘਰ। ਚਾਰ ਪੈਸੇ ਕੋਲ ਸਨ। ਕਈ ਬੰਦਿਆਂ ਕੋਲ ਪੈਸਾ ਵਿਆਜ਼ ਤੇ ਚੱਲਦਾ। ਪਰ ਫਿਰ ਵੀ ਉਹ ਮਰੂੰ-ਮਰੂੰ ਕਰਦਾ ਰਹਿੰਦਾ। ਪੰਜੀ-ਪੰਜੀ ਲਈ ਮਰਨ-ਮਾਰਨ ਨੂੰ ਤਿਆਰ ਹੋ ਜਾਂਦਾ।

ਇੱਕ ਵਾਰੀ ਬਾਬਾ ਗਿਆਨ ਦਾਸ ਕਲੱਬ ਵਾਲੇ ਮੁੰਡਿਆਂ ਨੇ ਬਾਬੇ ਦੀ ਸਮਾਧ ਤੇ ਪਾਠ ਰੁਖਵਾਇਆ। ਪਿੰਡ 'ਚੋਂ ਦਾਣੇ-ਪੈਸੇ ਦੀ ਉਗਰਾਹੀ ਕਰਦੇ ਫਿਰਦੇ ਸੀ ਉਹ। ਮੂਹਰੇ ਕਿਤੇ ਸਾਇਕਲ 'ਤੇ ਜਾਂਦਾ ਬਸੰਤ ਟੱਕਰ ਗਿਆ। ਮੁੰਡਿਆਂ ਨੇ ਰੋਕ ਲਿਆ, "ਹਾਂ ਬਈ ਤਾਇਆ! ਬੋਲ ਫੇਰ ਕਿੰਨੇ ਦੀ ਪਰਚੀ ਕੱਟੀਏ ਤੇਰੀ...?" ਭਾਮੂ ਕਾ ਪੰਮਾ ਹੱਥ 'ਚ ਫੜੀ 'ਰਸੀਦ-ਬੁੱਕ' ਨੂੰ ਫਰੋਲਦਾ ਹੋਇਆ ਬੋਲਿਆ।

"ਕਾਅਦੀ ਪਰਚੀ ਐ ਓਏ ਇਹ...?" ਸਾਇਕਲ ਤੋਂ ਉੱਤਰਦੇ ਹੋਏ ਬਸੰਤ ਦੇ ਮੱਥੇ 'ਚ ਤਿਊੜੀਆਂ ਪੈ ਗਈਆਂ ਸਨ।

"ਬਾਬਾ ਗਿਆਨ ਦਾਸ ਦੀ ਸਮਾਧ ਤੇ ਪਾਠ ਰਖਾਇਆ ਹੋਇਐ ਤਾਇਆ। ਚੌਥੇ ਨੂੰ ਭੋਗ ਪੈਣਾ। ਉਹਦੇ ਵਾਸਤੇ... ਕੱਟ ਦੀਏ ਫੇਰ ਸੌ ਦੀ...?" ਵਿਚੋਂ ਹੀ ਕੋਈ ਬੋਲਿਆ।

"ਸੌ ਦੀ!... ਰਾਮ-ਰਾਮ ਕਰੋ ਭਲਿਓ ਮਾਣਸੋ। ਲੁੱਟ ਮੱਚੀ ਐ ਕੋਈ ਸਾਲੀ!... ਦੇਖੋ ਪਹਿਲਾਂ ਤਾਂ ਮੈਂ ਕਿਸੇ ਨੂੰ ਕਟਾਉਂਦਾ ਈ ਨੀ ਹੁੰਦਾ ਇਹ ਪਰਚੀ-ਪੁਰਚੀ!... ਥੋਡਾ ਧਰਮ-ਕਰਮ ਦਾ ਕਾਰਜ ਐ। ਜੇ ਬਾਅਲਾ ਈ ਕਹਿਨੇ ਓਂ ਤਾਂ ਪੰਜ ਰੁਪਈਏ ਦੀ ਕਟਾ ਲੈਨਾ...!" ਗੀਜ਼ੇ 'ਚੋਂ ਪੰਜ ਦਾ ਨੋਟ ਕੱਢਕੇ ਮੁੰਡਿਆਂ ਵੱਲ ਨੂੰ ਵਧਾਉਂਦਾ ਹੋਇਆ ਉਹ ਬੋਲਿਆ।

"ਬੱਸ ਪੰਜਾਂ ਦੀ ਤਾਇਆ! ਤੂੰ ਤਾਂ ਊਈਂ ਪਾਣੀ 'ਚ ਬਹਿ ਗਿਆ। ਓਏ ਦਸ-ਵੀਹ ਦੀ ਤਾਂ ਗਰੀਬ-ਗੁਰਬੇ ਵੀ ਕਟਾ ਲੈਂਦੇ ਨੇ...!" ਮੁੰਡਿਆਂ ਵਿੱਚ ਹਾਸੜ ਜਿਹੀ ਪੈ ਗਈ ਸੀ।

"ਕੱਟਣੀ ਏ ਤਾਂ ਕੱਟੋ! ਮੈਂ ਤਾਂ ਪੰਜ ਦੀ ਓ ਕਟਾਊਂ! ਕੀਹਨੂੰ-ਕੀਹਨੂੰ ਕਟਾਈਂ ਜਾਈਏ। ਐਥੇ ਤਾਂ ਰੋਜ਼ ਈ ਲਗੌੜ ਤੁਰੀ ਰਹਿੰਦੀ ਐ ਪੱਤਰੀ ਜੀ ਚੱਕ ਕੇ!... ਨਾਲੇ ਹਾਂ... ਘਰੇ ਨਾ ਜਾਇਓ ਹੁਣ ਕੱਟਣ! ਮੈਂ ਘਰੋਂ ਪਤਾ ਕਰੂੰ!... ਜੇ ਘਰੇ ਚਲੇ ਗਏ ਤਾਂ ਥੋਡੇ ਮਹਾਰਾਜ ਮੂਹਰਿਓਂ ਈ ਚੱਕ ਕੇ ਲਿਆਊਂ, ਪੰਜ ਰੁਪਈਏ...!" ਆਖ ਕੇ ਉਹ ਸਾਇਕਲ ਨੂੰ ਅੱਡੀ ਲਾ ਗਿਆ ਸੀ।

"ਹੱਟ-ਸਾਲਾ-ਬੁੱਚੜ...!" ਮੁੰਡੇ ਹੱਕੇ-ਬੱਕੇ ਦੇਖਦੇ ਰਹਿ ਗਏ ਸਨ।

"ਓਏ ਖੜ ਜਾ ਤੇਰੀ ਮਾਂ ਦੀ ਤੇਰੀ ਦੀ...!... ਆਉਨਾ ਮੈਂ ਆਉਨਾ...!... ਖੜਜੀਂ ਹੁਣ ਐਥੀ...!" ਅਚਾਨਕ ਹੀ ਜਿਵੇਂ ਮੇਰੇ ਸਿਰ 'ਚ ਡਾਂਗ ਵੱਜੀ ਹੋਵੇ। ਮੈਂ ਇਕਦਮ ਹੱਕਾ-ਬੱਕਾ ਜਿਹਾ ਹੋ ਗਿਆ। ਹੜਬੜਾ ਕੇ ਮੈਂ ਥਰੇਸ਼ਰ ਵੰਨੀਂ ਨੂੰ ਦੇਖਿਆ।

ਬਰੈਸ਼ਤ ਉਸੇ ਤਰ੍ਹਾਂ ਮਾਰੋ-ਮਾਰ ਕਰਦਾ ਧੂੜ ਉਡਾ ਰਿਹਾ ਸੀ। ਪਰ ਬਸੰਤ ਟਰਾਲੀ 'ਚ ਨਹੀਂ ਸੀ। ਉੱਚੀ-ਉੱਚੀ ਗਾਲ੍ਹਾਂ ਕੱਢਦਾ ਹੋਇਆ ਉਹ ਪਰ੍ਹਾਂ ਸਫੈਦਿਆਂ ਕੰਨੀ ਨੂੰ ਭੱਜਿਆ ਜਾ ਰਿਹਾ ਸੀ। ਹੱਥ 'ਚ ਉਸਨੇ ਕਿੱਕਰ ਦਾ ਜਾਤੂ ਫੜਿਆ ਹੋਇਆ।

ਭਰੀਆਂ ਚੁੱਕਣ ਜਾ ਰਹੇ ਭਈਏ ਵੀ ਚੋਰੀ ਅੱਖ ਨਾਲ ਉਸ ਵੱਲ ਦੇਖ ਰਹੇ ਸਨ। ਖੱਤੇ 'ਚ ਬੱਲੀਆਂ ਚੁੱਗਦੀਆਂ ਉਹ ਸੱਤੇ ਤੀਵੀਆਂ ਨੇ ਵੀ ਆਪਣੇ ਹੱਥ ਰੋਕ ਲਏ। ਸਾਰੀਆਂ ਸਾਨ੍ਹ ਵਾਂਗ ਭੂਤਰੇ ਜਾ ਰਹੇ ਬਸੰਤ ਕੰਨੀ ਨੂੰ ਦੇਖਣ ਲੱਗ ਪਈਆਂ ਸਨ।

"ਹੈਂਅ!.. ਏਹਨੂੰ ਕੀ ਹੋ ਗਿਆ...!!" ਹੈਰਾਨੀ 'ਚ ਜਕੜੇ ਹੋਏ ਨੇ ਜਦੋਂ ਮੈਂ ਪਰ੍ਹਾਂ ਸਫ਼ੈਦਿਆਂ ਵਾਲੀ ਵੱਟ ਕੰਨੀ ਨੂੰ ਨਿਗਾਹ ਮਾਰੀ ਤਾਂ ਮੇਰਾ ਤ੍ਰਾਹ ਨਿੱਕਲ ਗਿਆ। ਸਫ਼ੈਦਿਆਂ ਵਾਲੀ ਵੱਟ ਕੋਲ ਬੈਠੀ 'ਬੇਰੀ ਵਾਲੀ ਬੁੜ੍ਹੀ' ਬੱਲੀਆਂ ਚੁੱਗ ਰਹੀ ਸੀ। ਬਸੰਤ ਦਾ ਹੁਕਮ ਤੋੜ ਕੇ ਉਨ੍ਹਾਂ ਦੇ ਖੱਤੇ ਵਿੱਚ ਜਾ ਵੜੀ ਸੀ ਉਹ।

ਬਸੰਤ ਬੁੱਚੜ ਦੇ ਇਰਾਦੇ ਭਾਂਪ ਕੇ ਮੈਂ ਵੀ ਅੰਨ੍ਹੇਵਾਹ ਓਧਰ ਨੂੰ ਹੀ ਭੱਜ ਲਿਆ।

ਪਰ...।

'ਤੇਰੀ ਮਾਂ ਦੀ ਤੇਰੀ ਦੀ. !... ਕੁੱਤੀ ਜਾਤ ਦੀ...!...ਨਾ ਤੂੰ ਖੱਤੇ 'ਚ ਵੜੀ ਕੀਹਨੂੰ ਪੁੱਛ ਕੇ ਐਂ ਹੈ ..? ਕਰ ਐਥੇ ਸਾਰੀਆਂ ਬੱਲੀਆਂ ਢੇਰੀ...!" ਮੇਰੇ ਨੇੜੇ ਪਹੁੰਚਦੇ-ਪਹੁੰਚਦੇ ਹੀ ਉਸ ਨੇ ਨਾ ਸਿਰਫ਼ ਬੁੜ੍ਹੀ ਦੀ ਬੱਲੀਆਂ ਵਾਲੀ ਝੋਲੀ ਹੀ ਢੇਰੀ ਕਰ ਦਿੱਤੀ, ਬਲਕਿ 'ਦੈੜ੍ਹ-ਦੈੜ੍ਹ' ਤਿੰਨ ਚਾਰ ਡੰਡੇ ਵੀ ਉਸਦੀ ਪਿੱਠ 'ਚ ਮਾਰੇ।

'ਹਾਏ ਵੇ! ..ਮਾਰਤੀ ਓਏ ਲੋਕੋ!... ਬਚਾਓ ਵੇ ਕੋਈ...!... ਹਾਏ...!!" ਡੰਡਿਆਂ ਦੀ ਮਾਰ ਨਾ ਸਹਿੰਦੀ ਹੋਈ ਬੇਰੀ ਵਾਲੀ ਕੁੜੀ ਬਹੁੜੀਆਂ ਪਾਉਂਦੀ ਹੋਈ ਥਾਂ ਤੇ ਹੀ ਲਿਟ ਗਈ।

"ਓਏ ਬੱਸ ਕਰ ਤਾਇਆ! ਮਾਰਨੀ ਐ ਹੁਣ! ਕੋਈ ਖੁਦਾ ਦਾ ਖੌਫ ਖਾ! ਤੇਰੀਆਂ ਮਾਵਾਂ ਵਰਗੀ ਬਿਰਧ ਐ ਵਿਚਾਰੀ! ਕੀ ਹੋ ਗਿਆ ਜੇ ਚਾਰ ਬੱਲੀਆਂ ਚੁੱਗ ਲੂ ਗਰੀਬਣੀ!... ਔਹ ਹੋਰ ਤੀਵੀਆਂ ਵੀ ਤਾਂ ਚੁੱਗਦੀਆਂ ਈ ਨੇ...?" ਇਸ ਤੋਂ ਪਹਿਲਾਂ ਕੀ ਕਰਚਿਆਂ ਵਿੱਚ ਡਿੱਗੀ ਪਈ ਬੁੜ੍ਹੀ ਦੇ ਉਹ ਹੋਰ ਡੰਡਾ ਮਾਰਦਾ, ਮੈਂ ਤੱਜ ਕੇ ਉਸਦਾ ਡੰਡਾ ਫੜ ਲਿਆ।

"ਵਾਹ... ਓਏ ਤੇਰੇ ਕਾਕਾ! ਜੇ ਐਂ ਬੱਲੀਆਂ ਚੁੱਗਣ ਦੇ ਦੀਏ ਫੇਰ ਤਾਂ ਹੋ ਲੇ ਘਰ ਪੂਰੇ! ਗਿਣ ਕੇ ਦੇਖ ਲੈ ਪੂਰੀਆਂ ਸੱਤ ਤੀਮੀਆਂ ਨੇ ਮੇਰੇ ਖੱਤੇ 'ਚ! ਸੱਤਾਂ ਨੇ ਮੈਨੂੰ ਪੰਜ-ਪੰਜ ਰੁਪਈਏ ਦੇਣੇ ਕਰੇ ਨੇ! ਤਾਂ ਬੱਲੀਆਂ ਚੁੱਗਦੀਆਂ ਨੇ ਖੱਤੇ 'ਚੋਂ! ਮੁਖਤ ਨੀ ਚੁੱਗਦੀਆਂ!... ਹਾਂ... ਜੇ ਏਹਨੇ ਵੀ ਚੁੱਗਣੀਆਂ ਨੇ ਤਾਂ ਕੱਢੇ ਪੰਜ ਰੁਪਈਏ!... ਐਂ ਤਾਂ ਮੈਂ ਮਰੀ ਹੋਈ ਜੂੰ ਨੀ ਦਿੰਦਾ ਮੰਗ ਖਾਣੀ ਜਾਤ ਨੂੰ...!!" ਉਹ ਆਪਣੀ ਛਾਤੀ ਤੇ ਹੱਥ ਮਾਰ ਕੇ ਬੋਲਿਆ।

ਉਸਦੇ ਝਾਮੇ ਵਰਗੇ ਖੁਰਦਰੇ ਬੋਲ ਮੇਰੇ ਕੰਨਾਂ ਵਿੱਚ ਪਿਘਲੇ ਸ਼ੀਸ਼ੇ ਵਾਂਗ ਲਹਿ ਗਏ। ਥਾਏਂ ਠਾਕਿਆ ਗਿਆ ਮੈਂ। ਅੱਖਾਂ ਤਾੜੇ ਲੱਗ ਗਈਆਂ। ਉਸਦੇ ਡੰਡੇ ਤੋਂ ਮੇਰੇ ਹੱਥ ਦੀ ਪਕੜ ਢਿੱਲੀ ਪੈਂਦੀ ਚਲੀ ਗਈ। ਪਲ ਦੀ ਪਲ ਮੈਨੂੰ ਉਸਦੀ ਬੱਗੀ ਦਾੜ੍ਹੀ ਵਾਲੇ ਚਿਹਰੇ ਦੀ ਥਾਂ ਕਿਸੇ ਖੂੰਖਾਰ ਬਘਿਆੜ ਦਾ ਮੂੰਹ ਉੱਗ ਆਇਆ ਜਾਪਿਆ।

"ਬੁੱ..ਚ..ੜ..!... ਸਾ...ਲਾ...!!" ਉਸਦੇ ਚਿਹਰੇ ਵੱਲ ਵੇਖ ਕੇ ਅਚੇਤ ਹੀ ਬੁੜ-ਬੁੜਾਉਂਦਾ ਹੋਇਆ ਮੈਂ ਆਸਮਾਨ ਵੱਲ ਨੂੰ ਵੇਖਣ ਲੱਗ ਪਿਆ।

**ਪਿੰਡ+ਡਾਕ :— ਅਮਰਗੜ੍ਹ,** (ਸੰਗਰੂਰ)





## ਰਜਨੀਸ਼ ਦਾ ਦੀਵਾਲੀਆਪਣ/ਡਾ. ਕਰਮਜੀਤ ਸਿੰਘ

ਰਜਨੀਸ਼ ਦੀ ਪੁਸਤਕ 'ਕਮਿਊਨਿਜ਼ਮ ਐਂਡ ਜ਼ੇਨ ਫਾਇਰ, ਜ਼ੇਨ ਵਿੰਡ' 'ਦੀ ਰਿਬੈੱਲ ਪਬਲਿਸ਼ਿੰਗ ਹਾਊਸ ਕਾਲੋਂਗਨ, ਵੈਸਟ ਜਰਮਨੀ, 1989) ਮਾਰਕਸਵਾਦੀਆਂ ਵਿੱਚ ਵੀ ਕਿਸੇ ਨਾ ਕਿਸੇ ਕਾਰਣ ਵਿਚਾਰ ਦਾ ਵਿਸ਼ਾ ਬਣੀ ਹੈ, ਕਿਉਂਕਿ ਜਨਵਰੀ 30 ਤੋਂ ਫਰਵਰੀ 5, 1989 ਦੇ ਸਮੇਂ ਦੌਰਾਨ ਦਿੱਤੇ ਭਾਸ਼ਣਾਂ ਵਿੱਚ ਰਜਨੀਸ਼ ਨੇ ਗੋਰਬਾਚੋਵ ਬਾਰੇ ਬਾਰ-ਬਾਰ ਚਰਚਾ ਕੀਤੀ ਹੈ। ਸ਼ੁਰੂ ਵਿੱਚ ਉਸਨੇ ਇਸ ਗੱਲ ਦੀ ਪ੍ਰਸ਼ੰਸਾ ਕੀਤੀ ਹੈ ਕਿ ਗੋਰਬਾਚੋਵ ਸੋਵੀਅਤ ਯੂਨੀਅਨ ਦੇ ਦਰਵਾਜ਼ੇ ਦੁਨੀਆਂ ਲਈ ਖੋਲ੍ਹ ਰਿਹਾ ਹੈ, ਪ੍ਰੰਤੂ ਬਾਅਦ ਵਿੱਚ ਜਿਉਂ ਹੀ ਉਸਨੂੰ ਸੋਵੀਅਤ ਯੂਨੀਅਨ ਵਿੱਚ ਈਸਾਈਆਂ, ਹਰੇ ਰਾਮਾ ਹਰੇ ਕ੍ਰਿਸ਼ਨਾ ਵਰਗੀਆਂ ਸੰਪ੍ਰਦਾਵਾਂ ਦੇ ਪ੍ਰਵੇਸ਼ ਦਾ ਪਤਾ ਲੱਗਦਾ ਹੈ, ਉਹ ਇਕ ਦਮ ਉਲਟਾ ਰਵੱਈਆ ਅਖਤਿਆਰ ਕਰ ਲੈਂਦਾ ਹੈ ਅਤੇ ਛੇਤੀ ਹੀ ਇਸ ਸਿੱਟੇ ਉੱਪਰ ਪਹੁੰਚ ਜਾਂਦ ਹੈ ਕਿ, "ਇੱਕ ਬਾਰ ਇਹ ਸ਼ੁਰੂ ਹੋ ਗਿਆ ਤਾਂ ਕਮਿਊਨਿਜ਼ਮ ਸੋਵੀਅਤ ਯੂਨੀਅਨ ਵਿਚੋਂ ਹੀ ਨਹੀਂ, ਸਗੋਂ ਦੁਨੀਆਂ ਦੇ ਹੋਰ ਦੇਸ਼ਾਂ ਵਿਚੋਂ ਵੀ ਖਤਮ ਹੋ ਜਾਵੇਗਾ, ਕਿਉਂਕਿ ਉਹ ਸਾਰੇ ਸੋਵੀਅਤ ਯੂਨੀਅਨ ਦੀ ਸਹਾਇਤਾ ਤੇ ਜ਼ਿੰਦਾ ਹਨ।" (ਪੰਨਾ-102) ਕਮਿਊਨਿਜ਼ਮ ਭਾਵੇਂ ਸਾਰੇ ਦੇਸ਼ਾਂ ਵਿਚੋਂ ਖਤਮ ਨਹੀਂ ਹੋਇਆ, ਪਰ ਉਸਨੇ ਦੁਨੀਆਂ ਪੱਧਰ ਤੇ ਇਸਨੂੰ ਬਹੁਤ ਨੁਕਸਾਨ ਪਹੁੰਚਾਇਆ।

ਅਸਲ ਵਿੱਚ ਜਦੋਂ ਰਜਨੀਸ਼ ਇਹ ਪ੍ਰਵਚਨ ਕਰ ਰਿਹਾ ਸੀ ਤਾਂ ਉਸਦੇ ਸਰੋਤਿਆਂ ਵਿੱਚ ਸੋਵੀਅਤ ਯੂਨੀਅਨ ਤੋਂ ਆਏ ਕੁਝ ਕਾਮਰੇਡ ਵੀ ਸ਼ਾਮਿਲ ਸਨ। ਇਹ ਪ੍ਰਵਚਨ ਅਸਲ ਵਿੱਚ ਉਨ੍ਹਾਂ ਨੂੰ ਧਿਆਨ ਵਿੱਚ ਰੱਖਦੇ ਹਨ। ਇੱਕ ਥਾਉਂ ਤਾਂ ਕਾਮਰੇਡਾਂ ਨੂੰ ਸਿੱਧੇ ਸੰਬੋਧਨ ਵਿੱਚ ਰਜਨੀਸ਼ ਆਪਣੇ ਆਪਨੂੰ ਸਭ ਤੋਂ ਵੱਡਾ ਕਮਿਊਨਿਸਟ ਸਾਬਤ ਕਰਨਾ ਚਾਹੁੰਦਾ ਹੈ। ਉਹ ਕਹਿੰਦਾ ਹੈ, "ਇਥੇ ਬੈਠੇ ਕਾਮਰੇਡਾਂ ਰਾਹੀਂ ਮੈਂ ਇਹ ਕਹਿਣਾ ਚਾਹਾਂਗਾ ਕਿ ਉਹ ਮੇਰੇ ਲੋਕਾਂ (ਸੰਨਿਆਸੀਆਂ, ਰਜਨੀਸ਼ਵਾਦੀਆਂ) ਦੀ ਸਹਾਇਤਾ ਕਰਨ। ਮੈਂ ਕਮਿਊਨਿਜ਼ਮ ਦੇ ਖਿਲਾਫ਼ ਨਹੀਂ ਹਾਂ। ਇਸ ਤੋਂ ਪਹਿਲਾਂ ਮੇਰੇ ਤੋਂ ਵੱਡੇ ਕਮਿਊਨਿਸਟ ਨੂੰ ਤੁਸੀਂ ਨਹੀਂ ਜਾਣਦੇ ਹੋਵੋਗੇ, ਕਿਉਂਕਿ ਮੈਂ ਰਹੱਸਵਾਦੀ (ਸਪਿਰਚੂਅਲ) ਕਮਿਊਨਿਸਟ ਹਾਂ।" ਕਮਿਊਨਿਸਟ ਤੇ ਰਹੱਸਵਾਦ ਦਾ ਕੋਈ ਮੇਲ ਨਹੀਂ, ਪਰ ਜਿਵੇਂ ਕਿ ਅਸੀਂ ਅਗਾਂਹ ਦੇਖਾਂਗੇ ਕਿ ਰਜਨੀਸ਼ ਕਮਿਊਨਿਜ਼ਮ ਨੂੰ ਇਸੇ ਰਾਹ ਤੋਰਨਾ ਚਾਹੁੰਦਾ ਹੈ। ਉਸ ਦੇ ਆਪਣੇ ਕਾਰਣ ਹਨ।

ਜਨਵਰੀ 30, 1989 ਤੋਂ ਪਹਿਲਾਂ ਦੇ ਕਿਸੇ ਲੈਕਚਰ ਵਿੱਚ ਵੀ ਤੁਸੀਂ ਕਮਿਊਨਿਜ਼ਮ ਦੇ ਹੱਕ ਵਿੱਚ ਰਜਨੀਸ਼ ਨੂੰ ਬੋਲਦਾ ਨਹੀਂ ਸੁਣੋਗੇ। ਇਨਕਲਾਬ ਨੂੰ ਉਹ 'ਗਰੀਬੀ' ਵੰਡਣ ਦਾ ਨਾਂ ਦਿੰਦਾ ਹੈ। ਲੱਖਾਂ ਲੋਕਾਂ ਦੇ ਕਤਲ ਕਰਨ ਕਾਰਣ ਸਟਾਲਿਨ ਨੂੰ ਪਾਣੀ ਪੀ-ਪੀ ਕੇ ਕੋਸਦਾ ਹੈ। ਕਮਿਊਨਿਜ਼ਮ ਨੂੰ ਧਰਮ ਤੱਕ ਕਹਿ ਦਿੰਦਾ ਹੈ, ਜਿਸ ਦਾ ਢੰਡੋਰਾ ਪੰਜਾਬੀ ਦਾ 'ਹਰਕਾਰਾ' ਅੱਜ ਤਾਈਂ ਪਿੱਟੀ ਜਾ ਰਿਹਾ ਹੈ। ਲੈਨਿਨ ਬਾਰੇ ਰਜਨੀਸ਼ ਕਦੇ ਵੀ ਸੁਹਿਰਦ ਨਹੀਂ। ਪ੍ਰੰਤੂ ਜਿਨ੍ਹਾਂ ਪ੍ਰਵਚਨਾਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਨ੍ਹਾਂ ਵਿੱਚ ਰਜਨੀਸ਼ ਸਟਾਲਿਨ ਦੇ ਹੱਕ ਵਿੱਚ ਕਮਿਊਨਿਸਟਾਂ ਤੋਂ ਵੀ ਅਗਾਂਹ ਲੰਘ ਗਿਆ ਹੈ। ਕਮਿਊਨਿਸਟ ਤਾਂ ਇਹ ਮੰਨਦੇ ਹਨ ਕਿ ਸਟਾਲਿਨ ਦੀਆਂ ਆਖਿਰੀ ਸਮੇਂ ਦੀਆਂ ਗਲਤੀਆਂ ਦੇ ਬਾਵਜੂਦ ਪਹਿਲੀ ਸੋਸ਼ਲਿਸਟ ਸਟੇਟ ਨੂੰ ਬਚਾਉਣਾ ਅਤੇ ਸੰਸਾਰ ਪੱਧਰ ਦੇ ਕਮਿਊਨਿਸਟਾਂ ਦੇ ਵਿਰੋਧੀਆਂ ਨੂੰ ਹਰਾਉਣਾ ਅਜਿਹੇ ਕੰਮ ਹਨ, ਜਿਨ੍ਹਾਂ ਕਾਰਣ ਉਸਨੂੰ ਭੁਲਾਇਆ ਨਹੀਂ ਜਾ ਸਕਦਾ। ਗੋਰਬਾਚੋਵ ਵੱਲੋਂ ਸਟਾਲਿਨ ਦੀ ਆਲੋਚਨਾ ਦੇ ਜਵਾਬ ਵਿੱਚ ਰਜਨੀਸ਼ ਕਹਿੰਦਾ ਹੈ, "ਸਟਾਲਿਨ ਦੇ ਵਾਰਿਸ ਉਸਨੂੰ ਡਿਕਟੇਟਰਸ਼ਿਪ ਦੇ ਤਰੀਕਿਆਂ ਯਾਨੀ ਕਤਲ, ਹੱਤਿਆਵਾਂ, ਸਮੂਹਿਕ ਹੱਤਿਆਵਾਂ ਕਰਕੇ ਭੰਡ ਰਹੇ ਹਨ, ਪਰ ਉਹ ਇਹ ਨਹੀਂ ਜਾਣਦੇ ਹਨ ਕਿ ਜੇ ਸਟਾਲਿਨ ਅਜਿਹੇ ਭੈੜੇ ਕੰਮ ਨਾ ਕਰਦਾ ਤਾਂ ਉਹ ਇਥੇ ਨਾਂ ਹੁੰਦੇ।" ਜਾਂ "ਇਹ ਸਟਾਲਿਨ ਦੀਆਂ ਮਹਾਨ ਪਾਲਸੀਆਂ ਹੀ ਸਨ ਜਿਨ੍ਹਾਂ ਨੇ ਸੋਵੀਅਤ ਯੂਨੀਅਨ ਨੂੰ ਬਚਾਇਆ।" ਜਿਨ੍ਹਾਂ ਲੋਕਾਂ ਦਾ ਕਤਲ ਕੀਤਾ ਗਿਆ ਉਹ ਰਜਨੀਸ਼ ਅਨੁਸਾਰ ਗਰੀਬਾਂ

ਦੇ ਵਿਰੋਧੀ, ਕੱਟੜਪੰਥੀ, ਭਿਕਸ਼ੂ, ਈਸਾਈ, ਪਾਦਰੀ ਸਨ। ਅਜਿਹੇ ਵਿਚਾਰ ਇਹ ਸਥਾਪਿਤ ਕਰਨ ਲਈ ਅਤਿਕਥਨੀ ਰੂਪ ਵਿੱਚ ਆਏ ਹਨ ਕਿਉਂਕਿ ਰਜਨੀਸ਼ ਚਾਹੁੰਦੇ ਹਨ ਕਿ ਗੋਰਬਾਚੋਵ ਨੂੰ ਇਨ੍ਹਾਂ ਈਸਾਈਆਂ ਪਾਦਰੀਆਂ ਨੂੰ ਸੋਵੀਅਤ ਯੂਨੀਅਨ ਵਿੱਚ ਵੜਨ ਨਹੀਂ ਦੇਣਾ ਚਾਹੀਦਾ, ਜਿਸ ਗੱਲ ਨੂੰ ਉਹ ਭੁੱਲ ਜਾਂਦਾ ਹੈ ਜਾਂ ਜਾਣ-ਬੁੱਝ ਕੇ ਸਾਹਮਣੇ ਨਹੀਂ ਆਉਣ ਦਿੰਦਾ ਉਹ ਇਹ ਹੈ ਕਿ ਜੇ ਕਮਿਊਨਿਜ਼ਮ ਦੀ ਥਾਂ ਬੁਰਜੂਆ ਸਿਸਟਮ ਆਏਗਾ ਤਾਂ ਉਸਦੀਆਂ ਸਾਰੀਆਂ ਕਮਜ਼ੋਰੀਆਂ ਵੀ ਆਉਣਗੀਆਂ। ਡਾਕੇ, ਬਲਾਤਕਾਰ, ਵੇਸਵਾਗਮਨੀ, ਅਰਾਜਕਤਾ, ਬੇਰੁਜ਼ਗਾਰੀ, ਭੁੱਖਮਰੀ, ਮੰਗਤੇ ਸਭ ਕੁਝ ਨੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਪ੍ਰਵੇਸ਼ ਕੀਤਾ ਹੈ, ਜਿਸ ਕਾਰਣ ਲੋਕਾਂ ਨੂੰ ਅਤਿਅੰਤ ਦੁੱਖ ਝਾਗਣੇ ਪੈ ਰਹੇ ਹਨ। ਤਥਾ ਕਥਿੱਤ ਧਰਮਾਂ ਦਾ ਪ੍ਰਵੇਸ਼ ਤਾਂ ਇੱਕ ਪੱਖ ਹੈ।

ਜੋ ਰਜਨੀਸ਼ ਹਿਟਲਰ ਦੇ ਨਾਲ ਸਟਾਲਿਨ ਨੂੰ ਜੋੜਦਾ ਸੀ ਉਹ ਇਕ ਦਮ ਇਸ ਵਿਚਾਰ ਉੱਪਰ ਪਹੁੰਚ ਗਿਆ ਕਿ ਬੁਰਜੂਆ ਸਮਾਜ ਤੋਂ ਕਮਿਊਨਿਜ਼ਮ ਵੱਲ ਜਾਣ ਸਮੇਂ ਡਿਕਟੇਟਰਸ਼ਿਪ ਜ਼ਰੂਰੀ ਹੈ। (ਪ੍ਰੋਲੇਤਾਰੀ ਡਿਕਟੇਟਰਸ਼ਿਪ ਨਹੀਂ) ਰੂਸ ਵਿੱਚ ਔਰਤਾਂ ਨੂੰ ਬਰਾਬਰੀ ਦੁਆਉਣ ਦਾ ਸਿਹਰਾ ਸਟਾਲਿਨ ਸਿਰ ਬੰਨ੍ਹਦਾ ਹੋਇਆ ਉਹ ਆਖਦਾ ਹੈ, "ਰੂਸ ਹੀ ਦੁਨੀਆਂ ਦਾ ਇਕੋ ਇੱਕ ਦੇਸ਼ ਸੀ, ਜਿੱਥੇ ਔਰਤ ਨੂੰ ਉਸਦਾ ਬਣਦਾ ਸਨਮਾਨ ਦਿੱਤਾ ਗਿਆ। ਇਸ ਸਭ ਕੁਝ ਦਾ ਸਿਹਰਾ ਸਟਾਲਿਨ ਦੇ ਸਿਰ ਬੱਝਦਾ ਹੈ।"

ਇਸ ਸਾਰੀ ਸਿਫ਼ਤ ਪਿੱਛੇ ਰਜਨੀਸ਼ ਦੀ ਇਹ ਸੋਚ ਕੰਮ ਕਰਦੀ ਹੈ ਕਿ ਸੋਵੀਅਤ ਯੂਨੀਅਨ ਇੱਕ ਅਜਿਹਾ ਦੇਸ਼ ਹੈ ਜਿੱਥੇ ਪਦਾਰਥਵਾਦੀ ਦਰਸ਼ਨ ਸਥਾਪਿਤ ਹੈ ਤੇ ਇਥੇ ਰਜਨੀਸ਼ਵਾਦ ਦੇ ਝੰਡੇ ਆਸਾਨੀ ਨਾਲ ਗੱਡੇ ਜਾ ਸਕਦੇ ਹਨ। ਇਹੀ ਪੈਂਤੜਾ ਉਹ ਹਰ ਥਾਂ ਵਰਤ ਰਿਹਾ ਹੈ। ਕਮਿਊਨਿਜ਼ਮ ਦੀ ਸਿਫ਼ਤ ਕਰਦਿਆਂ ਉਹ ਉਸਨੂੰ ਨੀਂਹ ਰੂਪ ਵਿੱਚ ਸਵੀਕਾਰ ਕਰਦਾ ਹੈ, ਜਿਸਨੂੰ 'ਧਿਆਨ' ਦੀਆਂ ਕੰਧਾਂ ਤੇ ਪੀਲ ਪਾਵਿਆਂ ਦੀ ਜ਼ਰੂਰਤ ਹੈ। ਉਸ ਅਨੁਸਾਰ, "ਕਮਿਊਨਿਜ਼ਮ ਮਹਾਨ ਤਜ਼ਰਬਿਆਂ ਵਿਚੋਂ ਇੱਕ ਸੀ। ਇਸਨੇ ਮਾਨਵਤਾ ਲਈ ਨਵੇਂ ਮੰਦਿਰ ਦੀਆਂ ਨੀਂਹਾਂ ਭਰੀਆਂ, ਜਿਸ ਵਿਚੋਂ ਥੰਮ ਤੇ ਛੱਤ ਗਾਇਬ ਸੀ।" ਰਜਨੀਸ਼ ਅਨੁਸਾਰ ਕਮਿਊਨਿਜ਼ਮ ਅਜਿਹਾ ਮੌਕਾ ਪ੍ਰਦਾਨ ਕਰਦਾ ਕਿ ਜਿਸ ਉੱਪਰ ਧਿਆਨਵਾਦ ਦਾ ਮਹਿਲ ਉਸਾਰਿਆ ਜਾ ਸਕਦਾ ਹੈ। ਇਸੇ ਦ੍ਰਿਸ਼ਟੀ ਤੋਂ ਹੀ ਉਹ ਇਸ ਸਮਾਜਿਕ ਸੰਰਚਨਾ ਦੀ ਸਿਫ਼ਤ ਸਲਾਹ ਕਰਦਾ ਹੈ। "ਕਿਸੇ ਵੀ ਹੋਰ ਸਮਾਜਿਕ ਢਾਂਚੇ ਨਾਲੋਂ ਕਮਿਊਨਿਜ਼ਮ ਚੰਗੇ ਮੌਕੇ ਪ੍ਰਦਾਨ ਕਰਦਾ ਹੈ, ਕਿਉਂਕਿ ਇਹ ਨਾਂਹ-ਮੁਖੀ ਹੈ। ਇਸ ਵਿੱਚ ਰੱਬ ਦੀ ਕੋਈ ਥਾਂ ਨਹੀਂ। ਸਵਰਗ-ਨਰਕ, ਅਵਤਾਰਵਾਦ ਦੀ ਇਥੇ ਜ਼ਰੂਰਤ ਨਹੀਂ ਅਤੇ ਇਹ ਔਰਤ ਮਰਦ ਦੀ ਬਰਾਬਰੀ ਸੁਨਿਸਚਿਤ ਕਰਦਾ ਹੈ।" ਪਰੰਤੂ ਉਸ ਅਨੁਸਾਰ ਅਜਿਹੀ ਬਰਾਬਰੀ ਵਿੱਚ ਇੱਕ ਨਾਬਰਾਬਰੀ ਵੀ ਹੈ। ਅਜਿਹੀ ਨਾ ਬਰਾਬਰੀ ਨੂੰ ਸਮਾਪਤ ਕਰਨ ਲਈ ਉਹ ਸਪਿਰਿਚੂਅਲ ਖੇਤਰ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਜੋ ਭਾਵਵਾਚੀ ਹੈ, ਯਥਾਰਥਕ ਨਹੀਂ ਤੇ ਜਿਥੇ ਬਰਾਬਰੀ ਦ ਅਹਿਸਾਸ ਸਦੀਵੀਂ ਨਹੀਂ। ਸਮਾਜਿਕ ਬਰਾਬਹੀ ਤੋਂ ਬਗ਼ੈਰ ਰਹੱਸਵਾਦੀ ਬਰਾਬਰੀ ਸਿਰਫ਼ ਛਲਾਵਾ ਹੈ। ਮੱਧਕਾਲ ਦੇ ਸਾਰੇ ਦਲਿਤ ਸਮਾਜ ਚੋਂ ਆਏ ਭਗਤ ਰਹੱਸਵਾਦੀ ਖੇਤਰ ਵਿੱਚ ਪ੍ਰਵਾਣ ਹਨ, ਪਰ ਕੀ ਸਮਾਜਿਕ ਖੇਤਰ ਵਿੱਚ ਉਨ੍ਹਾਂ ਨੂੰ ਬਰਾਬਰਤਾ ਮਿਲ ਗਈ ਹੈ? ਵੀਹਵੀਂ ਸਦੀ ਵਿੱਚ ਤਾਂ ਅਜਿਹਾ ਕੁਝ ਹੋ ਨਹੀਂ ਸਕਿਆ।

ਰਜਨੀਸ਼ ਦਾ ਤਰੀਕਾ ਹੈ ਕਿ, "ਅਸਮਾਨ ਵਿਕਾਸ ਲਈ ਹਰ ਇਕ ਨੂੰ ਸਮਾਨ ਮੌਕਿਆਂ ਦੀ ਜ਼ਰੂਰਤ ਹੈ। ਪਰ ਜਿਥੋਂ ਤੱਕ ਸਪਿਰਚੂਏਲਿਟੀ ਦਾ ਸੰਬੰਧ ਹੈ ਹਰ ਇੱਕ ਸਮਾਨ ਹੈ, ਹਰ ਕੋਈ ਬਰਾਬਰ ਦਾ 'ਬੁੱਧ' ਹੈ। ਇਹ ਸਹੀ ਕਮਿਊਨਿਜ਼ਮ ਹੈ—ਡੂੰਘਾ ਉਚੇਰਾ ਤੇ ਪੱਕਾ... ਅਸਲ ਵਿੱਚ ਸਪਿਰਚੂਅਲ ਕਮਿਊਨਿਜ਼ਮ ਪਹਿਲਾਂ ਆਉਣਾ ਚਾਹੀਦਾ ਹੈ, ਸਿਰਫ਼ ਤਾਂ ਹੀ ਆਰਥਿਕ ਕਮਿਊਨਿਜ਼ਮ ਸਾਏ ਦੀ ਤਰ੍ਹਾਂ ਨਾਲ ਆਵੇਗਾ।" ਸਾਫ਼ ਦਿਖਾਈ ਦੇ ਰਿਹਾ ਹੈ ਕਿ ਰਜਨੀਸ਼ ਕਮਿਊਨਿਜ਼ਮ ਨਾਲ ਵੀ ਉਹੀ ਪੈਂਤੜਾ ਵਰਤ ਰਿਹਾ ਹੈ ਜੋ ਉਹ ਧਰਮਾਂ ਨਾਲ ਵਰਤਦਾ ਹੈ। 12 ਜਨਵਰੀ, 1985 ਨੂੰ ਓਰੇਗਾਨ ਵਿੱਚ ਦਿੱਤੇ ਪ੍ਰਵਚਨ ਵਿੱਚ ਉਹ ਆਖਦਾ ਹੈ, "ਮੈਂ ਸਿਰਫ਼ ਇਹ ਸੋਚਿਆ, ਉਨ੍ਹਾਂ ਦੇ ਸ਼ਬਦ ਵਰਤੋਂ, ਉਨ੍ਹਾਂ ਦੀ ਭਾਸ਼ਾ ਵਰਤੋਂ ਤੇ ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਨੂੰ ਵਰਤੋ। ਜੇਕਰ ਤੁਸੀਂ ਕਿਸੇ ਹੋਰ ਦੀ ਬੰਦੂਕ ਚਲਾ ਰਹੇ ਹੋਵੋ ਤਾਂ ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਆਪਣੀਆਂ ਗੋਲੀਆਂ ਨਹੀਂ ਵਰਤ



ਸਕਦੇ। ਬੰਦੂਕ ਕਿਸੇ ਦੀ ਹੋਵੇ ਗੋਲੀਆਂ ਮੇਰੀਆਂ ਹਨ। ਅਸਲੀ ਕੰਮ ਤਾਂ ਗੋਲੀਆਂ ਨੇ ਕਰਨਾ ਹੈ, ਬੰਦੂਕ ਨੇ ਨਹੀਂ। ਫਿਰ ਕੀ ਹਰਜ਼ ਹੈ।" ਉੱਪਰ ਦਿੱਤੀਆਂ ਟੂਕਾਂ ਦੀ ਸ਼ਬਦਾਵਲੀ ਤੋਂ ਕੋਈ ਵੀ ਪ੍ਰਭਾਵਿਤ ਹੋ ਸਕਦਾ ਹੈ, ਪਰ ਅਸੀਂ ਤਾਂ ਉਸ ਦੀਆਂ ਗੋਲੀਆਂ ਕੱਢ ਕੇ ਨਕਾਰੀਆਂ ਕਰ ਰਹੇ ਹਾਂ ਤੇ ਜਿਸ ਦੀ ਬੰਦੂਕ ਹੈ, ਉਸਨੂੰ ਸੌਂਪ ਕੇ ਬੜੇ ਵੱਡੇ ਬਹਾਦਰ ਨੂੰ ਨਿਹੱਥਾ ਕਰਨ ਦਾ ਯਤਨ ਕਰ ਰਹੇ ਹਾਂ। ਰਜਨੀਸ਼ ਦੀ ਆਪਣੀ ਸਟਰੈਟਜੀ ਹੈ ਤਾਂ ਸਾਡੀ ਆਪਣੀ। ਉੱਪਰ ਉਸਦੇ ਕਹੇ ਅਨੁਸਾਰ ਜੇ ਸਪਿਰਚੂਅਲ ਕਮਿਊਨਿਜ਼ਮ ਪਹਿਲਾਂ ਆਉਂਦਾ ਹੈ ਤਾਂ ਫਿਰ ਆਰਥਿਕ ਕਮਿਊਨਿਜ਼ਮ ਵਾਸਤੇ ਲੜੇਗਾ ਕੌਣ। ਕਿਉਂਕਿ ਧਿਆਨਵਾਦੀ ਤਾਂ ਅਬਜ਼ਰਬਰ (ਸਿਰਫ਼ ਦੇਖਣ ਵਾਲਾ) ਬਣ ਜਾਂਦਾ ਹੈ। ਜੋ ਬਾਹਰ ਖੜਾ ਦੇਖਦਾ ਰਹੇ, ਜੋ ਦਰਿਆ ਦੀਆਂ ਲਹਿਰਾਂ ਨਾਲ ਆਪਣੇ ਆਪਨੂੰ ਵਹਿਣ ਵਿੱਚ ਤੋਰ ਲਏ, ਉਹ ਤਾਂ ਆਪਣੇ ਲਈ ਚਾਹ ਦਾ ਕੱਪ ਨਹੀਂ ਬਣਾ ਸਕਦਾ (ਰਜਨੀਸ਼ ਦੇ ਆਪਣੇ ਕਹਿਣ ਮੁਤਾਬਿਕ ਉਸਨੇ ਸਾਰੀ ਉਮਰ ਚਾਹ ਦਾ ਕੱਪ ਤੱਕ ਨਹੀਂ ਬਣਾਇਆ) ਉਸਦਾ ਕਮਿਊਨ, ਦਾਨ (ਡੋਨੇਸ਼ਨ) ਉੱਪਰ ਚਲਦਾ ਹੈ, ਤਾਂ ਉਹ ਦੂਸਰਿਆਂ ਦੀ ਆਰਥਿਕ ਬਰਾਬਰੀ ਲਈ ਲੜ ਸਕੇਗਾ? ਭੁੱਲ ਜਾਉ। ਰਜਨੀਸ਼ ਕਮਿਊਨਿਜ਼ਮ ਦੀ ਸ਼ਬਦਾਵਲੀ ਵਰਤ ਕੇ ਇੱਕ ਵਿਸ਼ੇਸ਼ ਪੈਂਤੜਾ ਲੈ ਕੇ ਕਮਿਊਨਿਸਟਾਂ ਨੂੰ ਵਰਗਲਾਉਣ ਦੇ ਚੱਕਰ ਵਿੱਚ ਹੈ। ਕਈ ਆਰਾਮ ਨਾਲ ਫਸ ਵੀ ਜਾਂਦੇ ਹਨ। ਪਰ ਉਸਦੀ ਸਟਰੈਟਜੀ ਨੂੰ ਹਮੇਸ਼ਾ ਪਛਾਨਣ ਦੀ ਲੋੜ ਹੈ। ਉਹ ਕਹਿੰਦਾ ਹੈ, "ਮੇਰੀ ਸਾਰੀ ਸਟਰੈਟਜੀ ਕਮਿਊਨਿਸਟਾਂ ਨੂੰ ਚੇਤਨੰਤਾ ਦੇ ਇਨਕਲਾਬ ਵੱਲ ਮੋੜਨ ਦੀ ਹੈ। ਉਹ ਜ਼ੇਨ ਅਗਨੀ ਅਤੇ ਜ਼ੇਨ-ਪਉਣ ਬਣ ਕੇ ਸਾਰੀ ਧਰਤੀ ਉੱਪਰ ਫਿਰ ਜਾਵੇਗਾ ਅਤੇ ਹਰ ਇੱਕ ਵਿੱਚ ਪਹਿਲਾਂ ਬੁੱਧ ਬਣਨ ਦਾ ਮੁਕਾਬਲਾ ਸ਼ੁਰੂ ਹੋ ਜਾਵੇਗਾ। ਅਜਿਹਾ ਮੁਕਾਬਲਾ ਜਿਹੜਾ ਪਹਿਲਾਂ ਕਦੇ ਨਹੀਂ ਸੁਣਿਆ ਗਿਆ।" ਧਰਮਾਂ ਵਾਲਿਆਂ ਨੂੰ ਮੂਰਖ ਬਣਾਉਣਾ ਸ਼ਾਇਦ ਸੌਖਾ ਹੈ, ਪਰ ਕਮਿਊਨਿਸਟ ਜੋ ਆਪ ਹੁਣ ਤੱਕ ਟੈਕਟਿਕਸ, ਸਟਰੈਟਜੀਆਂ ਬਣਾਉਂਦੇ ਰਹੇ ਹਨ ਤੇ ਦੂਸਰਿਆਂ ਦੀਆਂ ਸਮਝਦੇ ਰਹੇ ਹਨ, ਉਨ੍ਹਾਂ ਨੂੰ ਮੂਰਖ ਬਣਾਉਣਾ ਏਨਾ ਆਸਾਨ ਨਹੀਂ, ਪਰ ਰਜਨੀਸ਼ ਨੇ ਆਪਣੀ ਵੱਲੋਂ ਕੋਈ ਕਸਰ ਨਹੀਂ ਛੱਡੀ।

ਕਮਿਊਨਿਸਟ ਹਮੇਸ਼ਾ ਲੋਕ-ਪੱਖੀ ਰਹੇ ਹਨ, ਪਰ ਰਜਨੀਸ਼ ਤਾਂ ਸਦਾ ਲੋਕ ਵਿਰੋਧੀ ਅਤੇ ਸਮੂਹ-ਵਿਰੋਧੀ ਧਿਰ ਨਾਲ ਖੜ੍ਹਦਾ ਹੈ। ਉਸ ਅਨੁਸਾਰ ਮਾਸ-ਫੀਨਾਮੀਨਾ ਕੋਈ ਨਿਚਲੇ ਪੱਧਰ ਦੀ ਚੀਜ਼ ਹੈ। ਉਹ ਬਹੁ-ਗਿਣਤੀ ਲੋਕਾਂ ਨੂੰ ਪਸ਼ੂਆਂ ਤੋਂ ਵੱਧ ਕੁਝ ਨਹੀਂ ਮੰਨਦਾ। ਜੇ ਯਕੀਨ ਨਹੀਂ ਆਉਂਦਾ ਤਾਂ ਉਸਦੇ ਇਹ ਵਿਚਾਰ ਪੜ੍ਹੋ, "ਹਰ ਉਹ ਚੀਜ਼ ਜੋ ਮਾਸ-ਫਿਨਾਮਿਨਾ ਬਣ ਜਾਏ ਉਹ ਨਿਚਲੇ ਪੱਧਰ ਦੀ ਹੋ ਜਾਂਦੀ ਹੈ, ਕਿਉਂਕਿ ਲੋਕਾਂ ਦੀ ਬਹੁਗਿਣਤੀ ਗਧਿਆਂ ਦੀ ਹੈ। ਦੁਨੀਆਂ ਵਿੱਚ ਹਰ ਇੱਕ ਸੈਕਿੰਡ ਬਾਅਦ ਇੱਕ ਗਧਾ ਪੈਦਾ ਹੁੰਦਾ ਹੈ। ਉਹ ਵਧੀ ਹੀ ਜਾ ਰੁਹੇ ਹਨ।" ਜੇ ਮੈਂ ਇਹ ਕਹਿ ਦਿਆਂ ਕਿ ਗਧਿਆਂ ਨੂੰ ਸਾਰੇ ਗਧੇ ਹੀ ਦਿਖਾਈ ਦਿੰਦੇ ਹਨ ਤਾਂ ਮੇਰਾ ਖਿਆਲ ਹੈ ਰਜਨੀਸ਼ਵਾਦੀ ਮੇਰੇ ਨਾਲ ਖ਼ਫ਼ਾ ਨਹੀਂ ਹੋਣਗੇ। ਕੀ ਕਮਿਊਨਿਸਟ ਰਜਨੀਸ਼ ਦੇ ਇਸ ਪੈਂਤੜੇ ਨੂੰ ਸਵੀਕਾਰ ਕਰਨਗੇ? ਬਿਲਕੁਲ ਨਹੀਂ।

ਹੌਲੀ-ਹੌਲੀ ਰਜਨੀਸ਼ ਦੇ ਪ੍ਰਵਚਨਾਂ ਸਟਰੈਟਜੀਆਂ ਸਾਹਮਣੇ ਆਉਂਦੀਆਂ ਜਾਂਦੀਆਂ ਹਨ। ਉਹ ਆਪਣੇ ਚੇਲਿਆਂ ਨੂੰ ਸੰਬੋਧਿਤ ਹੁੰਦਾ ਹੈ, "ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੇਰੇ ਸ਼ਬਦਾਂ ਦੀ ਬਾਹਰੀ ਕੀਮਤ ਨਹੀਂ ਹੈ। ਉਹ ਸਟਰੈਟਜੀਆਂ ਹਨ, ਉਹ ਸਾਧਨ ਹਨ। ਮੇਰੀ ਅਸਲ ਸਮੱਸਿਆ ਇਹ ਹੈ ਕਿ ਮੈਂ ਤੁਹਾਨੂੰ ਝਟਕਾ ਕਿਵੇਂ ਦੇਵਾਂ ਅਤੇ ਤੁਹਾਡੇ ਮਨ ਤੋਂ ਸਭ ਕੁਝ ਛੱਡ ਦੇਵਾਂ ਤਾਂ ਕਿ ਤੁਸੀਂ ਅੰਦਰਲੇ ਕਮਰੇ ਵਿੱਚ ਦਾਖਲ ਹੋ ਸਕੋ ਅਤੇ ਆਪਣੀਆਂ ਅੱਖਾਂ ਨਾਲ ਆਪਣਾ ਵਿਸ਼ਾਲ ਆਕਾਸ਼ ਦੇਖ ਸਕੋ।" ਸਾਫ਼ ਹੈ ਕਿ ਕਮਿਊਨਿਜ਼ਮ ਬਾਰੇ ਕਹੇ ਸ਼ਬਦਾਂ ਦੀ ਕੋਈ ਕੀਮਤ ਨਹੀਂ, ਉਹ ਤਾਂ ਚੇਲਿਆਂ ਦੇ ਮਨ ਦੀ ਮਿੱਟੀ ਝਾੜਨ ਦਾ ਕੰਮ ਕਰਦੇ ਹਨ। ਬਾਦ ਵਿੱਚ ਇਸ ਸਭ ਤੋਂ ਰਜਨੀਸ਼ ਪੱਲਾ ਝਾੜ ਲੈਂਦਾ ਹੈ, ਇਹ ਕਹਿਕੇ ਕਿ ਉਹ ਤਾਂ ਅਜਿਹੇ ਗਿਆਨ ਤੋਂ ਬਹੁਤ ਉੱਪਰ ਹੈ, ਅਜਿਹਾ ਗਿਆਨ ਤਾਂ ਉਹ ਚੇਲਿਆਂ ਲਈ ਵੀ ਵਰਤ ਰਿਹਾ ਹੈ। ਉਸਦਾ ਅਸਲੀ ਮੰਤਵ ਤਾਂ ਕੁਝ ਹੋਰ ਹੀ ਹੈ। "ਮੈਂ ਚਾਹੁੰਦਾ ਹਾਂ ਕਿ ਹਰ ਵਿਅਕਤੀ ਆਪਣੇ ਮਨ ਤੋਂ ਭੂਤਕਾਲ ਨੂੰ ਹੂੰਝ ਮਾਰੇ। ਸਾਰੇ ਵਿਰੋਧ, ਸਾਰੇ ਵਿਚਾਰ-ਰਾਜਨੀਤਕ, ਸਮਾਜਿਕ, ਧਾਰਮਿਕ ਸਭ ਨੂੰ ਤਿਆਗਣਾ ਪਵੇਗਾ। ਸਾਫ਼ ਸਲੇਟ ਤੇ ਹੁਣ ਤੁਸੀਂ ਨੋ-ਮਾਈਂਡ ਸਥਿਤੀ ਵਿੱਚ ਪਹੁੰਚਦੇ ਹੋ।" ਕਮਿਊਨਿਜ਼ਮ

ਤਾਂ ਦੁਨੀਆਂ ਦਾ ਪ੍ਰਮੁੱਖ ਰਾਜਨੀਤਕ ਵਿਚਾਰ ਹੈ। ਰਜਨੀਸ਼ ਤਾਂ ਲੋਕਾਂ ਨੂੰ ਇਨ੍ਹਾਂ ਵਿਚਾਰਾਂ ਤੋਂ ਛੁਟਕਾਰਾ ਦੁਆਉਣਾ ਚਾਹੁੰਦਾ ਹੈ। ਉਸਨੂੰ ਬੰਦੇ ਨਹੀਂ, ਡੰਗਰਾਂ ਦੀ ਲੋੜ ਹੈ। ਜੋ ਬੰਦਾ ਰਾਜਨੀਤਕ, ਸਮਾਜਿਕ, ਧਾਰਮਿਕ ਸਾਰੇ ਵਿਚਾਰਾਂ ਨੂੰ ਤਿਆਗ ਦਿੰਦਾ ਹੈ, ਉਹ ਡੰਗਰ ਹੀ ਤਾਂ ਹੈ ਤੇ ਇਹ ਡੰਗਰ ਰਜਨੀਸ਼ ਦੇ ਬਹੁਤ ਕੰਮ ਦੇ ਹਨ। ਉਨ੍ਹਾਂ ਵਿੱਚ ਦਿਮਾਗ਼ ਸਾਫ਼ ਕਰ ਦਿੱਤਾ ਜਾਂਦਾ ਹੈ ਤਾਂ ਉਹ ਸਾਰੀ ਉਮਰ ਰਜਨੀਸ਼ ਦੇ ਆਪਾਂ-ਵਿਰੋਧੀ, ਵਿਚਾਰਾਂ ਦੀ ਜੁਗਾਲੀ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਇਨ੍ਹਾਂ ਵਿਚਾਰਾਂ ਦੀ ਉਪਯੋਗਤਾ ਉੱਪਰ ਚਿੰਤਨ ਕਰਨ ਦੀ ਲੋੜ ਨਹੀਂ ਪੈਂਦੀ। ਰਜਨੀਸ਼ ਦੇ ਹਜ਼ਾਰਾਂ ਚੇਲੇ ਹੋਣਗੇ। ਕੀ ਤੁਹਾਨੂੰ ਕੋਈ ਮੌਲਿਕ ਸੋਚਣ ਵਾਲਾ ਮਿਲਿਆ ਹੈ? ਮੈਨੂੰ ਤਾਂ ਮਿਲਿਆ ਨਹੀਂ ਤੁਹਾਨੂੰ ਮਿਲਿਆ ਹੋਵੇ ਤਾਂ ਮੈਨੂੰ ਜ਼ਰੂਰ ਦੱਸਣਾ। ਇਹੋ ਜਿਹਿਆਂ ਦੇ ਅਜਿਹੇ ਹੀ ਚੇਲੇ ਹੋ ਸਕਦੇ ਹਨ।

ਰਜਨੀਸ਼ ਆਪ ਕਿਸੇ ਚੀਜ਼, ਵਿਚਾਰ, ਸੰਸਥਾ, ਸਮਾਜ, ਸੱਭਿਆਚਾਰ ਪ੍ਰਤਿ ਪ੍ਰਤਿਬੱਧ ਨਹੀਂ। ਉਹ ਕੇਵਲ ਵਿਅਕਤੀ ਪ੍ਰਤਿ ਪ੍ਰਤਿਬੱਧ ਹੈ। ਵਿਅਕਤੀ ਨੂੰ ਉਹ ਜਿਸ ਦਾ ਹੁਣੇ ਜ਼ਿਕਰ ਹੋ ਰਿਹਾ ਹੈ। ਇਕ ਸਮੇਂ ਉਹ ਸਾਫ਼ ਕਹਿੰਦਾ ਹੈ, "ਮੈਂ ਅਰਾਜਕਤਾਵਾਦੀ ਹਾਂ। ਮੈਂ ਮੂਲ ਰੂਪ ਵਿੱਚ ਵਿਅਕਤੀ ਵਿੱਚ ਵਿਸ਼ਵਾਸ਼ ਰੱਖਦਾ ਹਾਂ। ਮੈਂ ਸਮਾਜ ਵਿੱਚ ਕਤੱਈ ਵਿਸ਼ਵਾਸ ਨਹੀਂ ਕਰਦਾ। ਮੇਰਾ ਸੱਭਿਅਤਾ ਵਿੱਚ ਵਿਸ਼ਵਾਸ ਨਹੀਂ, ਸੱਭਿਆਚਾਰ ਵਿੱਚ ਵਿਸ਼ਵਾਸ਼ ਨਹੀਂ। ਮੈਂ ਤਾਂ ਸਿਰਫ਼ ਵਿਅਕਤੀ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਰਾਜ ਵਿੱਚ ਵਿਸ਼ਵਾਸ ਨਹੀਂ ਕਰਦਾ। ਮੈਨੂੰ ਸਰਕਾਰ ਵਿੱਚ ਵਿਸ਼ਵਾਸ ਨਹੀਂ। ਮੈਂ ਦੁਨੀਆਂ ਦੀ ਕੋਈ ਸਰਕਾਰ ਨਹੀਂ ਚਾਹੁੰਦਾ, ਕੋਈ ਰਾਜ ਨਹੀਂ ਚਾਹੁੰਦਾ।" ਉਲਟਾ ਇਹ ਪ੍ਰਸ਼ਨ ਕਰਨਾ ਕੁੱਥਾਂ ਨਹੀਂ ਹੋਵੇਗਾ ਕਿ ਫਿਰ ਕਿਸੇ ਸਮਾਜ ਨੂੰ ਸੱਭਿਅਤਾ ਤੇ ਸੱਭਿਆਚਾਰ ਨੂੰ, ਕਿਸੇ ਰਾਜ ਜਾਂ ਸਰਕਾਰ ਨੂੰ ਰਜਨੀਸ਼ ਬਾਰੇ ਵਿਚਾਰ ਕਰਨ ਦੀ ਕੀ ਲੋੜ ਹੈ। ਲੋਕ ਗਧੇ ਹਨ। ਸਿਰਫ਼ ਰਜਨੀਸ਼ਵਾਦੀ ਵਿਅਕਤੀ ਹਨ ਤਾਂ ਰਜਨੀਸ਼ ਨੂੰ ਬਾਹਰ ਝਾਕਣ ਦੀ ਲੋੜ ਕਿਉਂ ਪੈਂਦੀ ਹੈ। ਸੋਵੀਅਤ ਯੂਨੀਅਨ ਵਿੱਚ ਝੰਡੇ ਗੱਡਣ ਦੀ ਏਨੀ ਲਾਲਸਾ ਕਿਉਂ ਹੈ? ਸਿਰਫ਼ ਉਸਨੂੰ ਹਉਂ ਨੂੰ ਪੱਠੇ ਪਾਉਣ ਲਈ? ਕਮਿਊਨਿਸਟਾਂ ਕੋਲ ਤਾਂ ਉਸਨੂੰ ਪਾਉਣ ਲਈ ਪੱਠੇ ਹੈ ਨਹੀਂ।

ਅਰਾਜਕਤਾਵਾਦੀ ਹੋਣ ਦਾ ਜ਼ਿਕਰ ਰਜਨੀਸ਼ ਇਉਂ ਕਰਦਾ ਹੈ ਜਿਵੇਂ ਇਹ ਕੋਈ ਬਹੁਤ ਵਧੀਆ ਚੀਜ਼ ਹੋਵੇ। ਅਰਾਜਕਤਾਵਾਦੀ ਪਾਸ ਢਾਹੁਣ ਲਈ ਸਾਰੀ ਦੁਨੀਆਂ ਹੁੰਦੀ ਹੈ, ਪਰ ਨਵਾਂ ਉਸ ਪਾਸ ਕੁਝ ਨਹੀਂ ਹੁੰਦਾ। ਰਜਨੀਸ਼ ਨਵਾਂ ਮਨੁੱਖ ਸਿਰਜਣ ਦਾ ਦਾਅਵਾ ਕਰਦਾ ਹੈ। ਆਪਣੇ ਕਮਿਊਨ ਨੂੰ ਸਭ ਤੋਂ ਉੱਚਾ ਦੱਸਦਾ ਹੈ। ਪਰ ਇਨ੍ਹਾਂ ਸਿਰਜੇ ਮਨੁੱਖਾਂ ਵਿੱਚ ਸ਼ੀਲਾ ਵੀ ਹੈ, ਜਾਨ ਮਿਲਕੇ ਵੀ ਤੇ ਮਹੇਸ਼ ਭੱਟ ਵੀ। ਕੋਈ ਲੱਖਾਂ ਡਾਲਰ ਲੈ ਕੇ ਦੌੜ ਜਾਂਦਾ ਹੈ। ਕੋਈ ਹਿਪਨੋਟਿਜ਼ਮ ਦੇ ਘੇਰੇ ਨੂੰ ਤੋੜ ਕੇ 'ਦਾ ਗਾਡ ਟੈਟ ਫੇਲਡ' ਨਾਂ ਦੀ ਕਿਤਾਬ ਲਿਖਦਾ ਹੈ ਤੇ ਓਰੇਗਾਨ ਵਿਚਲੇ ਕਮਿਊਨ ਦੇ ਸਾਰੇ ਗੰਦ ਨੂੰ ਲੋਕਾਂ ਸਾਹਮਣੇ ਲੈ ਆਉਂਦਾ ਹੈ ਤੇ ਕੋਈ ਰਜਨੀਸ਼ ਦੇ ਮਾਲਾ ਦੇ ਮਣਕਿਆਂ ਨੂੰ ਲੈਟਰੀਨ ਦੇ ਗਟਰ ਵਿੱਚ ਜਾ ਸੁੱਟਦਾ ਹੈ। ਸੱਚ ਮੁੱਚ ਮਹਾਨ ਹਨ ਇਹ ਵਿਭੂਤੀਆਂ। ਫਿਰ ਰਜਨੀਸ਼ ਕਿਸੇ ਨੂੰ ਵਾਪਿਸ ਆਉਣ ਲਈ ਪ੍ਰਵਚਨਾਂ ਵਿੱਚ ਤਰਲੇ ਕੱਢਦਾ ਹੈ ਤੇ ਕਿਸੇ ਨੂੰ ਡਰਾਉਣ ਧਮਕਾਉਣ ਤੱਕ ਜਾਂਦਾ ਹੈ।

ਜਿਸ ਪੁਸਤਕ ਦੀ ਅਸੀਂ ਚਰਚਾ ਕਰ ਰਹੇ ਹਾਂ ਉਸ ਵਿੱਚ ਤਾਂ ਉਹ ਹਰ ਕਿਸੇ ਤਰ੍ਹਾਂ ਦੀ ਪ੍ਰਤਿਬੱਧਤਾ ਤੋਂ ਇਨਕਾਰੀ ਹੈ, ਅਰਾਜਕਤਾਵਾਦੀ ਤੋਂ ਵੀ। ਉਹ ਕਹਿੰਦਾ ਹੈ, "ਕਮਿਊਨਿਜ਼ਮ ਪਹਿਲਾ ਪੜਾਅ ਹੈ, ਦੂਜਾ ਪੜਾਅ ਸਪਿਰਿਚਿਊਲਿਜ਼ਮ ਦਾ ਹੈ ਤੇ ਤੀਜਾ ਅਰਾਜਕਤਾਵਾਦ ਦਾ।" ਅਖ਼ੀਰ ਤੇ ਉਹ ਇਨ੍ਹਾਂ ਤਿੰਨਾਂ ਪੜਾਵਾਂ ਤੋਂ ਵੀ ਆਪਣੇ ਆਪਨੂੰ ਵੱਖ ਕਰ ਲੈਂਦਾ ਹੈ। ਉਸਦੀ ਪ੍ਰਤਿਬੱਧਾ ਕਿਸੇ ਨਾਲ ਵੀ ਨਹੀਂ। ਵੈਸੇ ਤਾਂ ਇਉਂ ਤਿੰਨ ਪੜਾਅ ਕਰਨਾ ਆਪਣੇ ਆਪ ਵਿੱਚ ਹੀ ਫਾਲਤੂ ਹੈ, ਪਰ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਪ੍ਰਤਿਬੱਧ ਨਾ ਹੋਣਾ ਤਾਂ ਨਿਰਾ ਬਕਵਾਸ ਹੈ। ਉਹ ਆਪ ਕਿੱਥੇ ਪਹੁੰਚਦਾ ਹੈ? ਤਿੰਨ ਪੜਾਵਾਂ ਨੂੰ ਮੈਂ ਸਾਫ਼ ਤੌਰ ਤੇ ਵੇਖ ਸਕਦਾ ਹਾਂ, ਕਿਉਂਕਿ ਮੇਰੀ ਇਨ੍ਹਾਂ ਵਿਚੋਂ ਕਿਸੇ ਨਾਲ ਵੀ ਪਛਾਣ ਨਹੀਂ ਜੁੜੀ ਹੋਈ। ਨਾ ਕਮਿਊਨਿਜ਼ਮ ਨਾਲ ਨਾ ਸਪਿਰਿਚਿਊਲਿਜ਼ਮ ਨਾਲ ਤੇ ਨਾ ਹੀ ਅਰਾਜਕਤਾਵਾਦ ਨਾਲ। ਮੈਂ ਕੇਵਲ ਦਰਸ਼ਕ ਮਾਤਰ ਹਾਂ। ਮੇਰੀ ਕਿਸੇ ਨਾਲ ਵੀ ਮੋਹ-ਮੁਹੱਬਤ ਨਹੀਂ। ਮੈਂ ਤਾਂ ਸ਼ੀਸ਼ਾ ਮਾਤਰ ਹਾਂ, ਜੋ ਸਥਿਤੀ ਦਾ ਜਿਵੇਂ ਉਹ ਹੈ, ਉਸਦਾ ਪ੍ਰਤਿਬਿੰਬ ਬਣਾਉਂਦਾ ਹੈ।" ਬੰਦਾ



ਜੇ ਉਹ ਬੰਦਾ ਹੈ ਤਾਂ ਉਸਨੂੰ ਸ਼ੀਸ਼ਾ ਮਾਤਰ ਨਹੀਂ ਕਿਹਾ ਜਾ ਸਕਦਾ। ਉਹ ਪ੍ਰਕ੍ਰਿਤੀ ਦੀ ਬੜੀ ਗੁੰਝਲਦਾਰ ਰਚਨਾ ਹੈ, ਜਿਸਦੀਆਂ ਅਪਾਰ ਸ਼ਕਤੀਆਂ ਹਨ, ਜਿਸਦਾ ਵਿਕਾਸ ਹੁੰਦਾ ਰਹਿੰਦਾ ਹੈ। ਉਸਨੂੰ ਸ਼ੀਸ਼ੇ ਮਾਤਰ ਤੱਕ ਸੀਮਤ ਕਰਨਾ ਮੂਰਖਤਾ ਤੋਂ ਵੱਧ ਕੁਝ ਨਹੀਂ। ਸ਼ੰਕਰਾਚਾਰੀਆ ਨੇ ਆਦਰਸ਼ਵਾਦ ਨੂੰ ਸਿਖਰ ਤੇ ਪੁਚਾ ਕੇ, ਦੁਨੀਆਂ ਨੂੰ ਝੂਠਾ ਸਾਬਤ ਕੀਤਾ ਸੀ, ਜਿਸ ਦੇ ਨਤੀਜੇ ਵਜੋਂ ਹਿੰਦੁਸਤਾਨ ਹਜ਼ਾਰ ਸਾਲ ਬਾਹਰੀ ਲੋਕਾਂ ਦਾ ਗ਼ੁਲਾਮ ਰਿਹਾ ਤੇ ਅੱਜ ਵੀ ਜ਼ਿਹਨੀ ਤੌਰ ਤੇ ਗ਼ੁਲਾਮ ਬਣਿਆ ਆ ਰਿਹਾ ਹੈ। ਇਸ ਵਿਚੋਂ ਨਿਕਲਣ ਦੇ ਯਤਨ ਅਜੇ ਤੱਕ ਸਫ਼ਲ ਨਹੀਂ ਹੋ ਸਕੇ। ਜੇ ਰਜਨੀਸ਼ ਦੀ ਸਿੱਖਿਆ ਅਨੁਸਾਰ 'ਸ਼ੀਸ਼ੇ' ਨਿਪੁੰਸਕ ਪੈਦਾ ਕਰ ਦਿੱਤੇ ਤਾਂ ਫਿਰ ਜੋ ਸਥਿਤੀ ਹੋਵੇਗੀ, ਉਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਹੈ। ਇਸ ਲਈ ਰਜਨੀਸ਼ਵਾਦੀਆਂ ਲਈ ਤਾਂ ਬਾਬੇ ਨਾਨਕ ਵਾਲਾ ਅਸ਼ੀਰਵਾਦ ਹੀ ਠੀਕ ਹੈ ਕਿ ਵਸਦੇ ਰਹੋ ਆਪਣੇ ਕਮਿਊਨਾਂ ਵਿੱਚ।

ਭਾਵੇਂ ਕਮਿਊਨ ਦੀ ਅੰਦਰਲੀ ਦੁਨੀਆਂ ਨੂੰ ਜਾਨ ਮਿਲਨੇ ਤੇ ਮਹੇਸ਼ ਭੱਟ ਨੇ ਬੜੀ ਚੰਗੀ ਤਰ੍ਹਾਂ ਲੋਕਾਂ ਸਾਹਮਣੇ ਰੱਖ ਦਿੱਤਾ ਹੈ, ਫਿਰ ਵੀ ਰਜਨੀਸ਼ ਇਸ ਕਮਿਊਨ ਦੇ ਗੁਣਗਾਨ ਕਰਦਾ ਨਹੀਂ ਥੱਕਦਾ। ਉਸ ਅਨੁਸਾਰ "ਕਮਿਊਨ ਕਮਿਊਨਿਜ਼ਮ ਦਾ ਉਚੇਰਾ ਸੰਸਕਰਣ ਹੈ। ਕੋਈ ਡਿਕਟੇਟਰਸ਼ਿਪ ਨਹੀਂ। ਕੋਈ ਪੈਸਾ ਨਹੀਂ, ਕਮਿਊਨ ਵਿੱਚ ਪੈਸੇ ਦੀ ਕੋਈ ਲੋੜ ਨਹੀਂ। ਲੋਕ ਕਮਿਊਨ ਨੂੰ ਦਾਨ ਦਿੰਦੇ ਹਨ, ਪਰ ਜਿਥੋਂ ਤੱਕ ਉਨ੍ਹਾਂ ਦੀਆਂ ਲੋੜਾਂ ਦਾ ਸੰਬੰਧ ਹੈ, ਕਮਿਊਨ ਇਨ੍ਹਾਂ ਲੋੜਾਂ ਨੂੰ ਪੂਰਿਆਂ ਕਰਨ ਦਾ ਜ਼ਿੰਮੇਵਾਰ ਸੀ।" ਇਥੇ ਓਰੇਗਾਨ ਦੇ ਕਮਿਊਨ ਦੀ ਗੱਲ ਹੋ ਰਹੀ ਹੈ। ਰਜਨੀਸ਼ ਦੇ ਕਮਿਊਨ ਦਾਨ ਤੇ ਚਲ ਸਕਦੇ ਹਨ ਉਹ ਵੀ ਤਾਂ ਜੇ ਅਮੀਰ ਆਦਮੀ ਪੂਰੇ ਦੇ ਪੂਰੇ ਕਮਿਊਨ ਉਸਾਰ ਕੇ ਦੇਣ। ਲਗਾਤਾਰ ਵਿਹਲੜਾਂ (ਹਰਿਆਣਵੀ ਮੋਲੜਾਂ) ਨੂੰ ਪੈਸੇ ਮੁਹੱਈਆ ਕਰਦੇ ਰਹਿਣ ਪਰ ਸਾਰੇ ਦਾ ਸਾਰਾ ਸਮਾਜ ਦਾਨ ਤੇ ਨਹੀਂ ਚਲ ਸਕਦਾ, ਉਥੇ ਤਾਂ ਰਜਨੀਸ਼ ਵਰਗੇ ਵਿਹਲੜਾਂ ਨੂੰ ਵੀ ਖੇਤਾਂ ਵਿੱਚ ਪਸੀਨਾ ਬਹਾਉਣਾ ਪਵੇਗਾ। ਦਾਨ ਦੇ ਸਿਰ ਤੇ ਚਲਣ ਵਾਲੇ ਕਮਿਊਨ ਕਮਿਊਨਿਜ਼ਮ ਦਾ ਉਚੇਰਾ ਸੰਸਕਰਣ ਕਿਵੇਂ ਹੋ ਸਕਦੇ ਹਨ? ਬਿਗੜਿਆ ਰੂਪ ਇਨ੍ਹਾਂ ਨੂੰ ਜ਼ਰੂਰ ਕਿਹਾ ਜਾ ਸਕਦਾ ਹੈ। ਕੋਈ ਰਜਨੀਸ਼ ਲਈ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਖਰੀਦ ਕੇ ਦੇ ਰਿਹਾ ਹੈ, ਕੋਈ ਸਾਰੇ ਦਾ ਸਾਰਾ ਕਮਿਊਨ ਉਸਾਰ ਰਿਹਾ ਹੈ, ਜਿਸ ਵਿੱਚ ਉਲਿੰਪਕ ਸਾਈਜ਼ ਦੇ ਤਲਾਅ ਬਣਦੇ ਹਨ, ਜਿਸ ਵਿੱਚ ਰਜਨੀਸ਼ ਨਹਾ ਸਕੇ। ਰਿਹਾਇਸ਼ਗਾਹਾਂ ਬਣਦੀਆਂ ਹਨ, ਜਿਥੇ ਰਜਨੀਸ਼ ਦੇ ਚੇਲੇ-ਚੇਲੀਆਂ ਨਿਰਵਿਘਨ ਕਾਮ-ਕ੍ਰੀੜਾਵਾਂ ਕਰ ਸਕਣ। ਹਾਲ ਬਣਦੇ ਹਨ ਜਿਥੇ ਹੋਰਨਾਂ ਧਰਮਾਂ ਨੂੰ ਤੇ ਕਮਿਊਨਿਸਟਾਂ ਨੂੰ ਪ੍ਰਵਚਨਾਂ ਵਿੱਚ ਗਾਲੀਆਂ ਕੱਢੀਆਂ ਜਾ ਸਕਣ। ਹੀਰਿਆਂ ਦੀਆਂ ਟੋਪੀਆਂ ਪਾ ਕੇ ਲੋਕਾਂ ਨੂੰ ਗਧੇ ਕਿਹਾ ਜਾ ਸਕੇ। ਇਸ ਤਰ੍ਹਾਂ ਐਸ਼ਪ੍ਰਸਤੀ (ਧਿਆਨ ਦੀ ਐਸਪ੍ਰਸਤੀ ਸਮੇਤ) ਨਿਭਾਉਣ ਵਾਲਾ ਕਮਿਊਨ ਉਚੇਰਾ ਨਾ ਹੋ ਕੇ ਬੁਰਜੂਆਂ ਨੈਤਿਕਤਾ ਦਾ ਸਿਖਰ ਹੀ ਹੋ ਸਕਦਾ ਹੈ। ਜਿਥੇ ਥੋੜ੍ਹੀ ਦੇਰ ਹਿਪਨੋਟਾਈਜ਼ ਹੋਇਆ ਜਾ ਸਕਦਾ ਹੈ, ਫਿਰ ਬਾਹਰ ਨੂੰ ਦੌੜਨ ਦੀ ਲੋੜ ਪੈਂਦੀ ਹੈ। ਸਮਾਜ ਨੂੰ ਚਲਾਉਣ ਲਈ ਹਰ ਚੀਜ਼ ਨਾਲ ਵਾਸਤਾ ਪਵੇਗਾ, ਉਸ ਤੋਂ ਦੌੜਨ ਦਾ ਰਾਹ ਕੋਈ ਨਹੀਂ। ਕਮਿਊਨ ਵਿੱਚ ਜਾ ਵੜਨ ਨਾਲ ਬਿੱਲੀ ਦਾ ਖਤਰਾ ਟਲ ਨਹੀਂ ਸਕਦਾ ਹਾਂ ਆਪਣੇ ਆਪ ਨੂੰ ਧੋਖਾ ਦਿੱਤਾ ਜਾ ਸਕਦਾ।

ਰਜਨੀਸ਼ ਆਪਣੇ ਢੰਗ ਨਾਲ ਉਲਟ ਪਲਟ ਕੇ ਆਪਣੀ ਅਸਲੀ ਥਾਂ ਉੱਪਰ ਪਹੁੰਚ ਜਾਂਦਾ ਹੈ।

ਕਮਿਊਨਿਸਟ ਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਉਹ ਮਾਨਵੀ ਚੇਤਨਾ ਨੂੰ ਪਦਾਰਥ ਦੀ ਉਪਜ ਮੰਨਦੇ ਹਨ। ਸਰੀਰ ਵਿੱਚ ਹੀ ਚੇਤਨਾ ਹੋ ਸਕਦੀ ਹੈ, ਸਰੀਰ ਦੇ ਖਤਮ ਹੋਣ ਨਾਲ ਚੇਤਨਾ ਵੀ ਸਮਾਪਤ ਹੋ ਜਾਂਦੀ ਹੈ। ਪਰ ਰਜਨੀਸ਼ ਇਸਦਾ ਵਿਰੋਧ ਕਰਦਾ ਹੈ, ਉਹ ਰਹੱਸਵਾਦੀਆਂ ਵਾਂਗ ਵਿਚਰਦਾ ਹੈ ਤੇ ਕਹਿੰਦਾ ਹੈ, "ਮਾਨਵੀ ਆਤਮਾ, ਮਾਨਵੀ ਰੂਹ ਪਦਾਰਥ ਦੀ ਪੈਦਾਵਾਰ ਨਹੀਂ ਹੋ ਸਕਦੀ। ਇਸ ਦੀ ਆਪਣੀ ਹੋਂਦ ਜਾਂ ਹਸਤੀ ਹੈ।" ਰਜਨੀਸ਼ ਰੱਬ, ਸਵਰਗ, ਨਰਕ ਆਦਿ ਤੋਂ ਭਾਵੇਂ ਇਨਕਾਰੀ ਹੈ, ਪਰ ਉਹ ਪੁਨਰ-ਜਨਮ ਨੂੰ ਮੰਨਦਾ ਹੈ। ਪੁਨਰ ਜਨਮ ਸਿੱਧ ਹੀ ਨਹੀਂ ਹੋ ਸਕਦਾ, ਜੇ ਆਤਮਾ ਦੀ ਵੱਖਰੀ ਹੋਂਦ ਨਾਂ ਮੰਨੀ ਜਾਵੇ। ਇਹ ਆਤਮਾ ਹੀ ਤਾਂ ਬਾਰ-ਬਾਰ ਜਨਮਾਂ 'ਚ ਆਉਂਦੀ

ਹੈ। ਇਸਦੇ ਨਾਲ ਹੀ ਕਰਮ ਦਾ ਸਿਧਾਂਤ ਜਾ ਜੁੜਦਾ ਹੈ, ਜਿਸ ਬਾਰੇ ਰਜਨੀਸ਼ ਚੁੱਪ ਸਾਧ ਜਾਂਦਾ ਹੈ। ਉਹ ਮਰਨ ਬਾਦ ਕਿੱਥੇ ਜਾਵੇਗਾ, ਇਹ ਤਾਂ ਨਹੀਂ ਦੱਸਦਾ ਪਰ, ਪਰ ਪਿਛਲੇ ਜਨਮ ਦੀ ਗੱਲ ਜ਼ਰੂਰ ਕਰਦਾ ਹੈ। ਉਸ ਅਨੁਸਾਰ ਉਹ ਧਿਆਨ ਕਰ ਰਿਹਾ ਸੀ ਕਿ ਤਪੱਸਿਆ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਦਾ ਕਤਲ ਕਰ ਦਿੱਤਾ ਗਿਆ। ਇਸ ਲਈ ਹੁਣ ਜੰਮਣ ਵੇਲੇ ਬਚਦੇ ਤਿੰਨ ਦਿਨ ਉਸਨੇ ਕੁਝ ਖਾਧਾ ਪੀਤਾ ਨਹੀਂ। ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਹਨ ਜਦੋਂ ਓਰੇਗਾਨ ਵਿੱਚ ਲੋਕਾਂ ਨੇ ਕਮਿਊਨ ਛੱਡਣਾ ਸ਼ੁਰੂ ਕੀਤਾ। ਉਥੇ ਹੀ ਉਸਨੇ ਅਜਿਹੀਆਂ ਕਹਾਣੀਆਂ ਰਾਹੀਂ ਲੋਕਾਂ ਨੂੰ ਰਿਝਾਉਣਾ ਸ਼ੁਰੂ ਕੀਤਾ। ਕਮਿਊਨਿਸਟ ਉਸਦੀ ਇਸ ਸਟਰੈਟਜੀ ਨੂੰ ਵੀ ਜਾਣਦੇ ਹਨ।

ਉਪਰੋਕਤ ਵਿਚਾਰਾਂ ਦਾ ਧਾਰਣੀ ਸਮਾਜਿਕ ਵਿਕਾਸ ਵਿੱਚ ਕੋਈ ਯੋਗਦਾਨ ਨਹੀਂ ਪਾਉਂਦਾ। ਇਸ ਲਈ ਮਿਹਨਤ ਕਰਨਾ ਤੇ ਕਿਸੇ ਪੜਾਅ ਤੇ ਨਿਸ਼ਾਨੇ ਤੇ ਪਹੁੰਚਣਾ ਉਸਦੀ ਲੋੜ ਹੀ ਨਹੀਂ। ਨਾ ਵਿਅਕਤੀਗਤ ਅਤੇ ਨਾ ਹੀ ਸਾਮੂਹਿਕ। ਉਸਦੇ ਵਿਚਾਰ ਫਿਰ ਅਜਿਹੇ ਹੀ ਹੋ ਸਕਦੇ ਹਨ, "ਨਿਸ਼ਾਨਾ, ਹਰ ਨਿਸ਼ਾਨਾ (ਗੋਲ) ਇੱਕ ਭਰਾਂਤੀ ਹੈ। ਸਮਝ ਵਾਲਾ ਆਦਮੀ ਬਿਨਾਂ ਕਿਸੇ ਨਿਸ਼ਾਨੇ ਦੇ ਜਿਊਂਦਾ ਹੈ। ਨਾ ਜ਼ਿੰਮੇਵਾਰ ਬਣਨਾ, ਨਾਂ ਜ਼ਿੰਮੇਵਾਰੀ ਨਿਭਾਉਣੀ, ਕਹੀ ਹੋਈ ਗੱਲ ਦੇ ਗਲਤ ਸਹੀ ਨਤੀਜੇ ਨੂੰ ਅਪਣਾਉਣਾ ਹੀ ਨਹੀਂ। ਇਸੇ ਲਈ ਤਾਂ ਉਹ ਕਿਹੋ ਜਿਹੀਆਂ ਵੀ ਗੈਰ ਜ਼ਿੰਮੇਵਾਰ ਗੱਲਾਂ ਕਰ ਸਕਦਾ ਹੈ। ਰਾਜੀਵ ਗਾਂਧੀ ਵੇਲੇ ਪਰਿਵਾਰ-ਨਿਯੋਜਨ ਬਾਰੇ ਚਰਚਾ ਕਰਦਾ ਹੋਇਆ ਉਹ ਇਥੋਂ ਤੱਕ ਆਖ ਜਾਂਦਾ ਹੈ, "ਹੁਣ ਪਰਿਵਾਰ ਨਿਯੋਜਨ ਨੂੰ ਮਿਲਟਰੀ ਐਕਸ਼ਨ ਦੀ ਲੋੜ ਹੈ। ਹੋਰ ਕੋਈ ਚੀਜ਼ ਸਹਾਇਕ ਨਹੀਂ ਹੋਵੇਗੀ। ਫੌਜ ਐਵੇਂ ਵਿਹਲੀ ਬੈਠੀ ਹੈ। ਇਸ ਨੂੰ ਪਿੰਡ ਵਿੱਚ ਲਿਜਾਵੋ ਅਤੇ ਸਾਰਿਆਂ ਨੂੰ ਖੱਸੀ ਕਰ ਦਿਉ।" ਇਹੋ ਜਿਹੇ ਵਿਚਾਰਾਂ ਦਾ ਧਾਰਣੀ ਨਾਲ ਤੁਸੀਂ ਕਿਵੇਂ ਸਮਝੌਤਾ ਕਰੋਗੇ?

ਇਨ੍ਹਾਂ ਪ੍ਰਵਚਨਾਂ ਵਿੱਚ ਧਿਆਨ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਪਰ ਰਜਨੀਸ਼ਵਾਦੀ ਇਸ ਗੱਲ ਉੱਪਰ ਬਜਿੱਦ ਹਨ ਕਿ ਪਹਿਲਾਂ ਧਿਆਨ ਲਾ ਕੇ ਦੇਖੋ ਫੇਰ ਗੱਲ ਕਰੋ। ਇਸ ਲਈ ਅਸੀਂ ਰਜਨੀਸ਼ ਦੇ ਵਿਚਾਰਾਂ ਦੇ ਦੀਵਾਲੀਏਪਨ ਉੱਪਰ ਹੀ ਆਪਣਾ ਧਿਆਨ ਕੇਂਦ੍ਰਿਤ ਕੀਤਾ ਹੈ, ਪਰ ਇੱਕ ਗੱਲ ਕਹਿਣੋ ਫਿਰ ਵੀ ਨਹੀਂ ਰਹਿ ਸਕਦੇ ਕਿ ਇਸ ਖੇਤਰ ਵਿੱਚ ਵੀ ਉਹ ਗ਼ੁਲਾਮ ਹੀ ਪੈਦਾ ਕਰਦਾ ਹੈ, ਸੁਚੇਤ ਮਨੁੱਖ ਨਹੀਂ। ਇਸ ਖੇਤਰ ਵਿੱਚ ਆਪ ਰਜਨੀਸ਼ ਮਾਸਟਰ ਬਣਦਾ ਹੈ ਤੇ ਸ਼ਿਸ਼ ਨੂੰ ਪੂਰੀ ਤਰ੍ਹਾਂ ਸਮਰਪਣ ਕਰਨ ਲਈ ਕਹਿੰਦਾ ਹੈ। ਇਹੀ ਮਾਲਕ-ਗ਼ੁਲਾਮ ਦਾ ਰਿਸ਼ਤਾ ਹੈ। "ਜਦੋਂ ਗੁਰੂ ਪੂਰਣ ਰੂਪ ਵਿੱਚ ਠੀਕ ਹੋਵੇ ਤਾਂ ਸ਼ਿਸ਼ ਨੂੰ ਪੂਰੀ ਤਰ੍ਹਾਂ ਆਪਾ ਤਿਆਗ ਦੇਣਾ ਚਾਹੀਦਾ ਹੈ, ਚੁਪਚਾਪ। ਤਰਕ ਦਾ ਕੋਈ ਸਵਾਲ ਹੀ ਨਹੀਂ ਉੱਠਦਾ। ਗੁਰੂ ਨਾਲ ਤੁਸੀਂ ਵਾਦ ਨਹੀਂ ਕਰ ਸਕਦੇ ਤੇ ਤੁਸੀਂ ਵਾਦ ਕਰਦੇ ਹੋ ਤਾਂ ਤੁਸੀਂ ਆਪਣੇ ਤੇ ਮਾਸਟਰ ਵਿਚਕਾਰ ਦੂਰੀ ਬਣਾ ਲੈਂਦੇ ਹੋ।" ਅਸਲ ਵਿੱਚ ਹਿਪਨੋਟਿਜ਼ਮ ਦੀ ਇਹ ਪਹਿਲੀ ਸ਼ਰਤ ਹੈ। ਰਜਨੀਸ਼ ਦਾ ਸਾਰਾ ਧਿਆਨਵਾਦ, ਵਿਅਕਤੀਗਤ ਸੰਮੋਹਨ ਅਤੇ ਸਾਮੂਹਿਕ ਸੰਮੋਲਨ ਉੱਪਰ ਆਧਾਰਤ ਹੈ, ਬਾਕੀ ਇਕ-ਸੌ-ਬਾਰਾਂ ਢੰਗ ਤਰੀਕੇ ਤਾਂ ਇਸ ਸੰਮੋਹਨ ਤੱਕ ਪਹੁੰਚਣ ਦੇ ਰਾਹ ਹਨ। ਲੋਕ ਇਸ ਸੰਮੋਹਨ ਵਿੱਚ ਸ਼ਰਾਬੀਆਂ ਵਾਂਗ ਸੁਆਦ ਲੈਂਦੇ ਹਨ, ਜਦੋਂ ਇਸ ਵਿਚੋਂ ਨਿਕਲ ਆਉਂਦੇ ਹਨ ਤਾਂ ਜਾਂ ਤਾਂ ਦੁਬਾਰਾ ਉਸੇ ਵੱਲ ਦੌੜਦੇ ਹਨ ਜਾਂ ਫਿਰ ਕਿਸੇ ਹੋਰ ਦੀ ਸ਼ਰਨ ਵੱਲ ਜਾਂਦੇ ਹਨ ਮਹੇਸ਼ ਭੱਟ ਵਾਂਗ। ਧਿਆਨਵਾਦ ਬਾਰੇ ਇਸ ਤੋਂ ਵਧੇਰੇ ਸਾਨੂੰ ਕੁਝ ਕਹਿਣ ਦੀ ਜ਼ਰੂਰਤ ਵੀ ਨਹੀਂ। ਰਜਨੀਸ਼ਵਾਦੀਆਂ ਨੂੰ ਮੁਬਾਰਕ, ਉਨ੍ਹਾਂ ਦਾ ਧਿਆਨਵਾਦ।

ਇਸ ਸੰਖੇਪ ਚਰਚਾ ਵਿੱਚ ਅਸੀਂ ਰਜਨੀਸ਼ ਦੀ ਪੈਂਤੜੇਬਾਜ਼ੀ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਜਿਸ ਤੋਂ ਇਹ ਤਾਂ ਸਾਫ਼ ਹੀ ਹੈ ਕਿ ਬੌਧਿਕ ਪੱਧਰ ਤੇ ਉਹ ਬਿਗੜਿਆ ਹੋਇਆ ਦਿਵਾਲੀਆ ਕਥਾਵਾਚਕ ਹੈ, ਜੋ ਆਪ ਕੁਝ ਵੀ ਨਹੀਂ ਪਰ ਬਹੁਤ ਵੱਡੇ ਫਿਲਾਸਫ਼ਰ ਹੋਣ ਦਾ ਭੁਲੇਖਾ ਸਿਰਜਣਾ ਚਾਹੁੰਦਾ ਹੈ। ਇਸ ਵਿਚਾਰ ਤੋਂ ਹੋਰ ਕੀ ਨਤੀਜੇ ਕੱਢੇ ਜਾ ਸਕਦੇ ਹਨ, ਉਹ ਮੈਂ ਪਾਠਕਾਂ ਉੱਪਰ ਛੱਡਦਾ ਹਾਂ।

ਡੀ-46, ਕੈਂਪਸ, ਕੁ.ਯੂ. ਕੁਰੂਕਸ਼ੇਤਰ (ਹਰਿਆਣਾ)





## ਤਜ਼ਮੀਨ/ਐਸ.ਤਰਸੇਮ

ਕੀ ਪਤਾ ਸੀ ਬਾਗ਼ ਹਰ ਇੱਕ ਪਤਝੜੀ ਬਣ ਜਾਏਗਾ
ਕੀ ਪਤਾ ਸੀ ਕਤਲ ਰੁੱਖ ਦਾ ਖ਼ੁਦਕੁਸ਼ੀ ਬਣ ਜਾਏਗਾ
ਕੀ ਪਤਾ ਸੀ ਫੁੱਲ ਤੱਕਣਾ ਖ਼ਾਬ ਹੀ ਬਣ ਜਾਏਗਾ
ਕੀ ਪਤਾ ਸੀ ਇਸ ਤਰ੍ਹਾਂ ਵੀ ਆਦਮੀ ਬਣ ਜਾਏਗਾ
ਪਾਣੀ ਜਿਸ ਦੀ ਅੱਖ ਦਾ ਸੰਗਮਰਮਰੀ ਬਣ ਜਾਏਗਾ।

ਰੰਗ ਤੇ ਖ਼ੁਸ਼ਬੂ 'ਚ ਕੋਈ ਕੰਧ ਜੇ ਚਿਣਵਾਏਗਾ
ਪਾਣੀਆਂ ਨੂੰ ਖਾਹਮਖਾਹ ਕੋਈ ਬੰਨ੍ਹ ਜੇ ਮਰਵਾਏਗਾ
ਬੱਦਲਾਂ ਦੇ ਨਾਲ ਜੇਕਰ ਦੁਸ਼ਮਣੀ ਕੋਈ ਪਾਏਗਾ
ਪੀਂਘ ਸਤਰੰਗੀ ਦਾ ਫਿਰ ਤਾਂ ਖ਼ਾਬ ਵੀ ਨਾ ਆਏਗਾ
ਸ਼ੀਸ਼ਾ ਹਰ ਇੱਕ ਅੱਖ ਦਾ ਜੇ ਕੇਸਰੀ ਬਣ ਜਾਏਗਾ।

ਹੁਣ ਹਰਾ ਬੂਟਾ ਕਿਤੇ ਦਿੱਸਦਾ ਨਹੀਂ ਹੈ ਫਲ ਰਿਹਾ
ਹੁਣ ਹਰਿਕ ਬੂਟੇ ਦੀ ਜੜ੍ਹ ਅੰਦਰ ਹੈ ਫਨੀਅਰ ਪਲ ਰਿਹਾ
ਕਲ ਤੇ ਨਾਰਦ ਦਾ ਕੁਈ ਜੰਗਲ 'ਚ ਨਾਟਕ ਚਲ ਰਿਹਾ
ਖਹਿ ਰਿਹਾ ਤੇ ਜਲ ਰਿਹਾ ਜਲ ਜਲ ਕੇ ਮਿੱਟੀ ਰਲ ਰਿਹਾ
ਬਾਂਸ ਉਹ ਜੋ ਸੋਚਿਆ ਸੀ ਬੰਸਰੀ ਬਣ ਜਾਏਗਾ।

ਸ਼ਹਿਰ ਵਿੱਚ ਦੀ ਅੱਗ ਦੀ ਜੇਕਰ ਨਦੀ ਵਹਿੰਦੀ ਰਹੀ
ਜੇ ਕਲੀ ਸੰਗ ਬੁਹਰ-ਕੰਡਿਆਲੀ ਸਦਾ ਖਹਿੰਦੀ ਰਹੀ
ਖ਼ੂਬਸੂਰਤ ਹੱਥਾਂ ਤੋਂ ਜੇ ਮਹਿੰਦੀ ਹੀ ਲਹਿੰਦੀ ਰਹੀ
ਪਿਆਰ ਦੇ ਪੈਰੀਂ ਜੇ ਬੇੜੀ ਇਸ ਤਰ੍ਹਾਂ ਪੈਂਦੀ ਰਹੀ
ਸ਼ਖ਼ਸ ਹਰ ਇਸ ਸ਼ਹਿਰ ਦਾ ਇੱਕ ਦਿਨ ਕਵੀ ਬਣ ਜਾਏਗਾ।

ਕਰਨਾ ਕੀ ਸੀ, ਉਹ ਮਗਰ ਕਰ ਕੀ ਰਹੇ ਇਸ ਆਸ 'ਤੇ
ਅਪਣੇ ਅਪਣੇ ਜ਼ਖ਼ਮ ਖ਼ੁਦ ਹੀ ਸੀ ਰਹੇ ਇਸ ਆਸ 'ਤੇ
ਜ਼ਹਿਰ ਨੂੰ ਅੰਮ੍ਰਿਤ ਸਮਝ ਕੇ ਪੀ ਰਹੇ ਇਸ ਆਸ 'ਤੇ
ਤਿਤਲੀਆਂ ਤੇ ਭੌਰ ਸਾਰੇ ਜੀਅ ਰਹੇ ਇਸ ਆਸ 'ਤੇ
ਕਾਲਾ ਮੌਸਮ ਵੀ ਕਦੇ ਤਾਂ ਸ਼ਿੰਗਰਫ਼ੀ ਬਣ ਜਾਏਗਾ।

ਉਮਰ ਭਰ ਕੋਈ ਕਿਸੇ ਤੋਂ ਦੋਸਤੋ ਡਰਦਾ ਨਹੀਂ
ਖਰ ਗਿਆ ਹੋਊ ਮਗਰ ਹਰ ਇਕ ਘੜਾ ਖਰਦਾ ਨਹੀਂ
ਝੂਠ ਤੋਂ ਬਿਨ ਸਰ ਵੀ ਸਕਦੈ, ਸੱਚ ਬਿਨ ਸਰਦਾ ਨਹੀਂ
ਯਾਦ ਰੱਖੋ ਸੱਚ ਮਾਰੇ ਤੋਂ ਕਦੀ ਮਰਦਾ ਨਹੀਂ
ਪਾਸ਼ ਬਣ ਕੇ ਆਏਗਾ ਜਾਂ ਉਹ ਰਵੀ ਬਣ ਜਾਏਗਾ।

ਯਾਦ ਦੇ ਵਿੱਚ ਜੇ ਕਬੂਤਰ ਹਰ ਸਮੇਂ ਭਾਉਂਦੇ ਰਹੇ
ਦਿਲ ਨੂੰ ਜੇਕਰ ਖ਼ਾਬ ਸੰਦਲੀ ਨਾਗਵਲ ਪਾਉਂਦੇ ਰਹੇ
ਬੱਦਲਾਂ ਦੇ ਹੇਠ ਪੈਲਾਂ ਮੋਰ ਜੇ ਪਾਉਂਦੇ ਰਹੇ
ਸੋਚ ਦੇ ਕੰਢੇ ਜੇ ਪੰਛੀ ਰੋਜ਼ ਹੀ ਆਉਂਦੇ ਰਹੇ
ਫੇਰ ਤਾਂ ਤਰਸੇਮ ਸ਼ਬਦਾਂ ਦੀ ਨਦੀ ਬਣ ਜਾਏਗਾ।

821, ਗੁਰੂ ਨਾਨਕ ਕਾਲੋਨੀ, ਮਾਲੇਰਕੋਟਲਾ-148023

### ਰਾਮਿੰਦਰ ਬੇਰੀ

(1)

ਤੰਗ ਨਜ਼ਰੀਏ, ਤੰਗ ਕਾਫ਼ੀਏ, ਤੰਗ ਨੇ ਦਾਇਰੇ ਰਾਹਵਾਂ ਦੇ।
ਕਿੱਦਾਂ ਲੁੱਟ ਸਕੋਗੇ ਬੁੱਲ੍ਹੇ ਠੰਢੀਆਂ-ਠਾਰ ਹਵਾਵਾਂ ਦੇ।

ਟਹਿਣੀ-ਟਹਿਣੀ, ਸਹਿਮੀ ਸਹਿਮੀ, ਡਰਦੀ ਨੰਗੀਆਂ ਧੁੱਪਾਂ ਤੋਂ,
ਪੱਤਾ-ਪੱਤਾ ਕਰਗੇ ਛਲਣੀ, ਹੌਕੇ ਜ਼ਖ਼ਮੀ ਛਾਵਾਂ ਦੇ।

ਕਿੱਥੇ-ਕਿੱਥੇ ਮਲ੍ਹਮ ਕਰੋਗੇ, ਕੀਹਨੂੰ-ਕੀਹਨੂੰ ਪੁੱਛੋਗੇ,
ਜ਼ਖ਼ਮੀ ਮੁਖੜੇ ਗੀਤਾਂ ਦੇ ਤੇ ਟੁੱਟੇ ਪਰ ਰਚਨਾਵਾਂ ਦੇ।

ਕਿਹੜੀ-ਕਿਹੜੀ ਤਹਿ ਫ਼ੋਲੋਗੇ ਏਸ ਫ਼ਰੇਬੀ ਮੌਸਮ ਦੀ,
ਦਾਗ਼ੀ ਦਾਮਨ ਰੁੱਤਾਂ ਦੇ 'ਤੇ ਮੈਲੇ ਰੰਗ ਫ਼ਿਜ਼ਾਵਾਂ ਦੇ।

ਲੂਹਿਆ ਨਹੀਂ ਇਸ 'ਬੇਰੀ' 'ਕੱਲੇ ਤੇਰੇ ਘਰ ਦੀ ਚੌਖ਼ਟ ਨੂੰ,
ਨਫ਼ਰਤ ਦੀ ਅਗਨੀ ਨੇ ਲੂਹੇ ਜੋਬਨ ਸ਼ਹਿਰ ਗਰਾਵਾਂ ਦੇ।

(2)

ਰਹੇ ਲੱਭਦੇ ਉਮਰ ਸਾਰੀ ਇਜ਼ਤਦਾਰਾਂ ਦੀ ਬਸਤੀ 'ਚੋਂ।
ਸ਼ਰਾਫ਼ਤ ਮਿਲ ਗਈ ਆਖਿਰ ਗੁਨਾਹਗਾਰਾਂ ਦੀ ਬਸਤੀ 'ਚੋਂ।

ਉਹ ਕਿਉਂ ਆਪਣੇ ਹੀ ਹਮਸਾਇਆ ਤੋਂ ਅੱਜਕੱਲ੍ਹ ਤਰਕ ਖਾਂਦੇ ਨੇ,
ਜੋ ਆਏ ਕੁਝ ਕੁ ਦਿਨ ਪਹਿਲਾਂ ਸੀ ਬੇਕਾਰਾਂ ਦੀ ਬਸਤੀ 'ਚੋਂ।

ਪਲੋ ਪਲ ਬਦਲਦੇ ਮੌਸਮ ਕਰਨਗੇ ਕੀ ਵਫ਼ਾਦਾਰੀ,
ਵਫ਼ਾ ਤਾਂ ਕਰ ਗਈ ਹਿਜ਼ਰਤ ਵਫ਼ਾਦਾਰਾਂ ਦੀ ਬਸਤੀ 'ਚੋਂ।

ਟਿਕਾਣਾ ਸੂਫ਼ੀ ਲੋਕਾਂ ਦਾ ਨਹੀਂ ਅੱਜਕੱਲ੍ਹ ਦਿਨੇ ਕੋਈ,
ਉਹ ਅਕਸਰ ਰਾਤ ਨੂੰ ਮਿਲਦੇ ਨੇ ਮੈਅਖ਼ਾਰਾਂ ਦੀ ਬਸਤੀ 'ਚੋਂ।

ਹਮੇਸ਼ਾ ਦਰਦ 'ਚੋਂ ਵੀ ਲੁਤਫ਼ ਹੀ 'ਬੇਰੀ' ਨੂੰ ਆਇਆ ਹੈ,
ਹੈ ਠੋਕਰ ਉਸ ਨੇ ਖਾਧੀ ਜਦੋਂ ਕਦੇ ਯਾਰਾਂ ਦੀ ਬਸਤੀ 'ਚੋਂ।

**ਝਿਲਮਿਲ ਦੁਪੱਟਾ ਸੈਂਟਰ, ਗਲੀ ਹਕੀਮਾਂ, ਮੁਕਤਸਰ।**

### 3./ਅਜੀਤ ਸਿੰਘ ਆਸ

ਮਿਲੀ ਰਾਹਤ ਹੈ ਅੱਜ ਦਿਲ ਨੂੰ, ਹੈ ਐਸਾ ਕੋਈ ਦਰ ਮਿਲਿਆ।
ਸਮੁੰਦਰ, ਮਾਰੂਥਲ, ਪਰਬਤ, ਬੜੇ ਗਾਹੇ ਤੇ ਘਰ ਮਿਲਿਆ।

ਭਟਕਦੇ ਆਏ ਉਮਰਾਂ ਭਰ, ਬੁਝੀ ਨਾ ਪਿਆਸ ਕਿਧਰੇ ਵੀ,
ਆਤਮਾ ਤ੍ਰਿਪਤ ਹੋਈ ਹੈ, ਇਹ ਮੈਨੂੰ ਐਸਾ ਸਰ ਮਿਲਿਆ।

ਸਿਕੰਦਰ ਹਿਟਲਰਾਂ ਵਰਗੇ, ਜਿਹੜੀ ਦੌਲਤ ਨਾ ਪਾ ਸਕੇ
ਉਹਨਾਂ ਨੂੰ ਅੰਤ ਪਾ ਗਏ ਹਾਂ, ਹੈ ਐਸਾ ਅਲੋਜ਼ਰ ਮਿਲਿਆ।

ਹੰਢਾਈ ਔੜ ਉਮਰਾਂ ਭਰ, ਤਸੀਹੇ ਵੀ ਬੜੇ ਝੱਲੇ,
ਜਦੋਂ ਮਿਲਿਆ ਰਮਨ ਸਾਨੂੰ, ਤਾਂ ਪੂਰਾ ਤਰ-ਬਤਰ ਮਿਲਿਆ।



ਕਿਰਤ, ਮਿਹਨਤ, ਤਪੱਸਿਆ, ਨੇਕਨੀਤੀ, ਸਬਰ ਦੇ ਸਦਕਾ,
ਹੈ ਕੁਦਰਤ ਦੇ ਖ਼ਜ਼ਾਨੇ 'ਚੋਂ, ਅਨੋਖਾ ਕੋਈ ਵਰ ਮਿਲਿਆ।

**61-ਈ, ਹਰਗੋਬਿੰਦਪੁਰਾ, ਗੇਟ ਹਕੀਮਾਂ, ਅੰਮ੍ਰਿਤਸਰ।**

### 4./ਮਹਾਬੀਰ ਸਿੰਘ ਦਰਦੀ

ਜਰਾਂਗਾ ਹਰ ਸਿਤਮ ਤੇਰਾ ਕਿ ਹਾਲੇ ਰਾਤ ਬਾਕੀ ਹੈ
ਪਰਖ ਲੈ ਸਬਰ ਤੂੰ ਮੇਰਾ ਕਿ ਹਾਲੇ ਰਾਤ ਬਾਕੀ ਹੈ

ਵਧੇਗਾ ਕੂੜ ਦਾ ਨ੍ਹੇਰਾ ਕਿ ਹਾਲੇ ਰਾਤ ਬਾਕੀ ਹੈ
ਬੜਾ ਹੈ ਪੰਧ ਲੰਮੇਰਾ ਕਿ ਹਾਲੇ ਰਾਤ ਬਾਕੀ ਹੈ

ਵਧੋ ਅੱਗੇ, ਕਰੋ ਜੇਰਾ ਕਿ ਹਾਲੇ ਰਾਤ ਬਾਕੀ ਹੈ
ਹੈ ਆਉਣਾ ਵਕਤ ਚੰਗੇਰਾ ਕਿ ਹਾਲੇ ਰਾਤ ਬਾਕੀ ਹੈ

ਬਨ੍ਹੇਰੇ ਸਭ ਘਰਾਂ ਦੇ ਵੇਖਣਾ ਪੁਰਨੂਰ ਹੋਵਣਗੇ
ਸਵੇਰੇ ਪਾਇਆ ਜਦ ਫੇਰਾ ਕਿ ਹਾਲੇ ਰਾਤ ਬਾਕੀ ਹੈ

ਸਿਤਮ ਵੇਖੋ ਸਮੇਂ ਦਾ ਅੱਜ ਖ਼ੁਦਾ ਦੇ ਸਭ ਘਰਾਂ ਅੰਦਰ
ਸਿਆਸਤ ਲਾ ਲਿਆ ਡੇਰਾ ਕਿ ਹਾਲੇ ਰਾਤ ਬਾਕੀ ਹੈ

ਹਯਾਤੀ ਦਾ ਮਜ਼ਬ, ਰੰਗ, ਜਾਤ ਦੇ ਹੁਣ ਵਲਗਣਾਂ ਅੰਦਰ
ਬੜਾ ਹੀ ਤੰਗ ਹੈ ਘੇਰਾ ਕਿ ਹਾਲੇ ਰਾਤ ਬਾਕੀ ਹੈ

ਬੜੀ ਹੈ ਖ਼ੁਸ਼ਕ ਜ਼ਿੰਦਗੀ ਦੀ ਭੋਂਅ, ਫਿਰ ਵੀ ਅਸੀਂ 'ਦਰਦੀ'
ਕਰਾਂਗੇ ਨੂਰ ਦਾ ਕੇਰਾ ਕਿ ਹਾਲੇ ਰਾਤ ਬਾਕੀ ਹੈ

**ਪਿੰਡ ਤੇ ਡਾਕ. ਟਿੱਬਾ, ਜ਼ਿਲ੍ਹਾ ਕਪੂਰਥਲਾ**

### 5./ਭੁਪਿੰਦਰ ਸੰਧੂ

ਕਾਲੇ ਦੇਸ਼ ਵਿੱਚ ਕਾਲਿਆਂ ਦੀ ਜਾਈ ਹੈ ਕਾਲੀ ਕੁੜੀ।
ਗੋਰੇ ਚੰਦ ਵੱਲ ਨੀਝ ਲਾ ਪਰ ਤਕਦੀ ਹੈ ਕਾਲੀ ਕੁੜੀ।

ਮੇਰਾ ਚੰਦ ਪਾ ਕੇ ਮਿਰੀ ਝੋਲੀ ਵਿੱਚ ਰੱਬ ਸੱਚਿਆ!
ਰੱਬ ਸੁਣਦਾ ਨ ਅਰਦਾਸ ਨਿੱਤ ਹੀ ਕਰਦੀ ਹੈ ਕਾਲੀ ਕੁੜੀ।

ਸ਼ੀਸ਼ਾ ਵੇਖ ਕੇ ਚੁੱਭਦਾ ਉਸਨੂੰ ਹੋਰ ਦਾ ਹੁਸਨ ਹੈ,
ਸ਼ੀਸ਼ਾ ਵੇਖਣੋਂ ਤਾਂ ਹੀ ਅਕਸਰ ਡਰਦੀ ਹੈ ਕਾਲੀ ਕੁੜੀ।

ਨੀਵੇਂ ਬੋਲ, ਨੀਵੀਂ ਨਜ਼ਰ, ਸਾਦੀ ਤੇ ਸਹੁਨਗੀ ਬਹੁਤ,
ਫਿਰ ਵੀ ਪਿੰਡ ਦੇ ਹੁਸਨ ਚੋਂ ਪਰ ਮਨਫ਼ੀ ਹੈ ਕਾਲੀ ਕੁੜੀ।

ਕੱਚੀ ਕੰਧ 'ਤੇ ਮੋਰ ਕੱਚਾ, ਕੱਚੇ ਭਰੇ ਰੰਗ ਉਹ,
ਖ਼ੁਰਦਾ ਮੋਰ ਜਦ ਨਾਲ ਉਸ ਦੇ ਖ਼ੁਰਦੀ ਹੈ ਕਾਲੀ ਕੁੜੀ।

ਦਿਨ ਭਰ ਮੌਨ ਧਾਰੀ ਉਦਾਸੇ ਬੁੱਲ ਬੰਦ ਹੀ ਰਹਿਣ ਪਰ,
ਰਾਤੀਂ ਤਾਰਿਆਂ ਨਾਲ ਗੱਲਾਂ ਕਰਦੀ ਹੈ ਕਾਲੀ ਕੁੜੀ।

ਰੱਬ ਦੇ ਘਰ 'ਚ ਜਾਣਾ ਮਨ੍ਹਾ ਉਸ ਲਈ ਸ਼ੇਖ਼ ਫ਼ੁਰਮਾ ਗਏ,
ਭਾਵੇਂ ਗੁਟਕਿਆਂ ਵਾਂਗ ਦਿਲ ਦੀ ਸੱਚੀ ਹੈ ਕਾਲੀ ਕੁੜੀ।

**26118, ਗਲੀ ਨੰ. , ਅਮਰਪੁਰਾ ਬਸਤੀ, 2½, ਬਠਿੰਡਾ-151005**

## "ਬਸ਼ਿੰਦੇ ਦਾ ਪਿੰਜਰਾ"/ਮੂਲ-ਸ਼ਰਦ ਸਿੰਘ/ਅਨੁਵਾਦ-ਧਰਮ ਪਾਲ ਸਿੰਘ ਸਾਹਿਲ

ਭੀੜ ਦਾ ਨਾ ਤਾਂ ਇੱਕ ਸਿਰ ਹੁੰਦਾ ਹੈ ਅਤੇ ਨਾ ਦੋ ਪੈਰ। ਭੀੜ ਹਜ਼ਾਰ ਪੈਰਾਂ ਵਾਲੇ ਕੀੜੇ ਵਾਂਗ ਰੀਂਗਦੀ ਰਹਿੰਦੀ ਹੈ। ਉਹ ਵੀ ਇੱਕ ਨਿਸ਼ਚਿਤ ਸੀਮਾ ਦੇ ਅੰਦਰ। ਭੀੜ ਦੇ ਹਜ਼ਾਰ ਮੂੰਹ ਹੁੰਦੇ ਨੇ। ਜਿਸ ਨਾਲ ਉਹ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਕੱਢਦੀ ਹੈ। ਇਸ ਲਈ ਜਿੱਥੇ ਭੀੜ ਹੁੰਦੀ ਹੈ, ਉਥੇ ਸ਼ੋਰ ਹੁੰਦਾ ਹੀ ਹੈ। ਭੀੜ ਦੀ ਕੋਈ ਇੱਕ ਸੋਚ ਨਹੀਂ ਹੁੰਦੀ। ਉਸ ਦੀਆਂ ਹਜ਼ਾਰ ਸੋਚਾਂ, ਹਜ਼ਾਰ ਹਰਕਤਾਂ ਧੱਕਾ-ਮੁੱਕੀ ਦਾ ਨਜ਼ਾਰਾ ਪੈਦਾ ਕਰਦੀ ਹੈ। ਬੇਸ਼ੱਕ ਇਸ ਧੱਕਾਮੁੱਕੀ ਵਿੱਚ ਇਨਸਾਨ ਦਾ ਨਾਂ ਵਾਰ-ਵਾਰ ਸੁਣਾਈ ਦੇਵੇ ਤਾਂ ਉਹ ਇਨਸਾਨ ਬਹੁਤ ਮਹੱਤਵਪੂਰਨ ਲੱਗਣ ਲੱਗਦਾ ਹੈ। ਇਸ ਤੱਥ ਨੂੰ ਸਿੱਧ ਕਰਨ ਲਈ ਜੇ ਗਣਿਤ ਦੇ ਸੰਚੇ ਵਿੱਚ ਉਤਾਰ ਕੇ ਵੇਖਿਆ ਜਾਵੇ ਤਾਂ 'ਦੋ ਜਮਾਂ ਦੋ ਬਰਾਬਰ ਚਾਰ' ਵਾਂਗ ਹੀ ਸਿੱਧ ਹੋਵੇਗਾ ਕਿ ਪੱਲੇਦਾਰ ਬਸ਼ਿੰਦਾ ਇੱਕ ਮਹੱਤਵਪੂਰਨ ਇਨਸਾਨ ਹੈ।

ਪੱਲੇਦਾਰ ਬਸ਼ਿੰਦਾ ਕੱਲ੍ਹ ਤਾਂਈ ਇਧਰ-ਉਧਰ ਧੌਣ ਅਕੜਾ ਕੇ ਤੁਰਦਾ-ਫਿਰਦਾ ਨਜ਼ਰ ਆਉਂਦਾ ਸੀ। ਪਰ ਅੱਜ ਪੁਲੀ ਨੇੜੇ ਬੈਠਾ ਬਿਟਰ-ਬਿਟਰ ਵੇਖ ਰਿਹਾ ਹੈ। ਬਹੁਤ ਕੁਝ ਵਾਪਰ ਗਿਆ ਹੈ। ਕਲ੍ਹ ਤੋਂ ਅੱਜ ਤਾਈਂ। ਉਹ ਕਿੱਥੋਂ ਆਇਆ ਕੋਈ ਠੀਕ-ਠੀਕ ਨਹੀਂ ਜਾਣਦਾ। ਉਸ ਦਾ ਅਸਲੀ ਨਾਂ ਇਹੋ ਹੈ ਜਾਂ ਹੋਰ, ਇਹ ਵੀ ਕੋਈ ਨਹੀਂ ਜਾਣਦਾ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਸ ਦਾ ਅਸਲੀ ਨਾਂ ਕੁਝ ਹੋਰ ਹੋਏਗਾ। ਭਲਾ ਇਹ ਵੀ ਕੋਈ ਨਾਂ ਹੋਇਆ "ਬਸ਼ਿੰਦਾ-?" ਕੁਝ ਲੋਕਾਂ ਨੂੰ ਇਸ ਦੇ ਨਾਂ ਤੇ ਕੋਈ ਹੈਰਾਨੀ ਨਹੀਂ ਹੁੰਦੀ, ਉੱਥੇ ਕਈ ਲੋਕਾਂ ਨੂੰ ਉਸ ਦੇ ਨਾਂ ਬਾਰੇ ਸੋਚਣ ਦੀ ਵਿਹਲ ਅੱਜ ਤਾਈਂ ਨਹੀਂ ਮਿਲੀ। ਉਹ ਜਦੋਂ ਇਥੇ ਆਇਆਂ ਸੀ, ਤਾਂ ਉਦੋਂ ਉਸ ਨੇ ਆਪਣਾ ਨਾਂ ਬਸ਼ਿੰਦਾ ਹੀ ਦੱਸਿਆ ਸੀ। ਸਾਢੇ ਸੱਤ ਫੁੱਟ ਦਾ ਗੱਭਰੂ ਜਵਾਨ ਮੁੰਡਾ। ਮੁੱਛ ਫੁੱਟਦੀ ਪਈ ਸੀ। ਪੱਲੇਦਾਰੀ ਦੇ ਕੰਮ 'ਚ ਲੱਗਾ ਤਾਂ ਵੇਖਿਆਂ ਹੀ ਵੇਖਦਿਆਂ ਹੋਰ ਪੱਲੇਦਾਰਾਂ ਦੀ ਛੁੱਟੀ ਕਰ ਦਿੱਤੀ। ਪਿੱਠ ਤੇ ਅਨਾਜ ਦੀ ਬੋਰੀ ਲੱਦ ਕੇ ਇਧਰ-ਉਧਰ ਪੁਜਾਣਾ ਕੋਈ ਹਾਸਾ-ਖੇਲ ਨਹੀਂ ਹੁੰਦਾ। ਪਰ ਬਸ਼ਿੰਦੇ ਦੇ ਚੇਹਰੇ ਤੇ ਕਦੇ ਸ਼ਿਕਨ ਤੱਕ ਨਹੀਂ ਵਿਖਾਈ ਦਿੱਤੀ। ਇਸ ਮਿਹਨਤੀ ਤਸੀਰ ਦਾ ਸੁਆਗਤ ਉਸ ਵਰਗੇ ਸਾਥੀਆਂ ਨੇ ਨਹੀਂ ਕੀਤਾ। ਸਗੋਂ ਉਨ੍ਹਾਂ ਲਾਮਬੰਦ ਹੋ ਕੇ ਮਿਹਨਤੀ ਤਸੀਰ ਨੂੰ ਉਥੋਂ ਭਜਾਉਣ ਦੀ ਕੋਸ਼ਿਸ਼ ਕੀਤੀ। ਬਾਇਕਾਟ ਤੋਂ ਲੈ ਕੇ ਕੁੱਟਮਾਰ ਤੱਕ ਜੋ ਵੀ ਹੋ ਸਕਿਆ, ਅਜ਼ਮਾ ਕੇ ਵੇਖਿਆ। ਪਰ ਜਿਵੇਂ ਕਿ ਬਸ਼ਿੰਦੇ ਆਪ ਕਿਹਾ ਕਰਦਾ ਹੈ ਕਿ "ਬਸ਼ਿੰਦੇ ਕਾ ਪਿੰਜਰਾ" ਤਾਂ ਇੱਥੇ ਹੀ ਹੈ। ਇਸ ਨੂੰ ਛੱਡ ਕੇ ਉਹ ਕਿੱਥੇ ਜਾ ਸਕਦਾ ਹੈ? ਬਸ਼ਿੰਦਾ ਕਿਧਰੇ ਨਹੀਂ ਗਿਆ। ਥੱਕ ਹਾਰ ਕੇ ਹੋਰ ਪੱਲੇਦਾਰਾਂ ਨੇ ਵੀ ਉਸ ਨੂੰ ਆਪਣੀ ਜਮਾਤ ਵਿੱਚ ਸ਼ਾਮਿਲ ਕਰ ਲਿਆ।

ਹੁਣ ਤਾਂ ਕਈ ਸਾਲ ਲੰਘ ਗਏ ਨੇ ਉਸ ਨੂੰ ਪੱਲੇਦਾਰੀ ਕਰਦਿਆਂ। ਹੁਣ ਉਸ ਦੀ ਕਮਰ ਪਹਿਲਾਂ ਵਾਂਗ ਸਿੱਧੀ ਨਹੀਂ ਹੈ। ਬਸ਼ਿੰਦੇ ਨੇ ਸ਼ੁਰੂ-ਸ਼ੁਰੂ ਵਿੱਚ ਕਈ ਰਾਤਾਂ ਬੰਦ ਦੁਕਾਨਾਂ ਦੇ ਬਾਹਰ ਖੁਲ੍ਹੀ ਥਾਂ ਗੁਜ਼ਾਰੀਆਂ ਸਨ। ਫਿਰ ਹੋਰ ਪੱਲੇਦਾਰਾਂ ਵਾਂਗ, ਮੰਡੀ ਲਾਗਲੇ ਨਾਲੇ ਕੰਢੇ ਉਸ ਨੇ ਵੀ ਆਪਣੇ ਲਈ ਇੱਕ ਖੋਲੀ ਤਿਆਰ ਕਰ ਲਈ ਸੀ। ਬਿਸ਼ਰਮ ਬੂਟੀ ਦੀਆਂ ਲਕੜੀਆਂ ਤੇ ਪੱਤੇ ਬੰਨ੍ਹ ਕੇ, ਮਿੱਟੀ ਵਿਛਾ ਕੇ ਬਣਾਈ ਇਸ ਖੋਲੀ ਨੂੰ ਉਸ ਨੇ ਨਾਂ ਦਿੱਤਾ ਸੀ 'ਪਿੰਜਰਾ'। ਬਸ਼ਿੰਦੇ ਲਈ ਇਹੋ ਥਾਂ 'ਪਿੰਜਰਾ' ਸੀ ਅਤੇ ਉਸ ਲਈ ਆਪਣੀ ਖੋਲੀ ਵੀ ਪਿੰਜਰਾ ਸੀ। ਇੰਜ ਲੱਗਦਾ ਸੀ ਕਿ ਜਿਵੇਂ ਉਸਨੂੰ 'ਪਿੰਜਰੇ' ਸ਼ਬਦ ਨਾਲ ਕੋਈ ਖ਼ਾਸ ਮੋਹ ਹੋਵੇ।

ਬਸ਼ਿੰਦੇ ਨੂੰ ਇਹ ਥਾਂ ਪਸੰਦ ਸੀ। ਅਨਾਜ ਮੰਡੀ ਦੀ ਇਹ ਥਾਂ ਉਸ ਨੂੰ ਪਸੰਦ ਆ ਗਈ ਸੀ। "ਇਕ-ਇਕ-ਇਕ, ਦੋ-ਦੋ-ਦੋ-ਤਿੰਨ-ਤਿੰਨ-ਤਿੰਨ-" ਦੀਆਂ ਅਵਾਜ਼ਾਂ ਉਸ ਨੂੰ ਆਪਣੇ ਕੰਨਾਂ ਵਿੱਚ ਸ਼ਹਿਦ ਘੋਲਦੀਆਂ ਮਹਿਸੂਸ ਹੁੰਦੀਆਂ। ਉਹ ਇਨ੍ਹਾਂ ਆਵਾਜ਼ਾਂ ਵਿੱਚ ਇੱਕ ਖ਼ਾਸ ਸੰਗੀਤ ਅਨੁਭਵ ਕਰਦਾ। ਇਸੇ ਧੁੰਨ ਤੇ ਤੁਰਦਾ ਹੋਇਆ ਉਹ ਅਨਾਜ ਨਾਲ ਭਰੀਆਂ ਬੋਰੀਆਂ ਲੱਕ ਤੋਂ ਲਾਹ



ਕੇ ਗੁਦਾਮਨੁਮਾ ਦੁਕਾਨਾਂ ਅੰਦਰ ਰੱਖਦਾ ਅਤੇ ਦੁਕਾਨ 'ਚੋਂ ਚੁੱਕ ਕੇ ਟਰੱਕ ਜਾਂ ਰੇਹੜੀਆਂ ਤੇ ਧਰਦਾ। ਜਦੋਂ ਕੋਈ ਪੜ੍ਹਿਆ ਲਿਖਿਆ ਬਾਬੂ ਵਰਗਾ ਆਦਮੀ ਉਸ ਨੂੰ "ਮਜ਼ਦੂਰ" ਕਹਿ ਕੇ ਪੁਕਾਰਦਾ ਤਾਂ ਉਸ ਨੂੰ ਬੁਰਾ ਲੱਗਦਾ। ਸ਼ਾਇਦ ਪੱਲੇਦਾਰ ਸ਼ਬਦ ਵਿੱਚ ਉਸ ਨੂੰ ਠੇਕੇਦਾਰ ਜਾਂ ਠਾਣੇਦਾਰ ਦੀ ਗੂੰਜ ਸੁਣਾਈ ਦਿੰਦੀ ਹੋਵੇ।

ਜਦੋਂ ਉਹ ਇੱਥੇ ਆਇਆ ਸੀ ਤਾਂ ਇਕੱਲਾ ਹੀ ਸੀ। ਕੁਆਰਾ ਸੀ। ਇੱਥੇ ਰਹਿੰਦਿਆਂ-ਰਹਿੰਦਿਆਂ ਉਸ ਦਾ ਦਿਲ ਵੀ ਘਰ ਵਸਾਉਣ ਨੂੰ ਕੀਤਾ। ਚਾਰ ਖੋਲੀ ਮਗਰੋਂ ਦੀ ਕੁੜੀ ਨੂੰ ਵਿਆਹ ਲਿਆਇਆ। ਕੁੜੀ ਸਿੱਧੀ ਤੇ ਸੁੱਘੜ ਸੀ, ਪਰ ਪਤਾ ਨਹੀਂ ਕੀ ਹੋਇਆ ਪਹਿਲਾ ਜੁਆਕ ਜੰਮਦਿਆਂ ਉਸ ਦਾ ਮਨ ਫਿਰ ਗਿਆ। ਇੱਕ ਦਿਨ ਬਸ਼ਿੰਦਾ ਮੰਡੀ ਬੰਦ ਹੋਣ ਮਗਰੋਂ ਘਰ ਪਰਤਿਆ ਤਾਂ ਉਸ ਨੇ ਵੇਖਿਆ ਉਸ ਦੀ ਘਰ ਆਲੀ, ਘਰ ਛੱਡ ਕੇ ਚਲੀ ਗਈ ਹੈ। ਉਹ ਬੱਚੇ ਨੂੰ ਵੀ ਨਾਲ ਲੈ ਗਈ ਸੀ। ਉਸ ਦਿਨ ਤੋਂ ਦਿਲ ਟੁੱਟ ਗਿਆ ਸੀ ਬਸ਼ਿੰਦੇ ਦਾ। ਜਾਣ-ਪਛਾਣ ਵਾਲਿਆਂ ਨੇ ਦੂਸਰੇ ਵਿਆਹ ਦੀ ਸਲਾਹ ਦਿੱਤੀ, ਪਰ ਬਸ਼ਿੰਦੇ ਨੇ ਇਨਕਾਰ ਕਰ ਦਿੱਤਾ।

ਮਨ ਟੁੱਟਿਆ ਸੀ, ਪਰ ਸ਼ਰੀਰ 'ਚ ਤਨਾਅ ਅਜੇ ਮੌਜੂਦ ਸੀ। ਸੇਠ ਲੋਕ ਉਸ ਦੀ ਪ੍ਰਸ਼ੰਸਾ ਕਰਦੇ ਨਾ ਥੱਕਦੇ।

"ਬਸ਼ਿੰਦਿਆਂ ਤੂੰ ਨਾਂ ਹੁੰਦਾ ਤਾਂ ਸਾਡਾ ਅਨਾਜ ਇੱਥੇ ਹੀ ਪਿਆ-ਪਿਆ ਸੜ ਜਾਂਦਾ।" "ਬਸ਼ਿੰਦਿਆਂ, ਕਿਸੇ ਦਿਨ ਜੇ ਤੂੰ ਕਿਧਰੇ ਹੋਰ ਚਲਿਆ ਗਿਆ ਨਾ, ਤਾਂ ਆਪਣਾ ਧੰਦਾ ਹੀ ਬੰਦ ਹੋ ਜਾਵੇਗਾ।"

"ਬਸ਼ਿੰਦਿਆਂ, ਤੂੰ ਤਾਂ ਇਨਸਾਨੀ ਕਰੇਨ ਏ ਉਏ।"

"ਬਸ਼ਿੰਦਿਆਂ ਤੂੰ ਬੜਾ ਭਲਾ ਕੀਤਾ ਜਿਹੜਾ ਇੱਥੇ ਆ ਗਿਆ। ਤੈਥੋਂ ਪਹਿਲੋਂ ਤਾਂ ਇਸ ਮੰਡੀ ਵਿੱਚ ਕੋਈ ਦਮਕਾਰ ਪੱਲੇਦਾਰ ਹੀ ਨਹੀਂ ਸੀ। ਤੂੰ ਅਸਲੀ ਮਰਦ ਏਂ ਅਸਲੀ ਮਰਦ।" ਜਿੰਨੇ ਸੇਠ ਉੱਨੀਆਂ ਤਰੀਫ਼ਾਂ, ਸਾਰੇ ਦੇ ਸਾਰੇ ਚਾਹੁੰਦੇ ਸਨ ਕਿ ਬਸ਼ਿੰਦਾ ਉਨ੍ਹਾਂ ਦਾ ਸਿਰਫ਼ ਉਨ੍ਹਾਂ ਦਾ ਹੀ ਕੰਮ ਕਰੇ। ਸ਼ੁਰੂ- ਸ਼ੁਰੂ ਵਿੱਚ ਬਸ਼ਿੰਦੇ ਨੂੰ ਆਪਣੀ ਪ੍ਰਸ਼ੰਸਾ ਸੁਨਣੀ ਬੜੀ ਚੰਗੀ ਲੱਗਦੀ। ਫਿਰ ਹੌਲੀ-ਹੌਲੀ ਸਭ ਕੁਝ ਆਮ ਵਰਗਾ ਹੋਣ ਲੱਗਾ। ਤਿਰਕਾਲਾਂ ਤਾਈਂ ਇੱਕ ਸੇਰ ਅਨਾਜ ਮਿਲ ਜਾਵੇ, ਬਸ ਇਹੋ ਉਸ ਨੂੰ ਚੰਗਾ ਲੱਗਣ ਲੱਗ ਪਿਆ ਸੀ। ਦਵਾਈ ਦੀ ਗੰਧ ਵਿੱਚ ਰਚੀ-ਬਸੀ ਕਣਕ ਵਿਚੋਂ ਵੀ ਉਹ ਖਾਲਿਸ ਕਣਕ ਦੀ ਗੰਧ ਵੱਖਰੀ ਛਾਂਟ ਲੈਂਦਾ। ਇਹ ਗੱਲ ਉਸ ਸਮੇਂ ਉਸ ਨੂੰ ਚੰਗੀ ਲੱਗਦੀ ਸੀ ਕਿ ਜਿਸ ਕਣਕ ਨੂੰ ਉਹ ਆਪਣੀ ਪਿੱਠ ਤੇ ਢੋਂਦਾ, ਉਸੇ ਕਣਕ 'ਚੋਂ ਸੇਰ ਭਰ ਉਸ ਨੂੰ ਸ਼ਾਮੀ ਮਿਹਨਤ ਵਜੋਂ ਮਿਲ ਜਾਂਦੀ। ਹਾਲਾਂ ਕਿ ਇਹ ਅਨੰਦ ਉਹ ਬਹੁਤ ਦਿਨਾਂ ਤਾਈਂ ਨਹੀਂ ਲੈ ਸਕਿਆ। ਲਾਲਿਆਂ ਦੇ ਮੁੰਡਿਆਂ ਨੇ ਜਿਵੇਂ-ਜਿਵੇਂ ਕੰਮ ਆਪਣੇ ਹੱਥ ਵਿੱਚ ਲਿਆ - ਨਵੇਂ-ਨਵੇਂ ਢੰਗ ਅਪਨਾਉਣੇ ਸ਼ੁਰੂ ਕਰ ਦਿੱਤੇ। ਕਣਕ ਘਟਾ ਕੇ ਤਿੰਨ ਪਾ ਕਰ ਦਿੱਤੀ। ਨਾਲ ਪੰਜ-ਪੰਜ-ਸੱਤ-ਸੱਤ ਰੁਪਏ ਵੀ ਦਿੱਤੇ ਜਾਣ ਲੱਗੇ। ਬਸ਼ਿੰਦੇ ਨੂੰ ਇਹ ਵਿਵਸਥਾ ਬੁਰੀ ਤਾਂ ਲੱਗੀ, ਪਰ ਹੁਣ ਵੀ ਇਹ ਸੰਤੋਖ ਸੀ ਕਿ ਘੱਟੋ-ਘੱਟ ਇੰਨੀ ਕਣਕ ਤਾਂ ਮਿਲ ਜਾਵੇ ਕਿ ਉਸ ਦਾ ਪਿੰਜਰਾ ਮਹਿਕ ਜਾਵੇ।

ਉਸ ਛੋਟੇ ਸੇਠ ਨੇ ਕਣਕ ਦੇਣ ਦੀ ਪ੍ਰਥਾ ਬੰਦ ਕਰਨ ਦੀ ਸ਼ੁਰੂਆਤ ਕੀਤੀ ਤਾਂ ਬਸ਼ਿੰਦਾ ਭੜਕ ਪਿਆ। ਸੇਠ ਮੰਨਦਾ ਸੀ ਕਿ ਮਹਿੰਗੀ ਕਣਕ 'ਚੋਂ ਮਿਹਨਤ ਦੇ ਰੂਪ ਵਿੱਚ ਕਣਕ ਦੇਣ ਨਾਲ ਉਸ ਨੂੰ ਘਾਟਾ ਪੈਂਦਾ ਹੈ। ਜਦੋਂ ਕਿ ਬਸ਼ਿੰਦੇ ਦਾ ਕਹਿਣਾ ਸੀ ਕਿ ਜਿਸ ਅਨਾਜ ਨੂੰ ਪੱਲੇਦਾਰ ਆਪਣੀ ਪਿੱਠ ਤੇ ਲੱਦ ਕੇ ਦਿਨ ਭਰ ਇਧਰ-ਉਧਰ ਦੌੜਦਾ ਰਹਿੰਦਾ ਹੈ, ਉਸ ਅਨਾਜ 'ਚੋਂ ਥੋੜ੍ਹਾ ਹਿੱਸਾ ਉਸ ਨੂੰ ਵੀ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਘਰ ਅਤੇ ਆਪਣੇ ਘਰ ਵਾਲਿਆਂ ਨੂੰ ਆਪਣੀ ਮਿਹਨਤ ਦੀ ਖੁਸ਼ਬੂ ਸੁੰਘਾ ਸਕੇ। ਛੋਟਾ ਸੇਠ ਮੰਨਣ ਲਈ ਤਿਆਰ ਨਹੀਂ ਸੀ। ਹੋਰ ਪੱਲੇਦਾਰਾਂ ਨੇ ਵੇਖਿਆ ਕਿ ਮਾਮਲਾ ਵਿਗੜ ਸਕਦਾ ਹੈ। ਤਾਂ ਉਹ ਨਿਰਲੇਪ ਹੋ ਗਏ। ਬਾਸ਼ਿੰਦਾ ਇਕੱਲਾ ਹੀ ਆਪਣੇ ਦਮ ਤੇ ਅੜਿਆ ਰਿਹਾ। ਜਦੋਂ ਛੋਟੇ ਸੇਠ ਨੂੰ ਮਹਿਸੂਸ ਹੋਇਆ ਕਿ ਇੱਕ-ਇਕੱਲੇ ਬਸ਼ਿੰਦੇ ਦੇ ਅੜ ਜਾਣ

ਕਾਰਣ ਕੰਮ ਦਾ ਬੇਕਾਰ ਨੁਕਸਾਨ ਹੁੰਦਾ ਪਿਆ ਹੈ ਤਾਂ ਉਸ ਨੇ ਵਿਚਕਾਰਲਾ ਰਸਤਾ ਕੱਢਿਆ। ਥੋੜ੍ਹਾ ਅਨਾਜ ਤੇ ਥੋੜ੍ਹਾ ਪੈਸਾ ਦੇਣ ਦਾ। ਬਸ਼ਿੰਦੇ ਨੇ ਵੀ ਮਨਜ਼ੂਰ ਕਰ ਲਿਆ। ਉਸ ਦਾ ਪਿੰਜਰਾ ਅੱਧਾ ਕਿੱਲੋ-ਅਨਾਜ ਨਾਲ ਵੀ ਮਹਿਕ ਸਕਦਾ ਸੀ। ਉਦੋਂ ਉਸ ਨੂੰ ਕੀ ਪਤਾ ਸੀ ਕਿ ਇਹ ਮਹਿਕ ਇੱਕ ਦਿਨ ਉਸ ਦਾ ਪਿੰਜਰਾ ਹੀ ਲੈ ਡੁੱਬੇਗੀ।

ਛੋਟੇ ਸੇਠ ਦਾ ਗਰਮ ਲਹੂ ਹਾਰ ਕੇ ਚੁੱਪ ਬੈਠਣ ਵਾਲਾ ਨਹੀਂ ਸੀ। ਅਜੇ ਕੱਲ੍ਹ ਦੀ ਹੀ ਗੱਲ ਹੈ। ਬਸ਼ਿੰਦਾ ਪੰਜਾਹ ਗਿੱਲੇ ਅਨਾਜ ਦੀ ਬੋਰੀ ਚੁੱਕੀ ਰੇੜ੍ਹੀ ਵੱਲ ਵੱਧ ਰਿਹਾ ਸੀ ਕਿ ਸੁੱਖਣ ਨੇ ਆਵਾਜ਼ ਦਿੱਤੀ।

"ਬਸ਼ਿੰਦਿਆਂ-ਉ-ਬਸ਼ਿੰਆਂ! ਤੂੰ ਸੁਣਿਆ ਕੁਝ। ਛੋਟਾ ਸੇਠ ਨਾਲੇ ਦੀ ਸਫ਼ਾਈ ਕਰਾਉਣ ਵਾਲਾ ਏ। ਲੋਕ ਕਹਿ ਰਹੇ ਸਨ ਕਿ ਸਾਡੀਆਂ ਖੋਲੀਆਂ ਢਾਅ ਦਿੱਤੀਆਂ ਜਾਣਗੀਆਂ।"

"ਇੰਜ ਨਹੀਂ ਹੋ ਸਕਦਾ। ਕੋਈ ਬਕਵਾਸ ਕਰਦਾ ਹੋਣਾ ਏ।" ਬਸ਼ਿੰਦੇ ਨੇ ਲਾਪਰਵਾਹੀ ਨਾਲ ਕਿਹਾ।

"ਜੇ ਇੰਜ ਹੋਇਆ ਤਾਂ? ਖ਼ਬਰ ਬੜੀ ਗਰਮ ਏ।"

"ਚੁੱਪ ਕਰ ਤੂੰ।" ਬਸ਼ਿੰਦੇ ਦਾ ਦਿਲ ਕੀਤਾ ਕਿ ਬੋਰਾ ਸੁੱਖਣ ਸਿੰਘ ਦੇ ਸਿਰ ਤੇ ਪਟਕ ਦੇਵੇ। ਕਿਹੋ ਜਿਹੀ ਬਦਸ਼ਗਨੀ ਗੱਲ ਕਰ ਰਿਹਾ ਹੈ।

ਬਸ਼ਿੰਦੇ ਦਾ ਮਿਜਾਜ਼ ਵੇਖ ਕੇ ਸੁੱਖਣ ਇੱਕ ਪਾਸੇ ਖਿਸਕ ਗਿਆ। ਬਸ਼ਿੰਦੇ ਨੇ ਸੁੱਖਣ ਦੀ ਗੱਲ ਨੂੰ ਆਪਣੇ ਦਿਮਾਗ਼ 'ਚੋਂ ਬਾਹਰ ਕੱਢ ਦੇਣਾ ਚਾਹਿਆ, ਪਰ ਸ਼ੱਕ ਦੇ ਨਾਗਨ ਫਨ ਫੈਲਾ ਦਿੱਤਾ ਸੀ। ਆਖਰ ਛੋਟਾ ਸੇਠ ਖੁੰਦਕ ਖਾਈ ਬੈਠਾ ਹੈ। ਕਿਧਰੇ ਸੁੱਖਣ ਸੱਚ ਹੀ ਨਾ ਕਹਿ ਰਿਹਾ ਹੋਵੇ। ਦਿਲ ਤਾਂ ਕੀਤਾ ਕਿ ਛੋਟੇ ਸੇਠ ਕੋਲੋਂ ਪੁੱਜ ਕੇ ਮਾਮਲੇ ਦੀ ਤਹਿ ਪਤਾ ਕਰ ਲਈ ਜਾਵੇ. ਪਰ ਉਹ ਨਹੀਂ ਗਿਆ। ਫ਼ਾਇਦਾ ਵੀ ਨਹੀਂ ਸੀ। ਛੋਟਾ ਸੇਠ ਠਹਿਰਿਆ ਜ਼ਿੱਦੀ ਆਦਮੀ। ਜੋ ਸੋਚ ਲਿਆ ਤਾਂ ਸੋਚ ਲਿਆ।

"ਕੀ ਗੱਲ ਏ ਬਸਿੰਦਿਆਂ, ਸਿਹਤ ਤਾਂ ਠੀਕ ਏ? ਅੱਜ ਬੜਾ ਸੁਸਤ-ਸੁਸਤ ਨਜ਼ਰ ਆ ਰਿਹਾ ਹੈ।" ਦੂਸਰੇ ਸੇਠ ਨੇ ਟੋਕਿਆ।

"ਨਹੀਂ ਤਾਂ- ਤਬੀਅਤ ਠੀਕ ਏ।" ਬਸ਼ਿੰਦੇ ਨੇ ਕਿਹਾ ਅਤੇ ਤੇਜ਼ੀ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਜਦੋਂ ਤੋਂ ਸੁੱਖਣ ਉਸ ਨੂੰ ਖ਼ਬਰ ਸੁਣਾ ਕੇ ਗਿਆ ਸੀ, ਉਦੋਂ ਤੋਂ ਉਸ ਦੇ ਕੰਮ ਦੀ ਰਫ਼ਤਾਰ ਘੱਟ ਗਈ ਸੀ। ਉਸ ਨੇ ਦੂਸਰੇ ਸੇਠ ਤੋਂ ਪੁੱਛਣਾ ਹੀ ਠੀਕ ਸਮਝਿਆ।

"ਸੇਠ ਜੀ ਸੁਣਿਆ ਕਿ ਛੋਟੇ ਸੇਠ ਜੀ ਨਾਲੇ ਦੀ ਸਫ਼ਾਈ ਕਰਾਉਣ ਵਾਲੇ ਹਨ।"

"ਇਹ ਤਾਂ ਬੜੀ ਪੁਰਾਣੀ ਖ਼ਬਰ ਹੋ ਗਈ ਏ ਤੇ ਤੂੰ ਅੱਜ ਸੁਣਿਆ।" ਸੇਠ ਹੱਸਿਆ

"ਉਹ ਸੁੱਖਣਾ ਦੱਸ ਰਿਹਾ ਸੀ ਕਿ ਸਾਡੀਆਂ ਖੋਲੀਆਂ ਵੀ ਢਾਅ ਦਿੱਤੀਆਂ ਜਾਣਗੀਆਂ।" ਬਸ਼ਿੰਦੇ ਨੇ ਸਾਫ਼-ਸਾਫ਼ ਪੁੱਛਿਆ।

"ਤੇਰਾ ਛੋਟਾ ਸੇਠ। ਜੋ ਨਾ ਕਰੇ ਸੋ ਘੱਟ ਏ। ਢਾਹ ਵੀ ਸਕਦਾ ਏ। ਨਗਰ ਨਿਗਮ ਦਾ ਮੈਂਬਰ ਜੁ ਬਣ ਗਿਆ ਏ। ਖੋਲੀਆਂ ਢੁਆ ਕੇ ਸਫ਼ਾਈ ਕਰਵਾਵੇਗਾ ਤਦ ਹੀ ਤਾਂ ਅਗਲੀ ਟਿਕਟ ਮਿਲੇਗੀ।" ਸੇਠ ਨੇ ਕੁੜੱਤਣ ਭਰੇ ਲਹਿਜੇ ਵਿੱਚ ਕਿਹਾ।

"ਸਾਡੀਆਂ ਖੋਲੀਆਂ ਸੁਟਵਾ ਕੇ ਟਿਕਟ ਕਿਵੇਂ ਮਿਲੂਗੀ, ਸੇਠ ਜੀ? ਮੇਰੀ ਤਾਂ ਕੁਝ ਸਮਝ ਵਿੱਚ ਨਹੀਂ ਆਇਆ।" ਬਸ਼ਿੰਦੇ ਦੇ ਤਾਂ ਵਾਕਈ ਕੁਝ ਸਮਝ ਨਹੀਂ ਸੀ ਆਇਆ।

"ਉੱਚੀਆਂ ਖੇਡਾਂ ਨੇ ਬਸ਼ਿੰਦਿਆ, ਜਦੋਂ ਅਸੀਂ ਲੋਕ ਨੀ ਸਮਝ ਸਕੇ ਤਾਂ ਤੂੰ ਕੀ ਖਾਕ ਸਮਝੇਂਗਾ। ਸਾਨੂੰ ਲੋਕਾਂ ਨੂੰ ਵੀ ਡਾਜ ਮਾਰ ਗਿਆ, ਸਾਲਾ।" ਉਸ ਦੂਸਰੇ ਸੇਠ ਨੇ ਜਿਵੇਂ ਮਨ ਦੀ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ।

"ਪਰ ਕੱਲ੍ਹ ਤਾਂ ਕੁਝ ਪਤਾ ਨਹੀਂ ਸੀ ਚਲਿਆ।" ਬਸ਼ਿੰਦਾ ਹੈਰਾਨ ਸੀ।

"ਹੁਣ ਤੇਰੀ ਜੋਰੂ ਹੁੰਦੀ ਤਾਂ ਤੈਨੂੰ ਛੇਤੀ ਪਤਾ ਲੱਗ ਜਾਣਾ ਸੀ, ਬਸ਼ਿੰਦਿਆਂ। ਔਰਤਾਂ ਵਿਚਕਾਰ



ਗਲੀ-ਮੁਹੱਲਿਆਂ ਦੀਆਂ ਖ਼ਬਰਾਂ ਛੇਤੀ ਫੈਲਦੀਆਂ ਹਨ।" ਸੇਠ ਨੇ ਵਿਸ਼ਾ ਬਦਲਦਿਆਂ ਕਿਹਾ।

ਕੁਵੇਲੇ ਦਾ ਮਜ਼ਾਕ ਚੰਗਾ ਨਹੀਂ ਲੱਗਾ ਬਸ਼ਿੰਦੇ ਨੂੰ। ਕੰਮ ਬੰਦ ਕਰਕੇ ਉਹ ਚਾਹ ਪੀਣ ਚਲਿਆ ਗਿਆ। ਸੇਠ ਨੇ ਰੋਕਿਆ ਪਰ ਉਹ ਰੁਕਿਆ ਨਹੀਂ। ਮੈਲੇ ਜਿਹੇ ਕੱਪ 'ਚ ਚਾਹ ਸਿਪ ਕਰਦਿਆਂ ਵੀ ਬਸ਼ਿੰਦੇ ਦੇ ਮਨ ਵਿੱਚ ਡਰ ਸਤਾਉਂਦਾ ਪਿਆ ਸੀ ਕਿ ਕਿਧਰੇ ਉਸ ਦਾ ਪਿੰਜਰਾ ਸੁੱਟ ਦਿੱਤਾ ਗਿਆ ਤਾਂ? ਤਦ ਨੂੰ ਉਸ ਦਾ ਧਿਆਨ ਗਿਆ ਤੇ ਢਾਬੇ ਤੇ ਹੋਰ ਕੋਈ ਪੱਲੇਦਾਰ ਮੌਜੂਦ ਨਹੀਂ ਹੈ। ਉਸ ਨੇ ਢਾਬੇ ਵਾਲੇ ਨੂੰ ਪੁੱਛ ਹੀ ਲਿਆ, "ਕੀ ਗੱਲ ਏ ਧੰਨੂ, ਅੱਜ ਹੋਰ ਸੰਗੀ-ਸਾਥੀ ਨਹੀਂ ਆਏ?"

"ਆਪਣੀ-ਆਪਣੀ ਖੋਲੀ ਖਾਲੀ ਕਰ ਰਹੇ ਹੋਣਗੇ।"

"ਕਿਉਂ?"

"ਮੈਨੂੰ ਪੁੱਛਦਾ ਏਂ, ਕਿਉਂ?" ਧੰਨੂ ਨੇ ਮਜ਼ਾਕ ਉਡਾਉਂਦਿਆਂ ਕਿਹਾ, "ਉਧਰ ਘਰ ਡਿੱਗਦੇ ਪਏ ਨੇ ਤੇ ਇਧਰ ਤੈਨੂੰ ਕੁਝ ਵੀ ਪਤਾ ਨਹੀਂ ਹੈ, ਠੀਕ ਈ ਏ, ਤੈਨੂੰ ਕੀ ਫ਼ਿਕਰ? ਨਾ ਬੀਵੀ ਨਾ ਬੱਚਾ। ਆਪਣਾ ਸਮਾਨ ਤਾਂ ਸਮੇਟ ਹੀ ਆਇਆ ਹੋਏਗਾ?"

"ਰਾਮ ਕਸਮ, ਮੈਨੂੰ ਤਾਂ ਹੁਣੇ ਹੀ ਪਤਾ ਚੱਲਿਆ ਏ।" ਬਸ਼ਿੰਦੇ ਨੇ ਸੌਂਹ ਖਾਂਦਿਆਂ ਕੰਬਦੀ ਆਵਾਜ਼ ਵਿੱਚ ਕਿਹਾ।

"ਉਏ-ਫਿਰ ਤੂੰ ਭੱਜ ਜਾ, ਆਪਣਾ ਸਮਾਨ ਸਾਂਭ, ਨਹੀਂ ਤਾਂ ਬੋਲਡੋਜ਼ਰ ਹੇਠਾਂ ਤਹਿ ਵੱਜ ਜਾਵੇਗੀ।" ਧੰਨੂ ਚਾਹ ਵਾਲੇ ਨੇ ਵੀ ਹੈਰਾਨ ਹੁੰਦਿਆਂ ਕਿਹਾ।

ਬਸ਼ਿੰਦਾ ਹੜਬੜਾ ਕੇ ਉੱਠ ਖੜੋਤਾ।

"ਸੁਣਿਆ ਨਹੀਂ ਤੂੰ, ਲਾਊਡ ਸਪੀਕਰ ਬੋਲ ਗਿਆ ਸੀ।" ਧੰਨੂ ਨੇ ਫਿਰ ਟੋਕਿਆ।

"ਨਹੀਂ, ਮੈਨੂੰ ਨਹੀਂ ਪਤਾ, ਪਿੱਠ ਤੇ ਕੁਇੰਟਲ ਅਨਾਜ ਚੁੱਕਿਆ ਹੋਵੇ ਤਾਂ ਆਵਾਜ਼ ਕਿੱਥੇ ਸੁਣਦੀ ਏ ਭਰਾਵਾ।" ਬਸ਼ਿੰਦੇ ਦੀ ਆਵਾਜ਼ ਵਿੱਚ ਪਹਿਲੀ ਵਾਰੀ ਤਰਲਾ ਝਲਕਦਾ ਸੀ।

ਬਸ਼ਿੰਦਾ ਆਪਣੇ ਪਿੰਜਰੇ ਵੱਲ ਦੌੜ ਪਿਆ। ਉੱਥੇ ਭੀੜ ਸੀ। ਸ਼ੋਰ ਸੀ ਅਤੇ ਭੀੜ ਦੀ ਕੰਧ ਪਿੱਛੇ ਸੀ ਢੇਰ ਸਾਰਾ ਮਲਬਾ। ਖੋਲੀਆਂ ਢਾਹ ਦਿੱਤੀਆਂ ਗਈਆਂ ਸਨ। ਆਖਰ ਬਿਸ਼ਰਮ ਦੀਆਂ ਸੋਟੀਆਂ ਦੀਆਂ ਬਣੀਆਂ ਖੋਲੀਆਂ ਢੱਠਣ ਨੂੰ ਸਮਾਂ ਹੀ ਕਿੰਨਾ ਲੱਗਦਾ? ਬਸ਼ਿੰਦੇ ਨੇ ਨੇੜੇ ਪੁੱਜ ਕੇ ਵੇਖਿਆ, ਉਸ ਦਾ 'ਪਿੰਜਰਾ' ਗਾਇਬ ਹੋ ਗਿਆ ਸੀ। ਉੱਥੇ ਬਚਿਆ ਪਿਆ ਸੀ, ਮਿੱਟੀ, ਸੁੱਕੇ ਪੱਤੇ ਤੇ ਬਿਸ਼ਰਮ ਬੂਟੀ ਦੀਆਂ ਸੋਟੀਆਂ ਦਾ ਢੇਰ। ਛੱਤ ਤੇ ਪਾਏ ਪਾਲੀਥੀਨ ਦੀ ਤਿਰਪਾਲ ਦੇ ਟੁਕੜੇ ਇਧਰ-ਉਧਰ ਉੱਡ ਰਹੇ ਸਨ। ਬਸ਼ਿੰਦਾ ਪਾਟੀਆਂ ਅੱਖਾਂ ਨਾਲ ਆਪਣੇ ਪਿੰਜਰੇ ਦੇ ਮਲਬੇ ਨੂੰ ਵੇਖਦਾ ਰਿਹਾ।

"ਤੂੰ ਇੱਥੇ ਕੀ ਕਰ ਰਿਹਾ ਏਂ ਬਸ਼ਿੰਦਿਆਂ? ਫ਼ਿਕਰ ਨਾ ਕਰ; ਤੇਰਾ ਸਮਾਨ ਮੈਂ ਪਹਿਲੋਂ ਹੀ ਹਟਾ ਲਿਆ ਸੀ। ਹੁਣ ਜਾ ਕੇ ਅਨਾਜ ਲੈ ਆ। ਸੇਠ ਵੰਡ ਰਿਹਾ ਹੈ?" ਬਸ਼ਿੰਦੇ ਦੇ ਸਹੁਰੇ ਨੇ ਕਿਹਾ।

"ਅਨਾਜ? ਕਿਹੋ ਜਿਹਾ ਅਨਾਜ?" ਬਸ਼ਿੰਦਾ ਹੌਲੀ-ਹੌਲੀ ਬੁੜ-ਬੁੜਾਇਆ।

"ਮੁਆਵਜ਼ੇ ਦੇ ਤੌਰ ਤੇ ਅਨਾਜ ਵੰਡ ਰਿਹਾ ਹੈ ਛੋਟਾ ਸੇਠ+ਮੁਫ਼ਤ ਵਿੱਚ। ਜਾ ਲੈ ਆ ਤੂੰ ਵੀ।"

ਬਸ਼ਿੰਦੇ ਨੇ ਵੇਖਿਆ, ਭੀੜ ਅਨਾਜ ਪ੍ਰਾਪਤ ਕਰਨ ਲਈ ਟੁੱਟ ਪਈ ਸੀ। ਘਰ ਡਿੱਗਣ ਦਾ ਦੁੱਖ, ਅਨਾਜ ਪ੍ਰਾਪਤ ਕਰਨ ਦੇ ਲਾਲਚ ਹੇਠਾਂ ਦੱਬ ਕੇ ਗਾਇਬ ਹੋ ਗਿਆ ਸੀ।

"ਖੜੋਤਾ ਕਿਉਂ ਏ?" ਜਾ ਅਨਾਜ ਲੈ ਆ। ਫਿਰ ਟੀਨ ਦੀ ਸ਼ੈੱਡ ਹੇਠਾਂ ਜਾਣਾ ਏ। "ਸਾਨੂੰ ਰਹਿਣ ਲਈ ਉਥੇ ਹੀ ਟਿਕਾਣਾ ਕੀਤਾ ਗਿਆ ਏ।" ਬਸ਼ਿੰਦੇ ਦੇ ਸਹੁਰੇ ਨੇ ਫਿਰ ਚੇਤੰਨ ਕੀਤਾ।

"ਗਿੱਠ ਭਰ ਸ਼ੈੱਡ ਹੇਠਾਂ, ਪੰਜਾਹ ਕੁ ਲੋਕ ਰਹਿਣਗੇ?" ਬਸ਼ਿੰਦਾ ਬੋਲ ਪਿਆ।

"ਹੁਣ ਇਹ ਫ਼ਿਕਰ ਮਗਰੋਂ ਕਰਾਂਗੇ, ਪਹਿਲੋਂ ਜਾ ਕੇ ਅਨਾਜ ਤਾਂ ਲੈ ਆ। ਕਿਧਰੇ ਸਾਰਾ ਖਤਮ ਹੀ ਨਾ ਹੋ ਜਾਵੇ।" ਉਸ ਦੇ ਸਹੁਰੇ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ। "ਖਤਮ ਤਾਂ ਹੋ ਹੀ ਗਿਆ।" ਕਹਿੰਦਾ ਬਸ਼ਿੰਦਾ ਦੂਸਰੇ ਪਾਸੇ ਚਲਿਆ ਗਿਆ।

ਬਸ਼ਿੰਦੇ ਨੇ ਮੁਫ਼ਤ ਵੰਡਿਆ ਜਾਂਦਾ ਅਨਾਜ ਨਹੀਂ ਲਿਆ। ਲੈਂਦਾ ਵੀ ਕਿਸ ਲਈ? ਅਨਾਜ ਦੀ

ਗੰਧ ਨਾਲ ਮਹਿਕਣ ਵਾਲਾ ਪਿੰਜਰਾ ਹੀ ਢਾਹ ਦਿੱਤਾ ਗਿਆ ਸੀ। ਬਸ਼ਿੰਦਾ ਪੁਲੀ ਨੇੜੇ ਗੱਲੇ ਹੇਠਾਂ ਗੋਡੇ ਰੱਖ ਕੇ ਉਕੜੂ ਬੈਠਿਆ ਰਿਹਾ ਅਤੇ ਹੁਣ ਵੀ ਬੈਠਾ ਹੋਇਆ ਏ। ਲੋਕਾਂ ਨੂੰ ਹੈਰਾਨੀ ਹੈ ਕਿ ਜਿਹੜਾ ਆਦਮੀ ਬੱਚੇ ਸਮੇਤ ਪਤਨੀ ਦੇ ਭੱਜ ਜਾਣ ਤੇ ਵੀ ਹੌਂਸਲੇ ਨਾਲ ਕਮਾਉਂਦਾ ਖਾਂਦਾ ਰਿਹਾ, ਉਹ ਇੱਕ ਸੜੀ ਜਿਹੀ ਝੁੱਗੀ ਦੇ ਟੁੱਟਣ ਨਾਲ ਕਿਵੇਂ ਟੁੱਟ ਗਿਆ? ਬਸ਼ਿੰਦੇ ਦੇ ਸਹੁਰੇ ਨੇ ਉਸ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਫ਼ਲ ਨਹੀਂ ਹੋਇਆ।

ਬਸ਼ਿੰਦਾ ਬਿਟਰ-ਬਿਟਰ ਵੇਖਦਾ ਰਹਿੰਦਾ ਹੈ। ਕਦੇ-ਕਦੇ ਅਚਾਨਕ ਬੁੜ-ਬੜਾਉਂਦਾ ਹੈ। "ਮੇਰਾ ਪਿੰਜਰਾ ਢੁਹਾ ਦਿੱਤਾ ਮੁਫ਼ਤਖੋਰਾਂ ਨੇ, ਲੈ ਲਵੋ ਹੋਰ ਅਨਾਜ, ਟੁੱਕੜ ਬੋਚੋ।"

ਪਰ ਭੀੜ ਨੂੰ ਕਿੱਥੇ ਫੁਰਸਤ ਕਿ ਪੱਲੇਦਾਰ ਬਸ਼ਿੰਦੇ ਦੀ ਬੁੜਬੁੜ ਸੁਣੇ। ਬਸ਼ਿੰਦਾ ਕਿਹੜਾ ਭਲਾ ਕਰ ਸਕਦਾ ਹੈ? ਛੋਟੇ ਸੇਠ ਨੂੰ ਜੇ ਅੱਗੇ ਟਿਕਟ ਮਿਲਦਾ ਰਿਹਾ ਤਾਂ ਨਵੀਆਂ ਖੋਲੀਆਂ ਬਣਵਾ ਦੇਵੇਗਾ। ਵਾਦ੍ਹਾ ਕੀਤਾ ਹੈ ਉਸਨੇ। ਭੀੜ ਨੂੰ ਯਕੀਨ ਹੈ। ਛੋਟੇ ਸੇਠ ਦੇ ਵਾਦ੍ਹੇ ਅਤੇ ਆਪਣੇ ਪਿੰਜਰੇ ਕਾਰਣ ਬਸ਼ਿੰਦਾ ਗ਼ਮਗੀਨ ਹੈ। ਸਾਰੇ ਸੇਠਾਂ ਦਾ ਧੰਦਾ ਜਾਰੀ ਹੈ। ਅਨਾਜ ਚੁਕਿਆ ਤੇ ਧਰਿਆ ਜਾ ਰਿਹਾ ਹੈ। ਅਨਾਜ ਮੰਡੀ ਦਾ ਕੰਮ ਰੁਕਿਆ ਨਹੀਂ ਹੈ ਬਸ਼ਿੰਦੇ ਦੇ ਬਿਨਾ ਵੀ, ਰੁਕੇਗਾ ਵੀ ਨਹੀਂ ਸ਼ਾਇਦ।

**—1154-L-T-3-C, ਸੈਕਟਰ-4, ਤਲਵਾੜਾ ਟਾਊਨਸ਼ਿਪ-144216**

---

## ਗ਼ਜ਼ਲ/ਗ਼ੁਲਾਮ ਮੁਸਤਫ਼ਾ ਬਿਸਮਿਲ

ਸ਼ਾਮ ਦਾ ਪਹਿਲਾ ਸਿਤਾਰਾ ਜਾਗਿਆ।
ਦਰਦ ਦਿਲ ਦਾ ਫਿਰ ਦੁਬਾਰਾ ਜਗਿਆ।

ਸੂਲੀਆਂ ਨੂੰ ਚੁੰਮ ਲਿਆ ਫੁੱਲਾਂ ਜਦੋਂ,
ਅਮਲ ਦਾ ਹਰ ਇੱਕ ਅਦਾਰਾ ਜਾਗਿਆ।

ਬੇਲਿਬਾਸਾਂ ਜਜ਼ਬਿਆਂ ਜਦ ਘੇਰਿਆ,
ਸੈਨਤਾਂ ਦਾ ਹਰ ਇਸ਼ਾਰਾ ਜਾਗਿਆ।

ਪੈ ਗਈ ਸ਼ਾਹਾਂ ਦੇ ਸੁੱਖਾਂ ਵਿੱਚ ਤਰੇੜ,
ਹਉਕਿਆਂ ਦਾ ਜਦ ਬੁਲਾਰਾ ਜਾਗਿਆ।

ਉਹ ਥਕੇਵੇਂ ਨਾਲ ਲੈ ਕੇ ਸੌਂ ਗਿਆ,
ਜੋ ਸੀ ਸਦੀਆਂ ਤੋਂ ਵਿਚਾਰਾ ਜਾਗਿਆ।

ਉਦੋਂ ਵੀ ਗਲ ਲਾ ਲਾਈ ਤੂਫ਼ਾਨ ਮੈਂ,
ਜਦ ਸਮੁੰਦਰ ਵਿੱਚ ਕਿਨਾਰਾ ਜਾਗਿਆ।

ਇਕ ਨਵੇਂ ਮਹਿਸ਼ਰ ਦਾ ਹੋਵੇਗਾ ਐਲਾਨ,
ਜੱਗ ਜਦੋਂ ਸਾਰੇ ਦਾ ਸਾਰਾ ਜਾਗਿਆ।

ਹੋਂਦ ਆਪਣੀ ਹੋਂਦ ਵਿੱਚ ਆਈ ਤਦੋਂ,
ਜਦ ਵਸੇਬਾਂ ਦਾ ਖਲਾਰਾ ਜਾਗਿਆ।

ਜਦ ਕਦੇ ਵੀ 'ਬਲਖ਼' ਨੂੰ ਭਾਜੜ ਪਈ।
ਸਾਂਝ ਉਲਫਤ ਦਾ 'ਬੁਖ਼ਾਰਾ' ਜਾਗਿਆ।

**(ਤਿਮਾਹੀ ਪੰਜਾਬੀ ਲਾਹੌਰ)**



ਪੁਸਤਕ-ਪੜਚੋਲ

## ਹਰਭਜਨ ਸਿੰਘ ਹੁੰਦਲ ਦੀ 'ਸਿਰਜਣ ਕਿਰਿਆ'/ ਡਾ. ਸੁਖਦੇਵ ਸਿੰਘ

ਹਰਭਜਨ ਸਿੰਘ ਹੁੰਦਲ ਪੰਜਾਬੀ ਦਾ ਪ੍ਰਤਿਬਧ ਕਵੀ ਅਤੇ ਸੁਚੇਤ ਕਲਾ-ਚਿੰਤਕ ਹੈ। ਅੱਜ ਤੋਂ ਲਗਭਗ 46 ਵਰ੍ਹੇ ਪਹਿਲਾਂ ਪੰਜਾਬੀ ਸਾਹਿਤ ਵਿੱਚ ਉਸਦਾ ਪੈਰ-ਧਰਾਵਾ ਇੱਕ ਆਲੋਚਕ ਵਜੋਂ ਹੋਇਆ। ਉਸ ਦਾ ਪਹਿਲਾ ਨਿਬੰਧ 'ਰੂਪ ਕਿ ਵਿਸ਼ਾ' ਰਣਧੀਰ ਕਾਲਜ ਕਪੂਰਥਲਾ ਦੇ ਰਿਸਾਲੇ 'ਰਣਧੀਰ' ਵਿੱਚ 1953 ਈ. 'ਚ ਛਪਿਆ। 1956 ਈ. ਵਿੱਚ 'ਸਾਹਿਤ ਸਮਾਚਾਰ' 'ਚ ਛਪੇ ਆਪਣੇ ਨਿਬੰਧ, 'ਸੁਜਾਨ ਸਿੰਘ ਦੀ ਕਹਾਣੀ ਕਲਾ ਦਾ ਵਿਕਾਸ' ਤੋਂ ਬਾਅਦ ਉਸ ਨੇ ਆਪਣੇ ਆਪ ਨੂੰ ਆਲੋਚਕ 'ਸਮਝਣਾ' ਸ਼ੁਰੂ ਕਰ ਦਿੱਤਾ। ਉਸ ਦੀ ਪੁਸਤਕ 'ਪੰਜਾਬੀ ਆਲੋਚਨਾ ਦਾ ਮੁਲਾਂਕਣ' (1970) ਅਕਾਦਮਿਕ ਹਲਕਿਆਂ 'ਚ ਸਵੀਕਾਰੀ-ਸਲਾਹੀ ਗਈ। ਹੁੰਦਲ ਨੇ ਭਾਵੇਂ ਵਾਰਤਕ, ਸਫ਼ਰਨਾਮਾ, ਰੇਖਾ-ਚਿੱਤਰ, ਸਾਹਿਤਕ ਡਾਇਰੀ ਅਤੇ ਸੰਸਮਰਣ ਆਦਿ ਸਾਹਿਤ ਰੂਪਾਂ ਦੀ ਸਾਧਨਾ ਦੇ ਨਾਲ-ਨਾਲ ਅਨੁਵਾਦ ਅਤੇ ਸੰਪਾਦਨ ਦੇ ਖੇਤਰ ਵਿੱਚ ਵੀ ਜ਼ਿਕਰ ਯੋਗ ਕੰਮ ਕੀਤਾ ਹੈ, ਉਸ ਦੀ ਪਛਾਣ ਇੱਕ ਕਵੀ ਵਜੋਂ ਹੀ ਹੈ। ਉਸ ਦੀ ਪਹਿਲੀ ਵਫ਼ਾ ਕਵਿਤਾ ਨਾਲ ਹੈ, ਉਸ ਦੇ ਆਪਣੇ ਸ਼ਬਦਾਂ ਵਿੱਚ, "ਮੈਂ ਇੱਕ ਵੇਲੇ ਸਿਰਫ਼ ਇਕੋ ਪਿਆਰੇ ਨਾਲ ਬਾਤਚੀਤ ਕਰ ਸਕਦਾ ਹਾਂ ਤੇ ਕਵਿਤਾ ਮੇਰੇ ਲਈ ਸਭ ਤੋਂ ਵੱਧ ਪਿਆਰੀ ਹੈ।... ਆਲੋਚਨਾ ਜਾਂ ਪੱਤਰਕਾਰੀ ਬਾਅਦ ਦੀਆਂ, ਵਿਹਲੇ ਵੇਲੇ ਦੀਆਂ ਗੱਲਾਂ ਨੇ।" (ਪੰਨਾ 42)

ਹੁੰਦਲ ਨੂੰ ਕਵਿਤਾ ਲਿਖਣ ਦੀ ਚੇਟਕ ਕਾਲਜ ਦੇ ਦਿਨਾਂ ਵਿੱਚ ਲੱਗੀ। ਸ਼ੁਰੂ 'ਚ ਉਸ ਨੇ ਵੀ ਕਵਿਤਾ ਨੂੰ 'ਆਪਣੇ ਜਮਾਤੀਆਂ ਤੇ ਕਾਲਜ ਦੀਆਂ ਕੁੜੀਆਂ ਵਿੱਚ ਚਰਚਿਤ ਹੋਣ ਲਈ' ਸਹਾਰੇ ਵਜੋਂ ਚੁਣਿਆ। ਕਾਲਜ 'ਚ ਛਾ ਜਾਣ ਦੀ ਇੱਛਾ ਵਸ ਹੀ ਉਸ ਨੇ ਜੁਗਿੰਦਰ ਸ਼ਮਸ਼ੇਰ ਦੀ ਕਵਿਤਾ ਕਾਲਜ ਮੈਗਜ਼ੀਨ 'ਚ ਆਪਣੇ ਨਾਂ ਹੇਠ ਛਪਵਾਈ। ਸਰਲ ਸਬੋਧ ਸ਼ੈਲੀ 'ਚ ਲਿਖੀ ਉਸ ਦੀ ਪਹਿਲੀ ਮੌਲਿਕ ਕਵਿਤਾ 1956 ਈ. 'ਚ ਬੰਬਈ ਤੋਂ ਨਿਕਲਦੇ 'ਚੇਤਨਾ' ਰਿਸਾਲੇ ਵਿੱਚ ਛਪੀ। ਇੱਕ ਕਵੀ ਵਜੋਂ ਹੁੰਦਲ ਦਾ ਸਫ਼ਰ ਲੰਬਾ ਵੀ ਹੈ, ਦਿਲਚਸਪ ਵੀ ਅਤੇ ਖ਼ਤਰਿਆਂ/ਚਨੌਤੀਆਂ ਭਰਿਆ ਵੀ। ਕਵਿਤਾ ਨੇ ਉਸ ਨੂੰ ਮਹਿਬੂਬ ਦੇ ਦਿਲ ਤੋਂ ਲੈ ਕੇ ਜੇਲ੍ਹ ਤੱਕ ਦੀ ਯਾਤਰਾ ਕਰਵਾਈ। ਕਾਲਜ ਦੇ ਦਿਨਾਂ 'ਚ 'ਮੰਗਵੀ' ਕਵਿਤਾ ਨੂੰ ਹਿੱਕ ਨਾਲ ਲਾਈ ਫਿਰਦੇ ਹੁੰਦਲ ਨੂੰ ਪਤਾ ਨਹੀਂ ਸੀ ਕਿ ਕਵਿਤਾ 'ਅੰਬ' ਵੀ ਹੁੰਦੀ ਹੈ ਅਤੇ 'ਅੱਕ-ਕੁਕੜੀ' ਵੀ। ਹੁੰਦਲ ਇਕ ਸੁਚੇਤ ਰਾਜਸੀ ਕਵੀ ਹੈ। ਉਹ ਕਵਿਤਾ ਰਚਦਾ ਹੀ ਨਹੀਂ, ਸਗੋਂ ਉਸਦੀ ਪ੍ਰਕਿਰਤੀ, ਸਿਰਜਣ-ਸਰੋਤ, ਸਿਰਜਣ-ਛਿਣਾਂ ਦੀ ਬਹੁ-ਰੰਗਤਾ ਅਤੇ ਸਿਰਜਣ-ਪ੍ਰਕਿਰਿਆ ਜਿਹੇ ਸੁਹਜ-ਸ਼ਾਸਤਰੀ ਮਸਲਿਆਂ ਨੂੰ ਸਮਝਣ-ਸਮਝਾਉਣ ਦਾ ਯਤਨ ਵੀ ਕਰਦਾ ਹੈ। ਉਸਦੀ ਪੁਸਤਕ 'ਕਵਿਤਾ ਦੀ ਸਿਰਜਣ ਕਿਰਿਆ' (1998) ਦੋ ਕਾਰਨਾਂ ਕਰਕੇ ਮਹੱਤਵਪੂਰਨ ਹੈ : ਇੱਕ ਤਾਂ ਇਹ ਸਾਡੇ ਸਾਹਿਤ-ਸ਼ਾਸਤਰੀ ਚਿੰਤਨ ਦੇ ਖੇਤਰ ਵਿੱਚ ਚਲ ਰਹੇ ਸੰਵਾਦ ਦਾ ਦਸਤਾਵੇਜ਼ੀ ਪ੍ਰਮਾਣ ਹੈ, ਦੂਜਾ ਇਹ ਹੁੰਦਲ ਦੀ ਸ਼ਖ਼ਸੀਅਤ, ਉਸ ਦੀ ਕਵਿਤਾ ਅਤੇ ਉਸ ਦੀ ਸਿਰਜਣ-ਪ੍ਰਕਿਰਿਆ ਦੇ ਗੁੱਝੇ ਰਹੱਸ ਨੂੰ ਉਜਾਗਰ ਕਰਦੀ ਹੈ।

ਸਾਹਿਤ-ਸ਼ਾਸਤਰੀ ਮਸਲਿਆਂ ਨੂੰ ਰੌਚਿਕ ਅੰਦਾਜ਼ ਵਿੱਚ ਮੁਖ਼ਾਤਿਬ ਹੋਣ ਵਾਲੀ ਪੁਸਤਕ ਦਾ ਸੰਪਾਦਕ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਕੀਤਾ ਹੈ। ਪ੍ਰਤਿਭਾਵਨ ਆਲੋਚਕ ਨੇ ਹਰਭਜਨ ਸਿੰਘ ਹੁੰਦਲ ਦੁਆਰਾ ਵੱਖ-ਵੱਖ ਸਮਿਆਂ ਤੇ ਲਿਖੇ ਨਿਬੰਧਾਂ, ਟਿੱਪਣੀਆਂ, ਯਾਦਾਂ ਅਤੇ ਮੁਲਾਕਾਤਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਕਵਿਤਾ ਦੀ ਪ੍ਰਕਿਰਤੀ, ਪ੍ਰੇਰਨਾ-ਸਰੋਤ, ਸਿਰਜਣਾਤਮਕ ਪਲਾਂ 'ਚ ਸੁਚੇਤ ਅਚੇਤ ਮਨ ਦੀ ਅਵਸਥਾ, ਸਿਰਜਣਾ ਦੀ ਪ੍ਰਕਿਰਿਆ, ਸਾਹਿਤ ਤੇ ਸ਼ਖ਼ਸੀਅਤ, ਸਾਹਿਤ ਤੇ ਯਥਾਰਥ, ਸਾਹਿਤ ਤੇ ਵਿਚਾਰਧਾਰਾ, ਸਾਹਿਤ ਤੇ ਰਾਜਨੀਤੀ, ਵਿਸ਼ਾ ਤੇ ਰੂਪ ਅਤੇ ਪ੍ਰਤਿਭਾ ਤੇ ਅਭਿਆਸ ਦੇ ਰਚਨਾਤਮਕ ਮਹੱਤਵ ਆਦਿ ਸਿਧਾਂਤਕ ਮਸਲਿਆਂ ਬਾਰੇ ਚਰਚਾ ਹੈ। ਦੂਜੇ ਭਾਗ ਵਿੱਚ ਹੁੰਦਲ ਦੀ ਲੋਕ-ਪ੍ਰਿਯ ਪੁਸਤਕ 'ਜੰਗਨਾਮਾ ਪੰਜਾਬ' ਦੇ ਰਚਨਾ-ਪ੍ਰੇਰਕਾਂ, ਰਚਨਾ-ਜੁਗਤਾਂ ਅਤੇ ਸਿਰਜਨਾਤਮਕ ਛਿਣਾਂ ਦੇ ਰਹੱਸਾਂ ਦਾ ਖੁਲਾਸਾ ਵੀ ਹੈ ਅਤੇ ਕਵਿਤਾ ਦੇ ਅਨੁਵਾਦ ਦੇ

ਮਸਲਿਆਂ ਬਾਰੇ ਸਿਧਾਂਤਕ ਚਰਚਾ ਵੀ। ਤੀਸਰੇ ਭਾਗ ਵਿੱਚ ਹੁੰਦਲ ਦੀਆਂ ਕੁਝ ਮਹੱਤਵਪੂਰਨ ਕਵਿਤਾਵਾਂ ਦੇ ਰਚੇ ਜਾਣ ਦੇ ਪਿਛੋਕੜ, ਰਚਨਾ-ਵਿਧੀ ਅਤੇ ਰਚਨਾ ਦੀ ਪ੍ਰਕਿਰਿਆ ਦਾ ਵਰਣਨ ਹੈ। 'ਪੰਜਾਬੀ ਵਿੱਚ ਇਹ ਵੱਖਰੀ ਭਾਂਤ ਦੀ ਪਹਿਲੀ ਪੁਸਤਕ ਹੈ, ਜੋ ਕਿਸੇ ਕਵੀ ਦੇ ਸਿਰਜਣ ਕਿਰਿਆ ਦੇ ਆਪਣੇ ਤਜ਼ਰਬੇ ਅਤੇ ਸਿਰਜਣਾ ਦੇ ਅਣਕਥੇ ਰਹੱਸਾਂ ਨੂੰ' ਸਮਝਾਉਣ ਦੇ ਉਪਰਾਲੇ ਹਿੱਤ ਲਿਖੀ ਗਈ ਹੈ। ਨੌਜਵਾਨ ਸੰਪਾਦਕ ਦਾ ਇਹ ਦਾਹਵਾ ਬਹਿਸ ਗੋਚਰਾ ਹੈ, ਕਿਉਂਕਿ ਇਸ ਤੋਂ ਪਹਿਲਾਂ ਅੰਮ੍ਰਿਤਾ ਪ੍ਰੀਤਮ ਦੀ ਪੁਸਤਕ 'ਮੈਂ ਜਮਾਂ ਤੂੰ' ਅਤੇ ਡਾ. ਹਰਿਭਜਨ ਸਿੰਘ ਦੀਆਂ ਜੀਵਨੀ-ਪਰਕ ਲਿਖਤਾਂ 'ਚੋਲਾ ਟਾਕੀਆਂ ਵਾਲਾ' ਅਤੇ 'ਧੁਪ ਵਿੱਚ ਬਲਦਾ ਦੀਵਾ' ਆਦਿ ਵਿੱਚ ਵੀ ਕਾਵਿ ਦੀ ਆਤਮਾ ਅਤੇ ਸਿਰਜਣ ਪ੍ਰਕਿਰਿਆ ਦੇ ਰਹੱਸਾਂ ਨੂੰ ਜਾਨਣ ਦੇ ਯਤਨ ਹੋਏ ਹਨ।

ਕਵੀ ਹੁੰਦਲ ਮਾਰਕਸਵਾਦੀ ਦ੍ਰਿਸ਼ਟੀ ਵਾਲਾ ਸਰਗਰਮ ਰਾਜਸੀ ਕਾਰਕੁੰਨ ਹੈ। ਉਸਦੀ ਕਵਿਤਾ ਅਤੇ ਕਾਵਿ-ਸ਼ਾਸਤਰੀ ਚਿੰਤਨ ਨੂੰ ਮਾਰਕਸਵਾਦੀ ਦਰਸ਼ਨ ਅਤੇ ਖੱਬੇ ਪੱਖੀ ਰਾਜਸੀ ਲਹਿਰ ਦੇ ਉਤਰਾ-ਚੜ੍ਹਾਅ ਪ੍ਰਭਾਵਿਤ ਕਰਦੇ ਰਹੇ ਹਨ। ਕਾਵਿ ਰਚਨਾ ਉਸ ਦੀ ਰਾਜਸੀ ਸਰਗਰਮੀ ਦਾ ਹੀ ਇੱਕ ਮੋਰਚਾ ਸੀ। ਅੰਤਰ-ਰਾਸ਼ਟਰੀ ਅਤੇ ਭਾਰਤੀ ਰਾਜਨੀਤੀ ਦੇ ਬਦਲਦੇ ਸਮੀਕਰਣ ਉਸ ਦੀ ਸਾਹਿਤਕ ਰਣਨੀਤੀ ਨੂੰ ਨਿਰਧਾਰਤ ਕਰਦੇ ਰਹੇ ਹਨ। ਕਵਿਤਾ ਬਾਰੇ ਉਸ ਦੀ ਦ੍ਰਿਸ਼ਟੀ ਸ਼ੁੱਧ ਸੁਹਜਵਾਦੀ ਨਹੀਂ, ਉਪਯੋਗਤਾਵਾਦੀ ਹੈ। ਉਸ ਅਨੁਸਾਰ ਕਵਿਤਾ ਪਰਾ-ਮਨੁੱਖੀ ਵਸੂਤ ਜਾਂ ਦੈਵੀ ਇਲਹਾਮ ਨਹੀਂ। ਕਵਿਤਾ ਦਾ ਅਸਲਾ ਮਨੁੱਖੀ ਹੈ, ਸਮਾਜਕ ਹੈ। ਇਹ ਇਕੋ ਵੇਲੇ ਕਵੀ ਦੀ ਸ਼ਖ਼ਸੀਅਤ ਅਤੇ ਉਸ ਦੇ ਸਮਾਜਕ ਸੰਦਰਭ ਦਾ ਚਿੰਨ੍ਹਾਤਮਕ ਪ੍ਰਗਟਾਵਾ ਹੈ, "ਕਵੀ ਦਾ ਚਿੰਤਨ, ਉਸਦੀ ਵਿਚਾਰਧਾਰਾ, ਉਸ ਦਾ ਪੇਸ਼ਾ, ਆਲਾ-ਦੁਆਲਾ ਤੇ ਨਿਤਾਪ੍ਰਤੀ ਵਿਵਹਾਰ ਜਾਂ ਸਰਗਰਮੀ ਅਚੇਤ ਜਾਂ ਸੁਚੇਤ ਉਸਦੀ ਕਵਿਤਾ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਕਵੀ ਦਾ ਆਪਾ ਕਦੇ ਵੀ ਉਸ ਦੀ ਰਚਨਾ ਵਿਚੋਂ ਗੈਰ-ਹਾਜ਼ਰ ਨਹੀਂ ਹੁੰਦਾ।' (ਪੰਨਾ 44) ਅਤੇ "ਸਿਰਜਣਾ ਕੋਈ ਆਕਾਸ਼ੋਂ ਨਹੀਂ ਉਤਰਦੀ। ਸਮਾਜੀ ਜੀਵਨ ਦੀ ਤੋਰ ਨੂੰ ਪਛਾਣ ਕੇ, ਉਸਦੀਆਂ ਪੈੜਾਂ ਨਾਲ ਤੁਰਦੀ ਆਉਂਦੀ ਹੈ।" (ਪੰਨਾ 54) ਹੁੰਦਲ ਅਨੁਸਾਰ ਕਵਿਤਾ ਮਨੁੱਖ ਦੇ ਦੁੱਖ ਦਾ ਵਿਵੇਚਨ, ਵਿਚਾਰਧਾਰਕ ਸੰਬਾਦ ਦਾ ਸਾਧਨ ਅਤੇ ਆਪਣੀ ਹੋਂਦ ਦੀ ਰਾਖੀ ਲਈ ਵਿਰੋਧੀਆਂ ਨਾਲ ਸੰਘਰਸ਼ ਦੀ ਸੰਵਾਹਕ ਹੁੰਦੀ ਹੈ। ਉਸਦੇ ਆਪਣੇ ਸ਼ਬਦਾਂ ਵਿੱਚ "ਕਵਿਤਾ ਨੇ ਮੇਰੇ ਜੀਵਨ ਵਿੱਚ, ਹਰ ਔਖੀ ਤੋਂ ਔਖੀ ਘੜੀ ਵਿੱਚ ਵੀ ਮੇਰਾ ਸਾਥ ਨਿਭਾਇਆ ਹੈ। ਮੇਰੇ ਦੁੱਖ ਦੀ ਭਾਈਵਾਲ ਬਣੀ ਹੈ, ਮੇਰੇ ਪਰਲ-ਪਰਲ ਡੁੱਲਦੇ ਅੱਥਰੂਆਂ ਲਈ ਰੁਮਾਲ ਬਣੀ ਹੈ। ਇਹ ਮੇਰੇ ਨਿੱਜੀ ਦੁਸ਼ਮਣਾਂ, ਵਿਚਾਰਧਾਰਕ ਵਿਰੋਧੀਆਂ, ਈਰਖਾ ਤੇ ਦਵੈਤ ਦੇ ਭਰੇ ਕੁਝ ਸਮਕਾਲੀਆਂ ਦੇ ਹਰ ਹਮਲੇ ਸਮੇਂ ਮੇਰੇ ਨਾਲ ਰਹੀ ਹੈ।... ਵਿਅੰਗ ਦੇ ਤਿੱਖੇ ਹਥਿਆਰ ਨਾਲ ਇਹ ਵਿਰੋਧੀਆਂ ਤੇ ਟੁੱਟ ਕੇ ਪੈਂਦੀ ਹੈ ਤੇ ਜੂਝ ਰਹੇ ਕਿਰਤੀ ਵਰਗ ਤੇ ਜਨ-ਵਾਦੀ ਸ਼ਕਤੀਆਂ ਦੇ ਹਿੱਤਾਂ ਦੀ ਰਖਵਾਲੀ ਦੇ ਮਾਮਲੇ ਵਿੱਚ ਇਹ ਹਾਕਮ ਤੇ ਲੁਟੇਰੀਆਂ ਜਮਾਤਾਂ ਦੇ ਪ੍ਰਗਟ ਤੇ ਅਪ੍ਰਗਟ ਹਰ ਵਾਰ ਦਾ ਟਾਕਰਾ ਕਰਦੀ ਹੋਈ ਸੰਘਰਸ਼ ਕਰਦੇ ਜਨ-ਸਮੂਹ ਦੇ ਅੰਗ-ਸੰਗ ਰਹਿਣ ਦੀ ਜੁਰਅਤ ਕਰਦੀ ਹੈ। (ਪੰਨਾ 30)

ਹੁੰਦਲ ਦਾ ਵਿਸ਼ਵਾਸ਼ ਹੈ ਕਿ ਕਵਿਤਾ ਧੁਰੋਂ ਮਿਲੀ ਦਾਤ ਨਹੀਂ, ਮਨੁੱਖ ਦੀ ਆਪ ਕਮਾਈ ਯੋਗਤਾ ਹੈ। ਕਵਿਤਾ ਦੀ ਸਿਰਜਨਾ ਲਈ ਜਿੰਨੀ ਪ੍ਰਤਿਭਾ ਜ਼ਰੂਰੀ ਹੈ ਓਨਾ ਹੀ ਅਭਿਆਸ ਜ਼ਰੂਰੀ ਹੈ। ਪ੍ਰਤਿਭਾ ਕੋਈ ਦੈਵੀ ਚਰਿੱਤਰ ਵਾਲੀ ਵਸਤੂ ਨਹੀਂ, ਇਹ 'ਅਸਧਾਰਨ ਗ੍ਰਹਿਣ-ਸ਼ਕਤੀ' ਅਤੇ 'ਰਚਨਾਤਮਕ ਸਮਰੱਥਾ' ਦਾ ਨਾਂ ਹੈ। ਇਸ ਸ਼ਕਤੀ ਨੂੰ ਨਿਰੰਤਰ ਅਭਿਆਸ ਰਾਹੀਂ ਸੁਧਾਰਿਆ ਜਾ ਸਕਦਾ ਹੈ। ਕਵਿਤਾ ਨੂੰ 'ਇਲਹਾਮ' ਮੰਨਣ ਵਾਲੇ ਦੈਵੀ-ਸੰਵੇਦਨ ਸ਼ਾਸਤਰ ਦਾ ਵਿਰੋਧ ਕਰਦਾ ਹੋਇਆ ਹੁੰਦਲ ਕਵਿਤਾ ਦੇ ਮਨੁੱਖੀ ਅਤੇ ਸਮਾਜਕ ਚਰਿੱਤਰ ਵੱਲ ਧਿਆਨ ਦੁਆਉਂਦਾ ਹੈ। ਉਸ ਅਨੁਸਾਰ ਕਵਿਤਾ ਕਿਸੇ ਬਾਹਰਲੇ ਆਵੇਸ਼ ਜਾਂ ਅੰਦਰੂਨੀ ਪ੍ਰੇਰਨਾ ਨਾਲ ਹੀ ਨਹੀਂ ਲਿਖੀ ਜਾਂਦੀ, ਸਗੋਂ ਸਮਾਜਕ ਮੰਗਾਂ ਅਤੇ ਲੋੜਾਂ ਅਨੁਸਾਰ ਵੀ ਲਿਖੀ ਜਾ ਸਕਦੀ ਹੈ। ਪ੍ਰਤਿਭਾ ਦੇ ਨਾਲ-ਨਾਲ ਸ਼ਿਲਪ ਯੋਗਤਾ ਵੀ ਕਾਵਿ ਸਿਰਜਣਾ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਖ਼ੁਦ ਉਸ ਨੇ 'ਮਈ ਦਿਵਸ', 'ਲੈਨਿਨ', 'ਅਕਤੂਬਰ ਇਨਕਲਾਬ', 'ਸੋਗ-ਗੀਤ' ਅਤੇ 'ਸ਼ਬਦ ਕਤਲ ਨਹੀਂ ਹੁੰਦੇ'



ਵਰਗੀਆਂ ਕਵਿਤਾਵਾਂ ਸਮਾਜਕ ਮੌਕਿਆਂ ਦੇ ਨਿਭਾਅ ਲਈ ਲਿਖੀਆਂ ਹਨ। ਉਹ ਇਕਬਾਲ ਕਰਦਾ ਹੈ ਕਿ 'ਮੈਂ ਜਮਾਂਦਰੂ ਤੌਰ ਤੇ ਕਿਸੇ ਅਦਭੁੱਤ ਪ੍ਰਤਿਭਾ ਦਾ ਮਾਲਕ ਲੇਖਕ ਨਹੀਂ। ਮਿਹਨਤ ਨਾਲ, ਲਗਨ ਨਾਲ ਤੇ ਨਿਰੰਤਰ ਸਿਰੜ ਨਾਲ ਮੈਂ ਥੋੜ੍ਹੀ ਬਹੁਤ ਸਫ਼ਲਤਾ ਪ੍ਰਾਪਤ ਕੀਤੀ ਹੈ।' (ਪੰਨਾ 23) ਇਹ ਵੀ ਸੱਚ ਹੈ ਕਿ 'ਸਾਰਥਕ ਸੰਸਾਰ ਦ੍ਰਿਸਟੀਕੋਣ ਤੋਂ ਬਿਨਾਂ ਜਮਾਂਦਰੂ ਪ੍ਰਤਿਭਾ ਵੀ ਅਜਾਈਂ ਚਲੀ ਜਾਂਦੀ ਹੈ।' (ਪੰਨਾ 37)

ਸਥੂਲ ਕਲਾਵਾਂ ਦੇ ਮੁਕਾਬਲੇ ਕਵਿਤਾ ਵਧੇਰੇ ਜਟਿਲ ਕਲਾ ਹੈ। ਅਤਿ ਸੂਖਮ ਕਲਾ ਹੋਣ ਕਰਕੇ ਕਵਿਤਾ ਵਧੇਰੇ ਤਰਲ, ਗੁੰਝਲਦਾਰ ਅਤੇ ਰਹੱਸਮਈ ਵਰਤਾਰਾ ਹੈ। ਗੂੰਗੇ ਵੱਲੋਂ ਗੁੜ ਦਾ ਸੁਆਦ ਦੱਸਣ ਵਾਂਗ ਕਲਾਧਾਰੀਆਂ ਵੱਲੋਂ ਕਵਿਤਾ ਦੀਆਂ ਅਨੇਕਾਂ ਵਿਆਖਿਆਵਾਂ ਹੋਈਆਂ ਹਨ। ਕਾਵਿ ਦੀ ਸਿਰਜਣ-ਪ੍ਰਕਿਰਿਆ ਦੇ ਛਿਣਾਂ ਨੂੰ ਕਿਸੇ ਨੇ ਦੈਵੀ ਆਵੇਸ਼ ਕਿਹਾ ਹੈ, ਕਿਸੇ ਨੇ ਸੁਲੱਖਣੀ ਘੜੀ, ਕਿਸੇ ਨੇ ਮੂੰਹ-ਜ਼ੋਰ ਵੇਗ ਅਤੇ ਕਿਸੇ ਨੇ ਅੰਗਿਆਰਿਆਂ ਤੇ ਤੁਰਨ ਵਰਗਾ ਅਨੁਭਵ। ਕਵਿਤਾ ਦੀ ਆਤਮਾ ਅਤੇ ਸਿਰਜਣ-ਪ੍ਰਕਿਰਿਆ ਬਾਰੇ ਕੁਝ ਵੀ ਅੰਤਿਮ ਅਤੇ ਦੋ-ਟੁੱਕ ਨਹੀਂ ਕਿਹਾ ਜਾ ਸਕਦਾ। ਹੁੰਦਲ ਦਾ ਇਹ ਕਹਿਣਾ ਸਹੀ ਹੈ, 'ਰਚਨਾ-ਕਿਰਿਆ ਬੜੀ ਅਜੀਬ ਤੇ ਵਿਚਿੱਤਰ ਕਿਰਿਆ ਹੈ। ਇਹ ਹੈ ਹੀ ਬੜੀ ਰਹੱਸਪੂਰਨ। ਤੇ ਹਰ ਰਚਨਾ ਦਾ ਪ੍ਰੇਰਨਾ-ਸ੍ਰੋਤ ਇਕੋ ਜਿਹਾ ਨਹੀਂ ਹੁੰਦਾ। ਕਿਸੇ ਇੱਕ ਕਲਾਕਾਰ ਦੀਆਂ ਵੱਖ-ਵੱਖ ਰਚਨਾਵਾਂ ਦੀ ਸਿਰਜਣ-ਕਿਰਿਆ ਵੱਖ ਤੇ ਇੱਕ ਦੂਜੀ ਰਚਨਾ ਦੇ ਬਿਲਕੁਲ ਵਿਪਰੀਤ ਵੀ ਹੋ ਸਕਦੀ ਹੈ।' (ਪੰਨਾ 25) ਸਿਰਜਣਾ ਦਾ ਅਮਲ ਰਚਨਾਤਮਕ ਵਰਤਾਰਾ ਹੈ ਇਹ ਰੇਲਵੇ ਦੇ ਟਾਈਮ-ਟੇਬਲ ਵਰਗਾ ਮਕਾਨਕੀ ਅਨੁਸ਼ਾਸ਼ਨ ਨਹੀਂ। ਸਮੇਂ ਅਤੇ ਯੋਜਨਾਬੰਦੀ ਨਾਲ ਮਿਥ ਕੇ ਕਲਾ ਰਚਨਾ ਨਹੀਂ ਹੋ ਸਕਦੀ। ਕਵਿਤਾ ਦਾ ਫੁਰਨਾ ਕਿਸੇ ਵੀ ਸਮੇਂ ਕਿਸੇ ਵੀ ਸਥਿਤੀ ਵਿੱਚ ਫੁਰ ਸਕਦਾ ਹੈ। ਇਸ ਦਾ ਨਾਂ ਸਮਾਂ ਨਿਸ਼ਚਿਤ ਕੀਤਾ ਜਾ ਸਕਦਾ ਹੈ, ਨਾ ਸਥਾਨ। ਹੁੰਦਲ ਵਿਸ਼ੇਸ਼ ਸਮੇਂ, ਰੁਮਾਂਟਿਕ ਵਾਤਾਵਰਣ, ਵਿਸ਼ੇਸ਼ ਮਨੋਸਥਿਤੀ ਅਤੇ ਵਧੀਆ ਪੈਨ, ਕਾਗਜ਼ ਆਦਿ ਲਿਖਣ ਸਮੱਗਰੀ ਦੀ ਬੁਰਜੂਆ ਧਾਰਨਾ ਨੂੰ ਰੱਦ ਕਰਦਾ ਹੈ। ਉਸਨੇ ਸਾਈਕਲ ਤੇ ਬੱਸ ਦੇ ਸਫ਼ਰ ਦੌਰਾਨ ਵੀ ਕਵਿਤਾਵਾਂ ਲਿਖੀਆਂ ਹਨ ਤੇ ਹੋਰ ਕੰਮਾਂ 'ਚ ਰੁਝਿਆਂ ਵੀ ਕਵਿਤਾ ਦੇ ਫੁਰਨੇ ਨੂੰ ਮਹਿਸੂਸ ਕੀਤਾ ਹੈ। ਭਾਵੇਂ ਉਸ ਦੇ ਪੜ੍ਹਨ-ਲਿਖਣ ਦਾ ਸਮਾਂ ਅੰਮ੍ਰਿਤ ਵੇਲਾ ਹੈ, ਪਰ ਉਸਦੀ ਹਰ ਕਵਿਤਾ ਉੱਪਰ ਇਹ ਗੱਲ ਮਕਾਨਕੀ ਢੰਗ ਨਾਲ ਲਾਗੂ ਨਹੀਂ ਹੁੰਦੀ। 'ਵਧੀਆ ਪੈਨ, ਪਿਨਸਲਾਂ, ਕਾਗਜ਼ ਉਸਦਾ ਸ਼ੌਕ ਹੈ', ਪਰ ਇਹ ਕਵਿਤਾ ਦੀ ਰਚਨਾ ਦੀ ਸ਼ਰਤ ਨਹੀਂ। ਉਸ ਨੇ ਸਫ਼ਰ ਦੌਰਾਨ ਟਿਕਟਾਂ, ਰਸੀਦਾਂ ਤੇ ਹੋਰ ਕਾਗਜ਼ੀ ਟੁਕੜਿਆਂ ਉੱਪਰ ਵੀ ਕਵਿਤਾਵਾਂ ਉਕਰੀਆਂ ਹਨ। ਉਸ ਦਾ ਆਪਣਾ ਅਨੁਭਵ ਇਹ ਹੈ ਕਿ ਕਈ ਰਚਨਾਵਾਂ ਤਿੱਖੀ ਉਤੇਜਨਾ ਤੇ ਪ੍ਰੇਰਨਾ ਦੇ ਛਿਣਾਂ ਵਿੱਚ ਤੱਤੋ-ਘਾਹ ਲਿਖੀਆਂ ਜਾਂਦੀਆਂ ਹਨ ਅਤੇ ਕਈ ਵਾਰ ਕੋਈ ਖਿਆਲ ਆਉਂਦਾ ਹੈ, ਕੁਝ ਸਤਰਾਂ ਜਾਂ ਸ਼ਿਅਰ ਸੁੱਝਦੇ ਹਨ, ਪਰ ਕਵਿਤਾ ਅੱਗੇ ਨਹੀਂ ਤੁਰਦੀ। ਕਈ ਕਵਿਤਾਵਾਂ ਇੰਜ ਆਉਂਦੀਆਂ ਹਨ "ਜਿਵੇਂ ਕੋਈ ਫੁੱਲ ਖਿੜਦਾ ਹੈ, ਜਿਵੇਂ ਰਾਤੋ-ਰਾਤ ਖੁੰਭਾਂ ਧਰਤੀ 'ਚੋਂ ਫੁੱਟ ਨਿਕਲਦੀਆਂ ਹਨ।" (ਪੰਨਾ) "ਪਰ ਕਈ ਵਾਰ ਗਲ ਤੁਰਦੀ ਨਹੀਂ। ਹਿਸਾਬ ਦੇ ਅੜ ਗਏ ਸੁਆਲ ਵਰਗੀ ਹਾਲਤ ਹੁੰਦੀ ਹੈ।" (ਪੰਨਾ 38) ਹੁੰਦਲ ਅਨੁਸਾਰ ਰਚਨਾਤਮਕ ਅਮਲ ਦੇ ਤਿੰਨ ਪੜਾਅ ਹਨ। ਪਹਿਲਾ ਪੜਾਅ ਅੱਚਵੀ ਅਤੇ ਬੇਚੈਨੀ ਦਾ ਹੈ, ਜਦੋਂ ਕੋਈ ਖਿਆਲ ਸੁੱਝਦਾ ਹੈ ਤਾਂ ਅਹਿਸਾਸਾਂ ਵਿੱਚ ਕੋਈ ਚੀਜ਼ ਉਸਲਵੱਟੇ ਲੈਂਦੀ ਹੈ। ਦੂਜਾ ਪੜਾਅ ਬਾਹਰਲੇ ਸੰਸਾਰ ਤੋਂ ਟੁੱਟ ਕੇ ਇਕਾਗਰਤਾ ਨਾਲ ਸਿਰਜਣਾ ਦੇ ਅਮਲ ਵਿੱਚ ਪੈਣ ਦਾ ਹੈ। ਤੀਜਾ ਪੜਾਅ ਰਚਨਾ ਦੇ ਸੰਪੂਰਨ ਹੋਣ ਤੋਂ ਬਾਅਦ ਦੇ ਸਰੂਰ ਦਾ ਹੈ। ਇਹ ਅਵਸਥਾ ਨਸ਼ੇ ਵਰਗੀ ਹੈ, ਸੰਤੁਸ਼ਟੀ ਦਾ ਪੜਾਅ। ਪਰ ਸੰਤੁਸ਼ਟੀ ਦਾ ਇਹ ਪੜਾਅ ਸਦਾ ਨਹੀਂ ਰਹਿੰਦਾ। ਕੁਝ ਦੇਰ ਬਾਅਦ 'ਅਲੌਕਿਕ ਵਿਸਮਾਦ ਦੀ ਅਵਸਥਾ' ਮਨ ਤੋਂ ਉੱਤਰ ਜਾਂਦੀ ਹੈ, ਲਿਖੀ ਹੋਈ ਰਚਨਾ ਪੁਰਾਣੀ ਲੱਗਣ ਲੱਗ ਜਾਂਦੀ ਹੈ। ਲਗਾਤਾਰ ਅਸੰਤੁਸ਼ਟੀ ਹੀ ਲੇਖਕ ਨੂੰ ਨਵ-ਸਿਰਜਣਾ ਲਈ ਪ੍ਰੇਰਦੀ ਹੈ। ਰਚਨਾਤਮਕ ਛਿਣਾਂ ਦੀ ਆਵੇਸ਼ਮਈ ਸਥਿਤੀ ਬਾਰੇ ਹੁੰਦਲ ਦਾ ਕਥਨ ਧਿਆਨਯੋਗ ਹੈ :-

ਖਿਆਲ ਸੁੱਝਣ ਵੇਲੇ ਜੋ ਕੁਝ ਵੀ ਕੋਲ ਹੋਵੇ, ਕਾਗਜ਼ ਚਿੱਠੀ ਦਾ ਟੁਕੜਾ, ਜਾਂ ਕੋਈ ਪੁਸਤਕ,

ਰਸੀਦ ਜਾਂ ਕੋਈ ਵੀ ਚਿੱਟਾ ਕਾਗਜ਼, ਤਾਂ ਉਸ ਉੱਤੇ ਖਿਆਲ ਨੂੰ ਅੰਕਿਤ ਕਰਨ ਦੀ ਕਾਹਲੀ ਹੁੰਦੀ ਹੈ। ਜੇ ਕੋਲ ਕਲਮ ਨਾ ਹੋਵੇ ਜਾਂ ਕਾਗਜ਼ ਨਾ ਮਿਲੇ ਤਾਂ ਮਨ ਦੁਖੀ ਹੁੰਦਾ ਹੈ। ਇਹ ਘੜੀ, ਇਹ ਛਿਣ ਫੇਰ ਨਹੀਂ ਮਿਲਣਾ। ਇਹ ਬਿਜਲੀ ਦੀ ਰੌਸ਼ਨੀ, ਇਹ ਬੱਦਲ ਵਰਗੀ ਗਰਜ ਫਿਰ ਨਹੀਂ ਵੇਖੀ ਸੁਣੀ ਜਾਣੀ।... ਫੇਰ ਭਾਵੇਂ ਬੱਸ ਦਾ ਸਫ਼ਰ ਹੋਵੇ ਜਾਂ ਗੱਡੀ ਦਾ, ਬੰਦਾ ਲਿਖਣ ਦੇ ਕੰਮ ਵਿੱਚ ਜੁਟ ਜਾਂਦਾ ਹੈ। ਫਿਰ ਲਾਗਲੇ ਬੰਦਿਆਂ ਦੀ ਹੋਂਦ ਭੁੱਲ ਜਾਂਦਾ ਹੈ। ਕਦੇ-ਕ਼ਦੇ ਰਚਨਾ ਪ੍ਰਵਾਹ ਨਿਰਵਿਘਨ ਚੱਲੀ ਜਾਂਦਾ ਹੈ, ਸਾਰੀ ਗੱਲ ਦਿਮਾਗ਼ ਵਿੱਚ ਸਪਸ਼ਟ ਹੁੰਦੀ ਹੈ। ਕਿਤੇ ਅਟਕਾ ਨਹੀਂ ਪੈਂਦਾ। ਕੰਮ ਮੁਕਾ ਕੇ ਡਾਢੀ ਤਸੱਲੀ ਹੁੰਦੀ ਹੈ। ਇਕ ਅਥਾਹ ਖੁਸ਼ੀ।... ਇੱਕ ਖੁਮਾਰ ਦੀ ਅਵਸ਼ਥਾ। ਇੱਕ ਨੀਮ ਜਾਂ ਹਲਕੇ ਨਸ਼ੇ ਦੀ ਸਥਿਤੀ। ਆਮ ਆਦਮੀ ਨਾਲੋਂ ਉੱਚਾ ਉੱਠਣ ਦੀ ਹਾਲਤ। (ਪੰਨਾ 38)

ਹੁੰਦਲ ਦਾ ਜਨਮ ਇੱਕ ਰਾਜਨੀਤਕ ਪਿਛੋਕੜ ਵਾਲੇ ਪਰਿਵਾਰ ਵਿੱਚ ਹੋਇਆ। ਉਸ ਦੇ ਵਡੇਰੇ (ਪਿਤਾ ਦੇ ਦੋ ਭਰਾ) ਨਨਕਾਣਾ ਸਾਹਿਬ ਦੇ ਸਾਕੇ ਤੇ ਜੈਤੋ ਦੇ ਮੋਰਚੇ ਵਿੱਚ ਸ਼ਹੀਦ ਹੋਏ। ਉਸਦੇ ਪਿਤਾ ਜੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ। ਹੁੰਦਲ ਉੱਪਰ ਬਚਪਨ ਵਿੱਚ ਅਕਾਲੀ ਲਹਿਰ ਦਾ ਪ੍ਰਭਾਵ ਪਿਆ। ਕਾਲਜ ਦੇ ਦਿਨਾਂ ਵਿੱਚ ਉਹ ਕਮਿਊਨਿਸਟ ਲਹਿਰ ਵੱਲ ਖਿੱਚਿਆ ਗਿਆ। ਪ੍ਰਗਤੀਵਾਦੀ ਸਾਹਿਤਕ ਲਹਿਰ, ਅਮਨ ਲਹਿਰ, ਕਮਿਊਨਿਸਟ ਪਾਰਟੀ ਵਿੱਚ ਸਰਗਰਮ ਭਾਗੀਦਾਰੀ ਅਤੇ ਮੁਲਾਜ਼ਮ ਤੇ ਸਾਹਿਤਕ ਜਥੇਬੰਦੀਆਂ ਵਿੱਚ ਸਰਗਰਮੀ ਕਾਰਨ ਰਾਜਨੀਤੀ ਨਾਲ ਉਸਦਾ ਗਹਿਰਾ ਸੰਬੰਧ ਰਿਹਾ ਹੈ। ਇਸੇ ਲਈ ਉਹ ਸਾਹਿਤ ਅਤੇ ਰਾਜਨੀਤੀ ਦੇ ਗਹਿਰੇ ਸੰਬੰਧਾਂ ਦੀ ਵਕਾਲਤ ਕਰਦਾ ਹੈ, ਪਰ ਉਹ ਇਸ ਗਲੋਂ ਸਪੱਸ਼ਟ ਹੈ ਕਿ ਸਾਹਿਤ ਰਾਜਨੀਤਕ ਘਟਨਾਵਾਂ ਦਾ ਮਕਾਨਕੀ ਰੂਪਾਂਤਰਣ ਨਹੀਂ ਹੁੰਦਾ। ਸਾਹਿਤ ਦਾ ਆਪਣਾ ਵਿਲੱਖਣ ਸੁਹਜਾਤਮਕ ਵਿਧਾਨ ਹੈ। ਉਸਦੇ ਆਪਣੇ ਸ਼ਬਦਾਂ ਵਿੱਚ, "ਰਾਜਨੀਤਕ ਘਟਨਾਵਾਂ ਅਤੇ ਫੈਸਲਿਆਂ ਦਾ ਸਾਡੇ ਜੀਵਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਪਰ ਕਵਿਤਾ ਵਿੱਚ ਰਾਜਨੀਤਕ ਘਟਨਾਵਾਂ ਦਾ ਹੂ-ਬਹੂ ਯਾਂਤ੍ਰਿਕ ਰੂਪਾਂਤਰਣ ਨਹੀਂ ਹੁੰਦਾ। ਰਾਜਨੀਤਕ ਸੂਝ ਕਵੀ ਨੂੰ ਆਪਣਾ ਆਲਾ-ਦੁਆਲੇ ਨੂੰ ਠੀਕ ਭਾਂਤ ਸਮਝਣ ਵਿੱਚ ਸਹਾਈ ਹੁੰਦੀ ਹੈ।... ਕਵੀ ਨੇ ਸਾਹਿਤਕ ਅਥਵਾ ਕਲਾਤਮਕ ਬਿੰਬ ਦੀ ਸਿਰਜਣਾ ਕਰਕੇ ਆਪਣੀ ਰਾਜਨੀਤੀ ਉਸ ਰਾਹੀਂ ਪ੍ਰਗਟ ਕਰਨੀ ਹੈ।... ਸਪਾਟ ਬਿਆਨੀ, ਨੰਗਾ ਪ੍ਰਚਾਰ ਤੇ ਘਟਨਾਵਾਂ ਦਾ ਯਾਂਤਰਿਕ ਉਤਾਰਾ ਚੰਗੇ ਸਾਹਿਤ ਦੇ ਲੱਛਣ ਨਹੀਂ। ਸਾਹਿਤਕ ਬਿੰਬ ਦੀ ਸਿਰਜਣਾ ਵਿੱਚ ਲੇਖਕ ਦੀ ਪ੍ਰਤਿਭਾ, ਉਸ ਦੀ ਕਲਪਣਾ, ਉਸ ਦੇ ਡੂੰਘੇ ਅਨੁਭਵ ਦਾ ਵੱਡਾ ਹੱਥ ਹੁੰਦਾ ਹੈ। (ਪੰਨਾ 14) ਹੁੰਦਲ ਅਨੁਸਾਰ ਸਾਹਿਤ ਵਿੱਚ 'ਰੂਪ' ਅਤੇ 'ਵਸਤੂ' ਦੋਹਾਂ ਦਾ ਆਪਣਾ ਮਹੱਤਵ ਹੈ। ਪ੍ਰਯੋਗਵਾਦੀ ਲਹਿਰ ਦੇ ਲੁਕਵੇਂ ਵਿਚਾਰਧਾਰਕ ਏਜੰਡੇ ਦਾ ਵਿਰੋਧੀ ਹੋਣ ਦੇ ਬਾਵਜੂਦ ਹੁੰਦਲ ਨੇ ਆਪਣੀ ਕਾਵਿ-ਰਚਨਾ ਵਿੱਚ ਸਾਰਥਕ ਕਲਾਤਮਕ ਪ੍ਰਯੋਗ ਕੀਤੇ ਹਨ। ਐਮਰਜੈਂਸੀ ਅਤੇ ਅਤਿਵਾਦ ਦੇ ਡਰ ਕਾਰਨ ਉਸ ਨੇ ਸੂਖਮ ਪ੍ਰਤੀਕਾਤਮਕ ਤੇ ਵਿਅੰਗਮਈ ਕਵਿਤਾਵਾਂ ਲਿਖੀਆਂ ਹਨ। ਲੋਕ-ਪੱਖੀ ਕਵੀ ਹੋਣ ਕਰਕੇ ਉਸ ਨੇ ਲੋਕ-ਕਾਵਿ ਪਰੰਪਰਾ ਦੇ ਨੇੜੇ ਰਹਿਣ ਦਾ ਯਤਨ ਕੀਤਾ ਹੈ। ਉਸਨੇ ਲੋਕ ਸਿਮਰਤੀ ਦਾ ਅੰਗ ਬਣ ਚੁਕੇ ਨਾਇਕਾਂ, ਮਿੱਥਾਂ, ਲੋਕ-ਕਾਵਿ-ਰੂਪਾਂ, ਛੰਦਾਂ, ਧੁਨਾਂ ਅਤੇ ਮੁਹਾਵਰੇ ਨੂੰ ਆਪਣੀ ਕਵਿਤਾ ਦੇ ਪ੍ਰੇਰਨਾ ਸਰੋਤ ਵਜੋਂ ਵਰਤਿਆ ਹੈ। ਕਵਿਤਾ ਦੀ ਪ੍ਰਕਿਰਤੀ, ਪ੍ਰੇਰਨਾ-ਸਰੋਤਾਂ ਅਤੇ ਸਿਰਜਣ-ਪ੍ਰਕਿਰਿਆ ਦੀ ਵਿਆਖਿਆ ਉਹ ਸਨਾਤਨੀ ਸ਼ਾਸਤਰਵਾਦੀ ਦ੍ਰਿਸ਼ਟੀ ਤੋਂ ਨਹੀਂ ਕਰਦਾ, ਸਗੋਂ ਕਵਿਤਾ ਦੇ ਲੌਕਿਕ ਸਰੂਪ, ਸਮਾਜਕ ਸਰੋਤਾਂ ਅਤੇ ਸਿਰਜਣੇਈ ਅਮਲ 'ਚ ਮਨੁੱਖੀ ਮਨ ਦੀ ਚੇਤ/ਅਚੇਤ ਭਾਗੀਦਾਰੀ ਦੇ ਨੁਕਤੇ ਤੋਂ ਕਰਦਾ ਹੈ। ਉਹ ਸੁਚੇਤ ਤੌਰ ਤੇ ਕਵਿਤਾ ਨੂੰ ਸਮਾਜਕ ਲੋੜਾਂ, ਮਨੁੱਖੀ ਕਿਰਤ ਅਤੇ ਉਪਯੋਗੀ ਅਮਲ ਨਾਲ ਜੋੜਦਾ ਹੈ। ਉਸ ਅਨੁਸਾਰ ਭਾਵੇਂ ਸੀਮਤ ਹੀ ਸਹੀ, ਪਰ ਕਵਿਤਾ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ :-

ਕਵਿਤਾ ਵੀ ਕੁਝ ਤਾਂ ਕਰਦੀ ਹੈ, ਠਰੇ ਹੱਥਾਂ ਤੇ ਨਿੱਘ ਧਰਦੀ ਹੈ।

ਕਾਵਿ ਸਿਰਜਣਾ ਦੇ ਮਨੁੱਖੀ ਚਰਿੱਤਰ ਤੇ ਸੋਮਿਆਂ ਵੱਲ ਇਸ਼ਾਰਾ ਕਰਕੇ ਹੁੰਦਲ ਸਨਾਤਨੀ ਅਤੇ ਰੁਮਾਂਟਿਕ ਕਾਵਿ-ਸ਼ਾਸਤਰ ਦੀਆਂ ਧਾਰਨਾਵਾਂ ਦਾ ਖੰਡਨ ਕਰਦਾ ਹੈ। ਕਵਿਤਾ ਨੂੰ ਸਮਾਜਕ ਉਪਯੋਗਤਾ



ਨਾਲ ਜੋੜ ਕੇ ਉਹ ਰੂਪਵਾਦੀ ਚਿੰਤਨ ਅੱਗੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ, ਜਿਹੜਾ ਕਵਿਤਾ ਨੂੰ ਸ਼ੁਧ ਸੁਹਜ-ਆਨੰਦ ਦੀ ਵਸਤੂ ਕਹਿ ਕੇ ਕਲਾ ਦੀ ਮਾਨਵਕਾਰੀ ਭੂਮਿਕਾ ਨੂੰ ਸੀਮਤ ਕਰਦਾ ਹੈ। ਹੁੰਦਲ ਨੇ ਆਪਣੀ ਇੱਕ ਗ਼ਜ਼ਲ ਵਿੱਚ ਰੂਪਵਾਦ ਦਾ ਸ਼ਿਕਾਰ ਆਪਣੇ ਸਮਕਾਲੀ ਉਸਤਾਦ ਗ਼ਜ਼ਲ-ਗੋਆਂ ਨੂੰ ਵੀ ਖਰੀਆਂ-ਖਰੀਆਂ ਸੁਣਾਈਆਂ ਹਨ ਅਤੇ ਪੁਸਤਕੀ-ਕਲਚਰ ਦੇ ਪਿੱਛਲੱਗੂ ਅਰੂਜ਼-ਪਾਲਕਾਂ ਨੂੰ ਫਿੱਟ-ਲਾਹਨਤ ਪਾਈ ਹੈ :

ਲੈ ਕੇ ਪੋਥੀਆਂ ਪੜ੍ਹਾਉਣ ਤੈਨੂੰ ਆਏ ਸੀ ਅਰੂਜ਼
ਕਿਝ ਮੋੜਿਆ ਖ਼ਲੀਫ਼ਿਆਂ ਨੂੰ ਦਸ ਤੂੰ ਬਰੰਗ?

ਕਿੰਨਾ ਫ਼ਿਕਰ ਗ਼ਜ਼ਲਗੋ ਕਰਦੇ, ਟਿੱਪੀ ਅਤੇ ਸਿਹਾਰੀ ਦਾ,
ਐਪਰ ਚੇਤਾ ਭੁੱਲ ਜਾਂਦੇ ਨੇ, ਦਿਲ ਤੇ ਚਲਦੀ ਆਰੀ ਦਾ।
ਲਫ਼ਜ਼ਾਂ ਦੀ ਲੰਬਾਈ ਮਿਣਦੇ, ਕੁੱਕੜ-ਖੋਹੀ ਕਰਦੇ ਨੇ
ਪਰ ਨਾ ਕੋਈ ਲੱਭਣ ਦਾਰੂ, ਵਤਨਾਂ ਦੀ ਬੀਮਾਰੀ ਦਾ।

**ਸਰਕਾਰੀ ਕਾਲਜ, ਸਿਰਸਾ, (ਹਰਿਆਣਾ)**

---

## ਪ੍ਰੀਚੇ

### ਪੁਰਵਸ਼ੀ (ਦੇਵ ਦਰਦ)

ਦੇਵ ਦਰਦ, ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ, ਇਸ ਦਹਾਕੇ ਵਿੱਚ ਉਤਰਿਆ ਨਵਾਂ ਨਾਂ ਹੈ, ਜਿਸ ਨੇ ਗ਼ਜ਼ਲ, ਤੇ ਸਿਰਫ਼ ਗ਼ਜ਼ਲ ਨੂੰ ਹੀ ਆਪਣੇ ਆਤਮ ਪ੍ਰਗਟਾਵੇ ਲਈ ਚੁਣ ਕੇ, ਇਸ ਸਿਨਫ ਪ੍ਰਤੀ ਸੰਪੂਰਣ ਪ੍ਰਤੀਬੱਧਤਾ ਦਾ ਪ੍ਰਮਾਣ ਦਿੱਤਾ ਹੈ। ਉਸ ਨੇ ਗ਼ਜ਼ਲ-ਸ਼ਾਸਤਰ ਦੀਆਂ ਬਾਰੀਕੀਆਂ ਤਕਨੀਕੀ ਬੰਦਸ਼ਾਂ ਅਤੇ ਸਿਧਾਂਤਾਂ ਨੂੰ ਯੋਗ ਅਭਿਆਸ ਰਾਹੀਂ ਆਪਣੇ ਕਾਵਿ-ਜਗਤ ਦਾ ਭਾਗ ਬਣਾ ਲਿਆ ਹੈ। ਨਾਲ ਦੇ ਨਾਲ ਉਸ ਨੇ ਅਜੋਕੇ ਜੀਵਨ ਦੀਆਂ ਜਟਿਲਤਾਵਾਂ, ਸਮੱਸਿਆਵਾਂ, ਦੁਸ਼ਵਾਰੀਆਂ ਅਤੇ ਵਿਰੋਧਤਾਈਆਂ ਨੂੰ ਭਲੀ-ਭਾਂਤ ਸਮਝਣ ਅਤੇ ਲੋਕ-ਮੁੱਖੀ ਦ੍ਰਿਸ਼ਟੀਕੋਣ ਤੋਂ ਪ੍ਰਗਟ ਕਰਨ ਲਈ ਜਨ-ਸਾਧਾਰਨ ਦੀਆਂ ਔਕੜਾਂ ਨੂੰ ਸਮਝਣ ਦੀ ਕਾਵਿਕ-ਯੋਗਤਾ ਦਾ ਪ੍ਰਮਾਣ ਦਿੱਤਾ ਹੈ। ਇੰਝ ਅਜੋਕੇ ਵਿਸਵਾਸ਼ਹੀਣਤਾ ਤੇ ਆਪਾ-ਧਾਪੀ ਦੇ ਦੌਰ ਵਿੱਚ ਉਹ ਮਨੁੱਖ ਦੀ ਸੰਘਰਸ਼ ਕਰਨ ਦੀ ਸਮਰੱਥਾ ਤੇ ਭਰੋਸਾ ਰੱਖ ਕੇ ਤੁਰਿਆ ਹੈ। ਉਹ ਜਨਵਾਦੀ ਸ਼ੁਕਤੀਆਂ, ਧਿਰਾਂ ਤੇ ਵਿਅਕਤੀਆਂ ਨਾਲ ਆਪਣੇ ਰਿਸ਼ਤੇ ਨੂੰ ਡੂੰਘਾ ਤੇ ਪਕੇਰਾ ਕਰਦਾ ਹੋਇਆ ਆਸ਼ਾਵਾਦ ਦਾ ਸਨੇਹ ਦੇਣ ਦੇ ਮਾਰਗ ਦੀ ਤਲਾਸ਼ ਵੱਲ ਪੱਕੇ ਪੈਰੀਂ ਤੁਰ ਪਿਆ ਹੈ। ਪੁਰਵਸ਼ੀ ਉਸ ਦਾ ਤਾਜ਼ਾ ਦੀਵਾਨ ਹੈ, ਜਿਹੜਾ ਨਵੀਂ ਨਰੋਈ, ਆਸ਼ਾਵਾਨ ਸ਼ਾਇਰੀ ਦੇ ਨਮੂਨੇ ਪੇਸ਼ ਕਰਦਾ ਹੈ। ਅਸੀਂ ਉਸ ਦੇ ਉੱਜਲੇ ਭਵਿੱਖ ਦੀ ਕਾਮਨਾ ਕਰਦੇ, ਉਸ ਨੂੰ ਜਨਵਾਦੀ ਸ਼ਾਇਰਾਂ ਨਾਲ ਆਪਣੇ ਸੰਪਰਕ ਜੋੜਨ ਤੇ ਵਧਾਈ ਦਿੰਦੇ ਹਾਂ, ਕਿਉਂਕਿ ਜਨ-ਸਾਧਾਰਨ ਦੇ ਦੁਖਾਂ, ਤਕਲੀਫਾਂ, ਹਾਰਾਂ-ਜਿੱਤਾਂ, ਮਾਯੂਸੀਆਂ ਨਾਲ ਆਪਣਾ ਰਿਸ਼ਤਾ ਪਕੇਰਾ ਕਰਕੇ ਹੀ ਚਿਰਜੀਵੀ ਸ਼ਾਇਰੀ ਦੀ ਸਿਰਜਣਾ ਸੰਭਵ ਹੈ।

**ਡਾ. ਹਰਪ੍ਰੀਤ ਸਿੰਘ ਹੁੰਦਲ**

## ਇੱਕ ਰਾਤ ਦੀ ਨਜ਼ਰਬੰਦੀ/ਪਾਬਲੋ ਨੇਰੂਦਾ

ਇਸ ਸਮੇਂ ਦੇ ਅੰਤ ਤੇ ਮੈਨੂੰ ਅਮਨ-ਕਾਂਗਰਸ ਲਈ ਸੱਦਿਆ ਗਿਆ ਸੀ, ਜਿਹੜੀ ਕਿ ਲੰਕਾ ਦੇ ਟਾਪੂ ਤੇ ਕੋਲੰਬੂ ਵਿੱਚ ਹੋਣੀ ਸੀ। ਇਥੇ ਮੈਂ ਕਈ ਸਾਲ ਪਹਿਲਾਂ ਰਹਿ ਚੁੱਕਾ ਸੀ। ਇਹ ਅਪ੍ਰੈਲ 1957 ਦਾ ਸਮਾਂ ਸੀ। ਗੁਪਤਚਰ ਪੁਲਿਸ ਨਾਲ ਟੱਕਰ ਭਾਵੇਂ ਖਤਰਨਾਕ ਵਿਖਾਈ ਨਾ ਵੀ ਦੇਵੇ, ਪਰ ਜੇ ਉਹ ਗੁਪਤ-ਪੁਲਿਸ 'ਅਰਜਨਟਾਈਨਾ' ਦੀ ਹੋਵੇ ਤਾਂ ਗੱਲ ਵੱਖਰੀ ਹੈ-ਕਿਸੇ ਮਖੌਲ ਨਾਲ ਨਹੀਂ, ਸਗੋਂ ਨਾ-ਕਿਆਸੇ ਜਾ ਸਕਣ ਵਾਲੇ ਸਿੱਟਿਆਂ ਕਾਰਨ। ਇਸ ਖਾਸ ਰਾਤ, ਦਿੱਲੀ ਤੋਂ ਚੱਲ ਕੇ ਤੇ ਦੂਰ ਦੇਸ਼ਾਂ ਦੇ ਰਾਹ ਪੈ, ਮੈਂ ਬਿਸਤਰੇ ਵਿੱਚ ਥੱਕ ਟੁੱਟ ਕੇ ਜਾ ਡਿੱਗਾ। ਮੈਂ ਹਾਲੀ ਉਂਘਲਾ ਹੀ ਰਿਹਾ ਸੀ, ਜਦੋਂ ਕਈ ਪੁਲਿਸ ਵਾਲੇ ਮੇਰੇ ਕਮਰੇ ਵਿੱਚ ਭੱਜੇ ਆਏ। ਉਹਨਾਂ ਸਭ ਥਾਂ ਦੀ ਤਲਾਸ਼ੀ ਲਈ, ਕਿਤਾਬਾਂ ਤੇ ਰਿਸਾਲੇ ਚੁੱਕ ਕੇ ਵੇਖੇ, ਕਮਰਿਆਂ ਦੀ ਫੋਲਾ-ਫਾਲੀ ਕੀਤੀ ਤੇ ਤਲਾਸ਼ੀ ਸਮੇਂ ਹੇਠਲੇ ਕੱਪੜੇ ਵੀ ਵੇਖੇ। ਉਹ ਪਹਿਲਾਂ ਹੀ ਅਰਜਨਟਾਈਨਾ ਦੇ ਉਸ ਮੈਂਬਰ ਨੂੰ ਫੜ ਕੇ ਲੈ ਗਏ ਸਨ, ਜਿਸ ਦੇ ਕਿ ਮੈਂ ਘਰ ਵਿੱਚ ਠਹਿਰਿਆ ਹੋਇਆ ਸੀ, ਜਦੋਂ ਉਹਨਾਂ ਮਕਾਨ ਦੇ ਪਿਛਲੇ ਪਾਸੇ ਕਮਰੇ ਵਿੱਚ ਮੈਨੂੰ ਲੱਭ ਲਿਆ।

"ਇਹ ਆਦਮੀ ਕੌਣ ਹੈ?" ਉਹਨਾਂ ਪੁੱਛਿਆ।

"ਮੇਰਾ ਨਾਂ ਪਾਬਲੋ ਨੇਰੂਦਾ ਹੈ" ਮੈਂ ਕਿਹਾ

"ਕੀ ਉਹ ਬੀਮਾਰ ਹੈ?" ਉਹਨਾਂ ਮੇਰੀ ਪਤਨੀ ਨੂੰ ਪ੍ਰਸ਼ਨ ਕੀਤਾ।

"ਹਾਂ, ਉਹ ਬੀਮਾਰ ਤੇ ਸਫ਼ਰ ਕਾਰਨ ਬਹੁਤ ਹੀ ਥੱਕਿਆ ਹੋਇਆ ਹੈ। ਅਸੀਂ ਏਥੇ ਅੱਜ ਹੀ ਪਹੁੰਚੇ ਹਾਂ ਤੇ ਕੱਲ੍ਹ ਯੂਰਪ ਨੂੰ ਉਡਾਰੀ ਮਾਰ ਰਹੇ ਹਾਂ।"

"ਠੀਕ ਹੈ, ਠੀਕ ਹੈ" ਉਹਨਾਂ ਕਿਹਾ ਤੇ ਕਮਰੇ ਤੋਂ ਬਾਹਰ ਚਲੇ ਗਏ।

ਇੱਕ ਘੰਟੇ ਬਾਅਦ ਉਹ ਐਂਬੂਲੈਂਸ ਲੈ ਕੇ ਵਾਪਸ ਆ ਗਏ। 'ਮਾਤਿਲਦੇ' ਨੇ ਰੋਸ ਕੀਤਾ, ਪਰ ਇਹਦਾ ਉਹਨਾਂ ਤੇ ਕੋਈ ਅਸਰ ਨਾ ਹੋਇਆ।

ਉਹਨਾਂ ਨੂੰ ਹੁਕਮ ਮਿਲੇ ਹੋਏ ਸਨ। ਉਨ੍ਹਾਂ ਮੈਨੂੰ ਫੜਨਾ ਹੀ ਸੀ, ਥੱਕਾ ਹੋਵਾਂ ਜਾਂ ਤਾਜ਼ਾ ਦਮ, ਤੰਦਰੁਸਤ ਜਾਂ ਬੀਮਾਰ, ਜੀਉਂਦਾ ਜਾਂ ਮੁਰਦਾ।

ਉਸ ਰਾਤ ਮੀਂਹ ਪੈ ਰਿਹਾ ਸੀ। 'ਬਿਊਨਸ ਏਅਰੀਸ' ਦੇ ਭਾਰੇ ਅੰਬਰਾਂ ਚੋਂ ਮੋਟੀਆਂ ਕਣੀਆਂ ਡਿੱਗ ਰਹੀਆਂ ਸਨ। ਮੈਂ ਗੱਲ ਨੂੰ ਸਮਝ ਨਾ ਕਿਆ। 'ਪੀਰੋਨ' ਨੂੰ ਪਹਿਲਾਂ ਹੀ ਲਾਹ ਦਿੱਤਾ ਗਿਆ ਸੀ। ਲੋਕ-ਰਾਜ ਦੇ ਨਾਂ ਤੇ 'ਜਰਨੈਲ ਆਰੰਬਰੂ' ਨੇ ਜ਼ਾਲਿਮ ਰਾਜ ਦਾ ਜੂਲਾ ਲਾਹ ਦਿੱਤਾ ਸੀ। ਫਿਰ ਵੀ, ਬਿਨਾਂ ਜਾਣੇ ਕਿ ਕਿਵੇਂ, ਕਦੋਂ, ਕਿੱਥੇ, ਇਸ ਜਾਂ ਉਸ ਕਾਰਨ ਕਿਸੇ ਕਾਰਨ ਜਾਂ ਹਰ ਵਜ੍ਹਾ ਕਾਰਨ, ਮੁਰਦਾ ਥੱਕਿਆ ਜਾਂ ਬੀਮਾਰ, ਮੇਰਾ ਰਾਹ ਜੇਲ੍ਹ ਨੂੰ ਜਾ ਰਿਹਾ ਸੀ। ਜਿਸ ਸਟਰੈਚਰ ਤੇ ਚਾਰ ਸਿਪਾਹੀ ਮੈਨੂੰ ਲਿਜਾ ਰਹੇ ਸੀ, ਉਹ ਬੜੀ ਗੁੰਝਲਦਾਰ ਸਮੱਸਿਆ ਬਣ ਗਿਆ, ਜਦੋਂ ਕਿ ਉਹ ਪੌੜੀਆਂ ਉੱਤਰਦੇ, ਲਿਫਟਾਂ ਰਾਹੀਂ ਹੁੰਦੇ ਹੇਠਾਂ ਜਾ ਰਹੇ ਸੀ। ਚਾਰੇ ਪਾਲਕੀ-ਵਾਲੇ ਕਸ਼ਟ ਝੱਲਦੇ, ਹਫੇ ਹੋਏ ਸੀ। ਉਹਨਾਂ ਦੀ ਮੁਸ਼ਕਲ ਨੂੰ ਹੋਰ ਵਧਾਉਣ ਲਈ, ਮਾਤਿਲਦੇ ਨੇ ਸ਼ਹਿਦ ਭਰੀ ਆਵਾਜ਼ ਵਿੱਚ ਦੱਸਿਆ ਕਿ ਮੇਰਾ ਵਜ਼ਨ 110 ਕਿਲੋ ਸੀ। ਤੇ ਇਸ ਤਰ੍ਹਾਂ ਲੱਗਦਾ ਵੀ ਸੀ। ਸਵੈਟਰ ਤੇ ਓਵਰਕੋਟ ਪਾਈ, ਸਿਰ ਤੇ ਕੰਬਲ ਓੜੀ ਢੇਰ ਵਾਂਗ ਫੁੱਲਿਆ, ਓਸੋਰਨੋ ਪਹਾੜ ਵਾਂਗ ਜਾਪਦਾ, ਮੈਂ ਸਟਰੈਚਰ ਤੇ ਲਿਜਾਇਆ ਜਾ ਰਿਹਾ ਸੀ, ਸਟਰੈਚਰ ਜਿਹੜਾ ਅਰਜਨਟਾਈਨਾ-ਲੋਕ-ਰਾਜ ਨੇ ਮੈਨੂੰ ਅਰਪਤ ਕੀਤਾ ਸੀ, ਮੈਂ ਕਲਪਨਾ ਕੀਤੀ ਤੇ ਇੰਝ ਮੇਰੀ ਪੱਥਰੀ ਦੀ ਤਕਲੀਫ ਕੁਝ ਘਟ ਗਈ, ਕਿ ਵਿਚਾਰੇ ਸ਼ੈਤਾਨ ਮੁੜ੍ਹਕੋ-ਮੁੜ੍ਹਕੀ ਹੋਏ, ਮੇਰੇ ਭਾਰ ਥੱਲੇ ਹਫਦੇ, ਜਰਨੈਲ ਆਰੰਬਰੂ ਆਪ ਸੀ, ਜਿਹੜਾ ਸਟਰੈਚਰ ਨੂੰ ਚੁੱਕੀ ਲਿਜਾ ਰਿਹਾ ਸੀ।

ਅਸੀਂ ਜੇਲ੍ਹ ਦੀ ਮਰਿਆਦਾ ਦੀ ਪਾਲਣਾ ਕਰ ਰਹੇ ਸੀ, ਮੇਰਾ ਨਾਂ ਲਿਖਿਆ ਗਿਆ ਤੇ ਮੇਰੀਆਂ



ਨਿੱਜੀ ਚੀਜ਼ਾਂ ਜ਼ਬਤ ਕਰ ਲਈਆਂ ਗਈਆਂ। ਮੇਰੇ ਕੋਲ ਉਹ ਮਜ਼ੇਦਾਰ ਜਾਸੂਸੀ ਕਿਤਾਬ ਵੀ ਨਾ ਰਹਿਣ ਦਿੱਤੀ ਗਈ, ਜਿਹੜੀ ਕਿ ਮੈਂ ਅਕਾਣ ਤੋਂ ਬਚਣ ਲਈ ਰੱਖੀ ਹੋਈ ਸੀ, ਪਰ ਮੈਂ ਬੋਰ ਨਾ ਹੋਇਆ। ਲੋਹੇ ਦੇ ਦਰਵਾਜ਼ੇ ਖੁੱਲ੍ਹਦੇ ਤੇ ਬੰਦ ਹੁੰਦੇ ਰਹੇ। ਸਟਰੈਚਰ ਵਿਹੜਿਆਂ ਵਿੱਚ ਦੀ ਹੁੰਦਾ ਹੋਇਆ, ਲੋਹੇ ਦੇ ਬੂਹਿਆਂ ਥਾਣੀਂ ਲੰਘਦਾ, ਅਗਾਂਹ ਹੀ ਅਗਾਂਹ ਤੁਰਦਾ ਗਿਆ ਤੇ ਮਗਰ ਜੰਦਰਿਆ ਤੇ ਬੂਹਿਆਂ ਦਾ ਖੜਾਕ ਛੱਡੀ ਗਿਆ। ਅਚਾਨਕ ਹੀ ਮੈਂ ਵੱਡੀ ਭੀੜ ਵਿੱਚ ਆ ਪੁੱਜਾ, ਰਾਤ ਦੇ ਹੋਰ ਕੈਦੀਆਂ ਵਿਚਕਾਰ, ਜਿਹੜੇ ਦੋ ਹਜ਼ਾਰ ਦੇ ਕਰੀਬ ਸੀ। ਮੇਰੀ ਕੈਦ-ਬਾਮੁਸ਼ੱਕਤ ਸੀ ਤੇ ਕਿਸੇ ਨੂੰ ਵੀ ਮੇਰੇ ਲਾਗੇ ਆਉਣ ਦੀ ਆਗਿਆ ਨਹੀਂ ਸੀ। ਫਿਰ ਵੀ ਕੰਬਲਾਂ ਦੇ ਹੇਠੋਂ ਦੀ ਹੱਥ ਮੇਰੇ ਨਾਲ ਹੱਥ ਮਿਲਾਉਣ ਲਈ ਪਹੁੰਚ ਗਏ ਤੇ ਇੱਕ ਸਿਪਾਹੀ ਨੇ ਆਪਣੀ ਬੰਦੂਕ ਪਾਸੇ ਰੱਖੀ ਤੇ ਮੇਰੇ ਆਟੋਗ੍ਰਾਫ ਲੈਣ ਲਈ ਇੱਕ ਵਰਕਾ ਅੱਗੇ ਕੀਤਾ।

ਅਖੀਰ ਉਹਨਾਂ ਨੇ ਉੱਪਰ, ਦੂਰ-ਦੁਰਾਡੀ ਕਾਲ ਕੋਠੜੀ ਵਿੱਚ ਲੈ ਆਂਦਾ, ਜਿਸ ਵਿੱਚ ਬੜੀ ਨਿੱਕੀ ਜਿਹੀ ਪਰ ਉੱਚੀ ਖਿੜਕੀ ਸੀ। ਮੈਂ ਆਰਾਮ ਕਰਨਾ ਤੇ ਕੁਝ ਸੌਣਾ ਚਾਹੁੰਦਾ ਸੀ। ਪਰ ਨੀਂਦ ਕਿਥੋਂ? ਦਿਨ ਚੜ੍ਹ ਗਿਆ ਸੀ ਤੇ ਅਰਜਨਟਾਈਨਾ ਦੇ ਕੈਦੀ ਕੰਨ-ਪਾੜਵਾਂ ਰੌਲਾ ਪਾ ਰਹੇ ਸੀ, ਬਹੁਤ ਹੀ ਉੱਚਾ ਸ਼ੋਰ, ਜਿਵੇਂ ਉਹ 'ਰਿਵਰ' ਤੇ ਬੋਕਾਂ ਟੀਮਾਂ ਵਿਚਕਾਰ ਫੁੱਟਬਾਲ ਦਾ ਮੈਚ ਵੇਖ ਰਹੇ ਹੋਣ।

ਕੁਝ ਘੰਟੇ ਪਿੱਛੋਂ ਅਰਜਨਟਾਈਨਾ, ਚਿੱਲੀ ਤੇ ਕੁਝ ਹੋਰ ਦੇਸ਼ਾਂ ਦੀ, ਦੋਸਤਾਂ ਤੇ ਲੇਖਕਾਂ ਦੀ ਬਰਾਦਰੀ ਹਰਕਤ ਵਿੱਚ ਆ ਚੁੱਕੀ ਸੀ। ਉਹਨਾਂ ਮੈਨੂੰ ਮੇਰੀ ਕੋਠੜੀ ਚੋਂ ਬਾਹਰ ਕੱਢਿਆ, ਹਸਪਤਾਲ ਲੈ ਗਏ। ਮੇਰੀਆਂ ਚੀਜ਼ਾਂ ਵਾਪਸ ਕੀਤੀਆਂ ਤੇ ਮੈਨੂੰ ਬਰੀ ਕਰ ਦਿੱਤਾ। ਮੈਂ ਜੇਲ੍ਹ 'ਚੋਂ ਬਾਹਰ ਆਉਣ ਵਾਲਾ ਸੀ, ਜਦੋਂ ਵਰਦੀ ਵਾਲੇ ਸੁਰੱਖਿਆ ਗਾਰਡਾਂ 'ਚੋਂ ਇੱਕ ਮੇਰੇ ਕੋਲ ਆਇਆ ਤੇ ਮੇਰੇ ਹੱਥਾਂ ਵਿੱਚ ਇੱਕ ਕਾਗਜ਼ ਫੜਾ ਦਿੱਤਾ। ਇਹ ਇੱਕ ਕਵਿਤਾ ਸੀ, ਜਿਹੜੀ ਮੈਨੂੰ ਸਮਰਪਣ ਕੀਤੀ ਗਈ ਸੀ, ਟੁੱਟੇ-ਭੱਜੇ ਛੰਦ ਵਿੱਚ ਲਿਖੀ, ਬੇਪ੍ਰਵਾਹ ਉਕਾਈਆਂ ਨਾਲ ਭਰੀ, ਪਰ ਲੋਕ-ਕਲਾ ਵਾਂਗ ਨਿਰਛਲ! ਮੈਂ ਕਲਪਣਾ ਕੀਤੀ ਕਿ ਬਹੁਤ ਘੱਟ ਕਵੀਆਂ ਨੂੰ ਉਹਨਾਂ ਲੋਕਾਂ ਤੋਂ ਇਸ ਤਰ੍ਹਾਂ ਦੀ ਸ਼ਰਧਾਂਜਲੀ ਪ੍ਰਾਪਤ ਹੋਈ ਹੋਵੇਗੀ, ਜਿਨ੍ਹਾਂ ਨੂੰ ਮੇਰੀ ਰਖਵਾਲੀ ਤੇ ਲਾਇਆ ਗਿਆ ਸੀ।

**(ਨੇਰੂਦਾ ਦੀ ਸਵੈ-ਜੀਵਨੀ ਚੋਂ)**

## ਪ੍ਰਾਪਤ ਪੁਸਤਕਾਂ

* ਦੋ ਮਾਵਾਂ ਦਾ ਪੁੱਤਰ (ਕਵਿਤਾਵਾਂ) ਅਮਨਪਾਲ ਸਾਰਾ/ਏਸ਼ੀਆ ਵਿਜ਼ੀਅਨਜ਼
* ਜੂਨ ਦਰ ਜੂਨ (ਕਹਾਣੀਆਂ) ਬਲਦੇਵ ਸਿੰਘ ਲੰਡਨ— ਆਰਸੀ ਪਬਲਿਸ਼ਰਜ਼, ਦਿੱਲੀ
* ਕਸਤੂਰੀਆਂ ਦੇ ਜੰਗਲ ਵਿੱਚ (ਗ਼ਜ਼ਲਾਂ) ਗੁਰਨਾਮ ਗਿੱਲ— ਆਰਸੀ ਪਬਲਿਸ਼ਰਜ਼, ਦਿੱਲੀ
* ਅੱਧੀ ਸਦੀ ਦੀ ਮਹਿਕ (ਗ਼ਜ਼ਲਾਂ) ਸੰਪਾਦਕ ਡਾ. ਐਸ.ਤਰਸੇਮ, ਚੇਤਨਾ ਪ੍ਰਕਾਸ਼ਨ, ਲੁਧਿਆਣਾ
* ਖਾਲੀ ਸਲੰਡਰ (ਕਹਾਣੀਆਂ) ਮੁਖਤਿਆਰ ਸਿੰਘ ਲਿਟਰੇਚਰ ਹਾਊਸ, ਅੰਮ੍ਰਿਤਸਰ
* ਰੰਗ-ਬਰੰਗੀ ਤਿਤਲੀ (ਬਾਲ ਕਵਿਤਾਵਾਂ) ਸਵਰਨ ਸਿੰਘ ਪ੍ਰੀਤਮ-ਪ੍ਰੀਤਮ ਪ੍ਰਕਾਸ਼ਨ ਜ਼ੀਰਾ
* ਸੁਪਨਿਆਂ ਦੇ ਬੀਜ (ਇਕਾਂਗੀ ਨਾਟਕ) ਹੰਸਾ ਸਿੰਘ, ਕਰਾਂਤੀ ਪ੍ਰਕਾਸ਼ਨ, ਬਿਆਸ
* ਕਵਿਤਾ ਤੁਰਦੀ ਹੈ (ਸਮੁੱਚੀ ਕਵਿਤਾ) ਨਿਰੰਜਨ ਸਿੰਘ ਨੂਰ— ਪੰਨੇ 544 ਮੁੱਲ 500/- ਦੀਪਕ ਪਬਲਿਸ਼ਰਜ਼, ਜਲੰਧਰ।

## ਮੇਰੀ ਕਵਿਤਾ, ਮੇਰੀ ਸੋਚ/ਨਿਰੰਜਨ ਸਿੰਘ ਨੂਰ

(ਪੰਜਾਬੀ ਦੇ ਪ੍ਰਮੁੱਖ ਕਵੀ ਸ੍ਰੀ ਨਿਰੰਜਨ ਸਿੰਘ ਨੂਰ ਦੀ ਜੂਨ ਦੇ ਪਹਿਲੇ ਹਫ਼ਤੇ ਹੋਈ ਅਚਾਨਕ ਮੌਤ ਨਾਲ ਇਕ ਪ੍ਰਤੀਬੱਧ ਰਾਜਸੀ ਤੇ ਪ੍ਰਗਤੀਸ਼ੀਲ ਕਵੀ ਸਾਡੇ ਵਿਚਕਾਰੋਂ ਤੁਰ ਗਿਆ ਹੈ। 'ਚਿਰਾਗ' ਤਿਮਾਹੀ ਨੂੰ ਪੱਕੇ ਪੈਰਾਂ ਤੇ ਕਰਨ ਲਈ ਫ਼ਿਕਰਮੰਦ ਰਹਿਣ ਵਾਲਾ ਸਾਡਾ ਇਹ ਮਿੱਤਰ ਅਮਨ-ਆਜ਼ਾਦੀ ਤੇ ਸਮਾਜਕ ਇਨਸਾਫ਼ ਲਈ ਜਥੇਬੰਦਕ ਤੇ ਰਚਨਾਤਮਿਕ ਪੱਧਰ ਤੇ ਵੀ ਤਤਪਰ ਰਹਿੰਦਾ ਸੀ। ਭਾਰਤੀ ਮਜ਼ਦੂਰ ਸਭਾ ਅਤੇ ਪ੍ਰਗਤੀਸ਼ੀਲ ਲੇਖਕ ਸਭਾ ਗ.ਬ. ਵਿੱਚ ਕੀਤੇ ਉਸ ਦੇ ਕੰਮ ਨੇ, ਉਸ ਨੂੰ ਯੂ.ਕੇ. ਦੇ ਪੰਜਾਬੀਆਂ ਵਿੱਚ ਬਹੁਤ ਹਰਮਨ ਪਿਆਰਾ ਬਣਾ ਦਿੱਤਾ ਸੀ। ਉਸ ਦੀ ਸਿਮ੍ਰਿਤੀ ਵਿੱਚ ਨਤਮਸਤਕ ਹੁੰਦੇ ਹੋਏ ਅਸੀਂ ਇਹ ਲੇਖ, ਉਨ੍ਹਾਂ ਦੇ ਵੱਡ-ਆਕਾਰੇ ਕਾਵਿ-ਗ੍ਰੰਥ "ਕਵਿਤਾ ਤੁਰਦੀ ਹੈ" ਵਿੱਚੋਂ ਲੈ ਕੇ ਛਾਪ ਰਹੇ ਹਾਂ।)

**(ਸੰਪਾਦਕ)**

ਅਗਸਤ 1947 ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਿਆਂ ਮੈਂ ਤਿੰਨ-ਸਹਿ-ਪਾਠੀਆਂ ਨਾਲ ਰਲ ਕੇ ਇੱਕ ਟੀਚਰ ਵਿਰੁੱਧ ਕਵਿਤਾ ਲਿਖੀ ਜਿਹੜੀ ਸਾਡੀ ਨਜ਼ਰ ਵਿੱਚ ਜ਼ੈਲਦਾਰਾਂ ਦੇ ਨਾਲਾਇਕ ਕਾਕਿਆਂ ਦੇ ਹੱਕ ਵਿੱਚ ਪੱਖ-ਪਾਤ ਕਰਦਾ ਸੀ। ਫ਼ਾਰਸੀ ਅੱਖਰਾਂ ਵਿੱਚ ਲਿਖੀ ਪੰਜਾਬੀ ਦੀ ਲਘੂ ਕਵਿਤਾ (ਸ਼ਾਇਦ ਉਹਦਾ ਸੀਰਸ਼ਕ ਸੀ : 'ਮਾਲੀ ਤੇ ਲਵੇਰੀਆਂ') ਉਸ ਟੀਚਰ ਦੇ ਹੱਥ ਲੱਗ ਗਈ। ਸਾਨੂੰ ਚੌਹਾਂ ਨੂੰ ਇੱਕ-ਇੱਕ ਰੁਪਇਆ ਜੁਰਮਾਨਾ ਸੁਣਾ ਦਿੱਤਾ ਗਿਆ, ਪਰ ਪਾਕਿਸਤਾਨ ਬਣਨ ਕਾਰਨ ਅਸੀਂ ਜੁਰਮਾਨਾ ਤਾਰੇ ਬਗ਼ੈਰ ਅਤੇ ਘਰੋਂ ਤੇ ਸਕੂਲੋਂ, ਕੁੱਟ ਖਾਧੇ ਬਗ਼ੈਰ ਭਾਰਤੀ ਪੰਜਾਬ ਵਿੱਚ ਆ ਵੱਸੇ। ਇਹ ਮੇਰੀ ਪਹਿਲੀ ਕਵਿਤਾ ਸੀ। ਇਉਂ ਕਵਿਤਾ ਮੇਰੇ ਲਈ ਪ੍ਰਤੱਖ ਸੱਚ ਦੀ ਆਲੋਚਨਾ ਹੋ ਨਿਬੜੀ ਜਾਂ ਰਵਾਇਤ ਵਿੱਚ ਵਿਘਨ।

* ਰਾਸਾਂ ਵੇਖਣ, ਗੀਤ ਸੰਗੀਤ ਸੁਣਨ ਤੇ ਕਿੱਸੇ ਪੜ੍ਹਨ ਦਾ ਮੈਨੂੰ ਬਚਪਨ ਤੋਂ ਸ਼ੌਕ ਸੀ। ਉਸ ਵੇਲੇ ਦੇ ਭਾਰਤ ਵਿੱਚ ਸਾਡੇ ਪਿੰਡ ਦੇ ਕਿਸੇ ਨਾ ਕਿਸੇ ਚੌਕ ਵਿੱਚ ਵਾਰਿਸ ਦੀ ਹੀਰ ਦਾ ਸਾਧਾਰਨ ਪਾਠ ਹੁੰਦਾ ਰਹਿੰਦਾ ਸੀ। ਮੈਂ ਵੀ ਸ਼ੌਕ ਨਾਲ ਰੌਲ ਲਾਉਂਦਾ ਹੁੰਦਾ ਸੀ। ਇਹ ਸਰਗਰਮੀ ਮੇਰੇ ਲਈ ਪਿੰਗਲ ਤੇ ਅਰੂਜ਼ ਦਾ ਅਮਲੀ ਸਬਕ ਸੀ।
* ਪਾਕਿਸਤਾਨ ਦਾ ਐਲਾਨ ਹੋਣ ਉਪਰੰਤ ਜੁਲਾਈ 1947 ਵਿੱਚ ਬਹੁ-ਗਿਣਤੀ ਹਿੰਦੂ-ਸਿੱਖ ਭਾਰਤੀ ਪੰਜਾਬ ਅਤੇ ਹੋਰ ਸੂਬਿਆਂ ਵੱਲ ਧਾਏ। ਸਾਡਾ ਕਾਫ਼ਲਾ ਆਰਿਫ਼ਵਾਲਾ, ਪਾਕਪਟਨ ਹੁੰਦਾ ਹੋਇਆ ਫਾਜ਼ਲਕਾ ਪੁੱਜਾ। ਰਾਹ ਵਿੱਚ ਇੱਕਾ-ਦੁੱਕਾ ਗੱਡੇ ਤੇ ਸਾਮਾਨ ਸੜੇ ਹੋਏ ਵੇਖੇ। ਖਤਾਨਾਂ ਵਿੱਚ ਮਨੁੱਖੀ ਲਾਸ਼ਾਂ ਫੁੱਲੀਆਂ ਪਈਆਂ ਸਨ। ਮਨੁੱਖ ਦੇ ਖੂੰਖਾਰ ਵਹਿਸ਼ੀ ਹੋਣ ਦਾ ਮੇਰੇ ਲਈ ਇਹ ਪਹਿਲਾ ਸੰਕੇਤ ਸੀ—ਮੇਰੀ ਕਵਿਤਾ ਦਾ ਪਹਿਲਾ ਪ੍ਰੇਰਨਾ-ਸਰੋਤ।

ਮੁਕਤਸਰ ਤੋਂ ਬਾਹਰ ਸਾਡਾ ਕਾਫ਼ਲਾ ਫ਼ਰੀਦਕੋਟ ਦੀ ਰਿਆਸਤ ਤੋਂ ਪਾਕਿਸਤਾਨ ਜਾਂਦੇ ਕਾਫ਼ਲੇ ਨੂੰ ਸਾਹਮਣੇ ਤੋਂ ਮਿਲਿਆ। ਸਾਡੇ ਕਾਫ਼ਲੇ ਨੂੰ ਸੜਕ ਤੋਂ ਦੂਰ ਹੋ ਜਾਣ ਦਾ ਹੁਕਮ ਹੋਇਆ। ਨਿਹੱਥੇ ਮਾਸੂਮ ਲੋਕਾਂ ਵਿਰੁੱਧ ਜ਼ੁਲਮ, ਤਸ਼ੱਦਦ ਤੇ ਹੈਵਾਨੀਅਤ ਦਾ ਨੰਗਾ ਨਾਚ ਵੇਖਣਾ ਮੇਰੇ ਲਈ ਪਹਿਲਾ ਖ਼ੌਫ਼ਨਾਕ ਤਜ਼ਰਬਾ ਸੀ। ਮਨੁੱਖ ਮੇਰੀ ਨਜ਼ਰ ਵਿੱਚ ਸਭ ਤੋਂ ਵਹਿਸ਼ੀ ਜਾਨਵਰ ਹੋ ਨਿਬੜਿਆ। ਇਸ ਦੁਰਘਟਨਾ ਦਾ ਮੇਰੀ ਕਵਿਤਾ ਉੱਪਰ ਸਦੀਵੀ ਅਸਰ ਹੈ, ਅਮਿੱਟ ਮੋਹਰ ਵਾਂਗ। 1950 ਤੋਂ 1952 ਤੱਕ ਕਾਲਜ ਪੜ੍ਹਦਿਆਂ ਇੱਕ ਦੋ ਨਜ਼ਮਾਂ ਲਿਖੀਆਂ ਹੋਣਗੀਆਂ। 1952 ਵਿੱਚ ਟੀਚਰ ਲੱਗਣ ਉਪਰੰਤ ਕਵਿਤਾ ਬਾਕਾਇਦਗੀ ਨਾਲ ਲਿਖਣੀ ਸ਼ੁਰੂ ਕੀਤੀ। 1950ਵਿਆਂ ਅਮਨ-ਲਹਿਰ ਚੜ੍ਹਤ ਵਿੱਚ ਸੀ। ਅਮਨ-ਸੰਗ੍ਰਾਮ ਨਾਲ ਮੇਰੀ ਕਵਿਤਾ ਦਾ ਮੋਹ ਦਾ ਰਿਸ਼ਤਾ ਹੋ ਗਿਆ। ਭਾਰਤ ਵਿੱਚ ਨਿੱਤ ਵਧਦੀ ਗਰੀਬੀ, ਜ਼ਾਤਪਾਤ, ਲੁੱਟ ਭ੍ਰਿਸ਼ਟਾਚਾਰ, ਦੰਭ ਤੇ ਸੀਨਾਜ਼ੋਰੀ ਦੇ ਦੂਸ਼ਤ ਮਾਹੌਲ ਵਿੱਚ ਮੇਰੀ ਕਵਿਤਾ ਦਿਨੋਂ-ਦਿਨ ਸੈਕੂਲਰ ਹੁੰਦੀ ਗਈ।



ਮਜ਼੍ਹਬ ਮਨੁੱਖੀ ਮੁਕਤੀ ਦਾ ਮੁੱਦਈ ਹੋਣ ਦੀ ਬਜਾਏ ਵਹਿਮ-ਪ੍ਰਸਤੀ ਤੇ ਅਗਿਆਨਤਾ ਦਾ ਸੋਮਾ ਤੇ ਰਾਜਨੀਤੀ ਦਾ ਹੱਥ-ਠੋਕਾ ਬਣਦਾ ਨਜ਼ਰੀਂ ਆਇਆ।

1961 ਤੋਂ 1964 ਤੱਕ ਜਮਨਾ ਨਗਰ ਜਗਾਧਰੀ ਵਿਖੇ ਹਰ ਸਾਲ ਸ਼ਾਨਦਾਰ ਕਵੀ ਦਰਬਾਰ ਤੇ ਰੇਲ ਦੇ ਅਫ਼ਸਰਾਂ ਵੱਲੋਂ ਸ਼ਿਵ ਕੁਮਾਰ ਨੂੰ ਅਤੇ ਮਜ਼ਦੂਰਾਂ ਵੱਲੋਂ ਮੈਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਸੀ। ਮੈਨੂੰ ਮਜ਼ਦੂਰਾਂ ਦਾ ਕਵੀ ਹੋਣ ਵਿੱਚ ਮਾਣ ਸੀ।

* 1965 ਵਿੱਚ ਬਰਤਾਨੀਆਂ ਪੁੱਜ ਕੇ ਕਿਰਤ ਦੀ ਸ਼ਾਨ (Dignity of Labour) ਦਾ ਵਧੇਰੇ ਅਹਿਸਾਸ ਹੋਇਆ। ਨਸਲਵਾਦ, ਜਟਿਲ ਰਾਜਨੀਤਕ ਦੰਭ, ਅਖ਼ਬਾਰਾਂ, ਰੇਡੀਓ ਤੇ ਟੀ.ਵੀ. ਦੀ ਮਾਰੂ ਸ਼ਕਤੀ ਅਤੇ ਮਜ਼੍ਹਬ ਦੀ ਨਿਰਾਰਥਕਤਾ ਦਾ ਵਧੇਰੇ ਗਿਆਨ ਹੋਇਆ। ਪਰਦੇ ਪਿੱਛੇ ਵਾਪਰਦੇ ਵਰਤਾਰਿਆਂ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਵੇਖਣ ਦੀ ਪ੍ਰੇਰਨਾ ਮਿਲੀ। ਅੰਤਰ-ਰਾਸ਼ਟਰੀ ਘੋਲਾਂ (ਜਿਵੇਂ ਵੀਅਤਨਾਮ, ਰੋਡੇਸ਼ੀਆ, ਦੱਖਣੀ ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੀਆਂ ਲੋਕ-ਲਹਿਰਾਂ) ਨਾਲ ਅਮਲੀ ਹਮਦਰਦੀ ਵਿਚੋਂ 'ਹੋ ਚੀ ਮਿਨ੍ਹ' ਮਹਾਂ-ਕਾਵਿ ਆਦਿ ਦੀ ਸਿਰਜਣਾ ਹੋਈ। ਬਰਤਾਨਵੀ ਵਿਦਿਅਕ ਢਾਂਚੇ ਤੇ ਸਮਾਜਿਕ ਜਟਿਲਤਾ ਸੰਬੰਧੀ ਸਰਗਰਮੀਆਂ ਵਿੱਚ ਸ਼ਮੂਲੀਅਤ ਦੇ ਸਦਕੇ ਮੈਨੂੰ ਸਰਮਾਏਦਾਰੀ, ਰਾਜਨੀਤੀ, ਵਿਦਿਆ, ਪੁਲਿਸ, ਅਦਾਲਤਾਂ, ਸੰਚਾਰ ਸਾਧਨਾਂ, ਮਜ਼੍ਹਬ ਤੇ ਦਲਾਲੀ ਦੇ ਅਸ਼ਟਾਂਗ ਤੰਦੂਏ ਦੀ ਤਸਵੀਰ ਨਜ਼ਰੀਂ ਪਈ। ਇਹ ਮਾਰੂ ਤੰਦੂਆ ਮੇਰੀ ਕਵਿਤਾ ਦਾ ਸਦੀਵੀ ਸਰੋਤ ਹੈ।
* ਪ੍ਰਸਿੱਧ ਜਰਮਨ ਕਵੀ ਗੋਟੇ (Goethe) ਅਨੁਸਾਰ ਕਵੀ ਆਪਣੀ ਪੀੜਾ ਨੂੰ ਲੋਕਾਂ ਦੀ ਮੂਲ ਵੇਦਨਾ ਨਾਲ ਇੱਕ ਸੁਰ ਕਰ ਕੇ ਜਦੋਂ ਬੋਲਦਾ ਹੈ ਤਾਂ ਉਹ ਉਨ੍ਹਾਂ ਸਾਰੇ ਗੂੰਗੇ ਲੋਕਾਂ ਨੂੰ ਜੀਭ ਲਾ ਦਿੰਦਾ ਹੈ। ਚੰਗਾ ਕਵੀ ਉਹ ਹੈ ਜੋ ਉਦਾਸ ਲੋਕਾਂ ਨੂੰ ਵੀ ਆਨੰਦਮਈ ਜੀਵਨ ਦਾ ਸੰਦੇਸ਼ ਦੇ ਸਕੇ, ਢਹਿ-ਢੇਰੀ ਹੋ ਚੁੱਕੀ ਜ਼ਿੰਦਗੀ ਵਿੱਚ ਵੀ ਹੌਂਸਲਾ ਭਰ ਸਕੇ ਤੇ ਬੇਰੌਣਕ ਨੈਣਾਂ ਨੂੰ ਰੌਣਕਾਂ ਵੱਲ ਜਾਂਦੇ ਰਾਹਾਂ ਦੀ ਸੇਧ ਦੇ ਸਕੇ।
* ਕਵਿਤਾ ਮੇਰੇ ਲਈ ਜ਼ਿਹਨੀ ਅੱਯਾਸ਼ੀ ਨਹੀਂ, ਸਵੈਲੋਚਨਾ ਹੈ, ਆਪੇ ਦੀ ਭਾਲ ਦਾ ਸਾਰਥਕ ਸਾਧਨ। ਕਵਿਤਾ ਸਿਰਫ਼ ਸੁਤੰਤਰਤਾ ਦਾ ਅਹਿਸਾਸ ਹੀ ਨਹੀਂ ਕਰਵਾਉਂਦੀ, ਇਹ ਮਨੁੱਖ ਦੇ ਮੁਕਤੀ ਘੋਲਾਂ ਵਿੱਚ ਯੋਗਦਾਨ ਵੀ ਪਾਉਂਦੀ ਹੈ, ਮਨੁੱਖਤਾ ਦੇ ਚੰਗੇਰੇ ਭਵਿੱਖ ਲਈ ਸੁਪਨੇ ਤੇ ਸੱਚ ਦੀ ਸਿਰਜਣਾ ਕਰਨ ਲਈ ਜੂਝਦੀ ਹੈ। ਕਵੀ ਜੀਵਨ ਦੇ ਨਾਟ ਵਿੱਚ ਐਕਟਰ ਹੈ, ਤਮਾਸ਼ਬੀਨ ਨਹੀਂ।
* ਆਪਣੀ ਕਾਵਿ-ਯਾਤਰਾ ਦੇ ਦੌਰਾਨ ਮੈਂ ਇਹ ਵੀ ਸਿੱਖਿਆ ਹੈ ਕਿ ਕਵਿਤਾ (ਤੇ ਸਮੁੱਚੀ ਕਲਾ-ਕਿਰਤ) ਮਨੁੱਖੀ ਚੇਤਨਾ ਵਿੱਚ ਵਾਧਾ ਕਰਦੀ ਹੈ, ਜਿਸ ਨਾਲ ਮਨੁੱਖ ਦੀ ਮਨੁੱਖਤਾ ਵਿੱਚ ਵਾਧਾ ਹੁੰਦਾ ਹੈ। ਜਿਵੇਂ ਦੂਰਬੀਨ ਦੀ ਕਾਢ ਦੁਆਰਾ ਮਨੁੱਖੀ ਨਜ਼ਰ ਵਿੱਚ ਵਾਧਾ ਪ੍ਰਗਤੀ ਲਈ ਜ਼ਰੂਰੀ ਸੀ, ਏਸੇ ਤਰ੍ਹਾਂ ਕਲਾ ਮਨੁੱਖ ਦੀ ਮਨੁੱਖਤਾ ਉਚਿਆਉਂਦੀ ਹੈ। ਏਸੇ ਲਈ ਚੰਗਾ ਕਲਾਕਾਰ ਆਪਣੀ ਕਿਰਤ ਦਾ ਘਾਣ ਹੁੰਦਾ (ਜੰਗ ਤੇ ਤਕਨਾਲੋਜੀ ਦੀ ਗ਼ਲਤ ਵਰਤੋਂ ਰਾਹੀਂ) ਨਹੀਂ ਵੇਖ ਸਕਦਾ। ਇਸ ਗੱਲ ਨੂੰ ਸਮਝਣ ਤੋਂ ਅਸਮਰਥ ਕਲਾਕਾਰ ਅੰਤਰ-ਮੁਖੀ ਹੋ ਜਾਂਦੇ ਹਨ। ਕਲਾਕਾਰ ਦੀ ਰਾਜਨੀਤਕ ਤੇ ਸਮਾਜੀ ਚੇਤਨਾ ਉਹਦੀ ਕਲਾ ਨੂੰ ਸਰਬਵਿਆਪੀ ਬਣਾ ਦਿੰਦੀ ਹੈ। (ਸ਼ੈਕਸਪੀਅਰ, ਚੌਸਰ ਤੇ ਦਾਂਤੇ ਦੀਆਂ ਅਮਰ ਕਿਰਤਾਂ ਸਾਡੇ ਸਾਹਮਣੇ ਹਨ)।
* ਕਵਿਤਾ ਮੇਰੇ ਲਈ ਸਵੈ ਤੋਂ ਸਵੈ ਤੱਕ ਦਾ ਪਲੀਤ ਚੱਕਰ ਨਹੀਂ ਹੈ। ਕਵਿਤਾ (ਕਲਾ) ਜੀਵਨ ਦੀ ਖੋਜ ਹੈ। ਜੀਵਨ ਸਮਾਜਾਂ ਵਿੱਚ ਵਸਦਾ ਹੈ ਅਤੇ ਸਮਾਜ ਉੱਪਰ ਰਾਜਨੀਤਕ ਸੰਸਥਾਵਾਂ ਰਾਜ ਕਰਦੀਆਂ ਹਨ। ਇਸ ਲਈ ਸੁਚੇਤ ਕਵੀ ਰਾਜਨੀਤਕ ਕਵੀ ਹੁੰਦਾ ਹੈ, ਜੀਹਨੂੰ ਦਲੇਰੀ ਤੇ ਹੁਨਰ ਦੀ ਲੋੜ ਹੁੰਦੀ ਹੈ। ਨੇਰੂਦਾ ਵੱਲੋਂ ਜਟਿਲ ਸਮੱਸਿਆਵਾਂ ਦਾ ਕਲਾਤਮਕ ਸੰਖੇਪਤਾ ਤੇ

ਭਿੰਨਤਾ, ਮੈਕਡਰਮਿਟ ਦਾ ਗੁੱਸੇ ਤੇ ਜ਼ਬਤ, ਮਾਓ ਕਵੀ ਦੀ ਜੇਤੂ ਜਰਨੈਲ ਦੀ ਵਰਦੀ, ਹੋ ਚੀ ਮਿਨ੍ਹ ਦੀ ਸੁਚੇਤ ਕਲਮ ਦੀ ਅਮਰੀਕੀ ਹੈਵਾਨੀਅਤ ਉੱਤੇ ਜਿੱਤ ਰਾਜਨੀਤੀ ਤੇ ਕਲਾ ਦੇ ਸੁਮੇਲ ਦੀਆਂ ਮੁੱਲਵਾਨ ਮਿਸਾਲਾਂ ਹਨ। ਪਰ ਇਹ ਜ਼ਰੂਰੀ ਹੈ ਕਿ ਕਵਿਤਾ ਵਿੱਚ ਰਾਜਨੀਤੀ ਇਉਂ ਨਾ ਲੱਗੇ ਜਿਵੇਂ ਬਾਜ਼ਾਰੋਂ ਮੁੱਲ ਲੈ ਕੇ ਬੈਠਕ ਵਿੱਚ ਟਰਾਫੀ ਸਜਾਈ ਹੋਈ ਹੁੰਦੀ ਹੈ। ਰਾਜਨੀਤੀ ਕਵਿਤਾ ਵਿੱਚ ਇਉਂ ਸਮਾਉ ਹੋਈ ਹੋਣੀ ਚਾਹੀਦੀ ਹੈ, ਜਿਵੇਂ ਰੁੱਖਾਂ ਵਿੱਚ ਪਾਣੀ। ਸਿਰਫ਼ ਰਾਜਨੀਤਕ ਵਿਚਾਰ ਹੀ ਕਵਿਤਾ ਨਹੀਂ। ਰਾਜਨੀਤਕ ਕਵੀ ਨੂੰ ਵਧੇਰੇ ਪ੍ਰਭਾਵਸ਼ਾਲੀ ਤਕਨੀਕੀ ਸਮੱਗਰੀ ਦੀ ਲੋੜ ਹੁੰਦੀ ਹੈ। ਨਰੂਦਾ, ਫੈਜ਼, ਬ੍ਰੈਖ਼ਤ, ਨਾਜ਼ਮ ਹਿਕਮਤ ਆਦਿ ਸਫ਼ਲ ਰਾਜਨੀਤਕ ਕਵੀ ਹੋਏ ਹਨ।

ਆਪਣੀ ਕਵਿਤਾ ਦੇ ਸਫ਼ਰ ਵਿੱਚ ਮੈਂ ਇਹ ਵੀ ਅਨੁਭਵ ਕੀਤਾ ਹੈ ਕਿ ਕਲਾਕਾਰ ਲਈ ਲਕੀਰ ਦੀ ਫਕੀਰੀ ਤੇ ਫੈਸ਼ਨ ਪ੍ਰਸਤੀ ਦੋਵੇਂ ਹਾਨੀਕਾਰਕ ਹਨ।

* ਪ੍ਰਯੋਗ ਲਈ ਪ੍ਰਯੋਗ ਦਾ ਪੰਜਾਹਵਿਆਂ 'ਤੇ ਸੱਠਵਿਆਂ ਵਿੱਚ ਫੈਸ਼ਨ ਸੀ। ਕੁਝ ਕਵੀ ਫੈਸ਼ਨ ਦੀ ਇਸ ਗੱਡੀ ਚੜ੍ਹ ਗਏ। ਪ੍ਰਯੋਗ ਅਸਲ ਵਿੱਚ ਸੰਭਾਵਨਾ ਦੀ ਤਲਾਸ਼ ਹੁੰਦਾ ਹੈ, ਅਤੇ ਇਹ ਪ੍ਰਯੋਗ ਨੂੰ ਕਾਇਮ ਕਰਨ ਦਾ ਸਾਧਨ ਕਦੀ ਨਹੀਂ ਹੋ ਸਕਦਾ। ਪ੍ਰਯੋਗ ਦਾ ਸਿਰਜਣਾ ਅਤੇ ਪ੍ਰਮਾਣ ਨਾਲ ਸੰਬੰਧ ਹੋਣਾ ਜ਼ਰੂਰੀ ਹੈ। ਇਸ ਕਸੌਟੀ ਤੇ ਪੂਰੇ ਨਾ ਉਤਰ ਕੇ ਉਪਰੋਕਤ ਪ੍ਰਯੋਗਵਾਦੀ ਕਾਗ਼ਜ਼ ਦੇ ਫੁੱਲ ਹੋ ਨਿਬੜੇ। ਕਵਿਤਾ ਦੀ ਬਹਾਰ ਉਨ੍ਹਾਂ ਦੀ 'ਦਲੇਰੀ' ਤੇ ਹੱਸਦੀ ਰਹੀ।
* ਮਾਰਕਸਵਾਦ ਮੇਰੀ ਕਾਵਿ-ਸਿਰਜਣਾ ਅਤੇ ਸੰਬੰਧਿਤ ਗਤੀਵਿਧੀਆਂ ਲਈ ਅਮੁੱਕ ਰੌਸ਼ਨੀ ਦਾ ਸੋਮਾ ਬਣਿਆ ਰਿਹਾ ਹੈ। ਮੇਰੇ ਤਜ਼ਰਬੇ ਅਨੁਸਾਰ ਮਾਰਕਸਵਾਦ ਕਲਾਕਾਰ ਨੂੰ ਇਹ ਪ੍ਰੇਰਨਾ ਦਿੰਦਾ ਹੈ ਕਿ ਵਸਤਾਂ ਤੇ ਵਰਤਾਰਿਆਂ (ਸਮੇਂ ਦੇ ਹਰ ਸਮੇਂ ਬਦਲ ਰਹੇ ਸੱਚ) ਨੂੰ ਬਾਹਰ-ਮੁਖੀ ਵਿਧੀ ਨਾਲ ਵੇਖਿਆ, ਵਿਚਾਰਿਆ ਜਾਏ। ਮਾਰਕਸਵਾਦ ਅਨੁਸਾਰ ਹਰ 'ਸੱਚ' (ਫਲਸਫ਼ਾ, ਧਰਮ, ਕਲਾ ਆਦਿ) ਅਪੂਰਣ, ਗਤੀਸ਼ੀਲ ਅਤੇ ਵਿਰੋਧਤਾ-ਭਰਪੂਰ ਹੈ। ਪਦਾਰਥ (ਜਿਸ ਤੋਂ ਬਾਹਰ ਕੁਝ ਵੀ ਨਹੀਂ) ਸਮੇਂ ਸਥਾਨ ਵਿੱਚ ਨਿਰੰਤਰਤਾ ਗਤੀਸ਼ੀਲ ਹੈ। ਤਬਦੀਲੀ ਤੇ ਵਿਕਾਸ ਜੀਵਨ ਦੇ ਮੁੱਖ ਲੱਛਣ ਹਨ। ਕਲਾਕਾਰ ਅਤੇ ਕਲਾ-ਕ੍ਰਿਤ ਵੀ ਨਿਰੰਤਰ ਤਬਦੀਲ ਹੁੰਦੇ ਰਹਿੰਦੇ ਹਨ। ਹਰ ਸ਼ੈ ਦੀ ਸਾਪੇਖਤਾ ਅਤੇ ਅਪੂਰਣਤਾ ਕਲਾਕਾਰ ਨੂੰ ਸਨਿਮਰ ਹੋਣ ਦੀ ਚੇਤਾਵਨੀ ਦਿੰਦੀ ਹੈ। ਮਾਰਕਸਵਾਦ ਅਨੁਸਾਰ ਨਿਰੰਤਰ ਗਤੀਸ਼ੀਲਤਾ ਜੀਵਨ ਲਈ ਆਕਸੀਜਨ ਹੈ। ਇਹ ਫਲਸਫ਼ਾ ਜੀਵਨ ਦਾ ਵਿਗਿਆਨਕ ਵਿਸ਼ਲੇਸ਼ਨ ਹੈ (ਪ੍ਰੀਭਾਸ਼ਾ ਨਹੀਂ) ਜਿਸ ਰਾਹੀਂ ਅਸੀਂ ਤਬਦੀਲੀ ਤੇ ਵਿਕਾਸ ਦੇ ਨੇਮਾਂ ਨੂੰ ਸਮਝ ਕੇ, ਵਿਉਂਤਬਧ ਘੋਲ ਰਾਹੀਂ ਆਪਣੇ ਆਲੇ-ਦੁਆਲੇ ਵਿੱਚ ਲੋੜੀਂਦੀ ਤਬਦੀਲੀ ਲਿਆ ਸਕਦੇ ਹਾਂ। ਕਿਰਤ (ਕਲਾ-ਕਿਰਤ ਸਮੇਤ) ਸੱਚ ਤੇ ਇਨਸਾਫ਼ ਦੀ ਜਿੱਤ ਦੀ ਅਟੱਲਤਾ ਵਿੱਚ ਵਿਸ਼ਵਾਸ ਰੱਖਣ ਵਾਲਾ ਫ਼ਲਸਫ਼ਾ ਸਾਪੇਖ ਤੌਰ 'ਤੇ ਆਸ਼ਾਵਾਦੀ ਹੈ।

ਇਸੇ ਫ਼ਲਸਫ਼ੇ ਦੀ ਰੌਸ਼ਨੀ ਵਿੱਚ ਮੈਂ ਆਪਣੀ ਕਾਵਿ-ਯਾਤਰਾ ਦੌਰਾਨ ਵਿਤ ਅਨੁਸਾਰ ਬਰਤਾਨੀਆਂ ਵਿੱਚ ਪਿਛਲੇ ਇਕੱਤੀ ਸਾਲਾਂ ਤੋਂ ਕੁਝ ਯਤਨ ਕੀਤੇ ਹਨ। ਨਸਲਵਾਦੀ ਵਿਦਿਅਕ ਢਾਂਚੇ ਵਿੱਚ ਬੱਚਿਆਂ ਨੂੰ ਪਗੜੀ ਬੰਨ੍ਹ ਸਕਣ ਦਾ ਸੱਭਿਆਚਾਰਕ ਹੱਕ ਦਿਵਾਉਣਾ, ਦੇਸੀ ਭਾਸ਼ਾਵਾਂ ਨੂੰ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਬਣਵਾਉਣਾ (ਭੁੱਖ ਹੜਤਾਲਾਂ ਤੇ ਹੋਰ ਯਤਨਾਂ ਰਾਹੀਂ), ਨਸਲਵਾਦੀ ਇੰਮੀਗ੍ਰੇਸ਼ਨ ਕਾਨੂੰਨਾਂ ਵਿਰੁੱਧ ਘੋਲ ਲਾਮਬੰਦ ਕਰਨਾ, ਪੁਲਿਸ ਤੇ ਅਦਾਲਤਾਂ ਵਿੱਚ ਨਸਲਵਾਦ ਨੂੰ ਨੰਗਾ ਕਰਨਾ, ਪ੍ਰਮਾਣੂ ਹਥਿਆਰਾਂ ਦੀ ਘੋੜ-ਦੌੜ ਦੀਆਂ ਵਿਰੋਧੀ ਅਤੇ ਜੰਗ-ਬੰਦੀ ਪੱਖੀ ਲਹਿਰਾਂ (ਜਿਵੇਂ ਸੀ.ਐਨ.ਡੀ.) ਦਾ ਅਮਲੀ ਸਮਰਥਨ ਕਰਨਾ, ਓਜ਼ੋਨ ਪੱਟੀ ਦੀ ਜ਼ਹਿਰੀਲੀਆਂ ਸੂਰਜੀ ਗੈਸਾਂ ਅਤੇ ਪ੍ਰਦੂਸ਼ਨ ਤੋਂ ਰਾਖੀ ਦੀਆਂ ਅਲਮਬਰਦਾਰ ਸ਼ਕਤੀਆਂ ਨੂੰ ਸਹਿਯੋਗ ਦੇਣਾ ਆਦਿ ਕੁਝ ਸਰਗਰਮੀਆਂ ਹਨ, ਜਿਨ੍ਹਾਂ ਵਿੱਚ ਮੈਂ ਭਾਰਤੀ ਮਜ਼ਦੂਰ ਸਭਾ



(ਗ੍ਰ.ਬ੍ਰ.) ਅਤੇ ਪ੍ਰਗਤੀਸ਼ੀਲ ਲਿਖਾਰੀ ਸਭਾ ਰਾਹੀਂ ਕਵਿਤਾ ਦੁਆਰਾ ਅਤੇ ਅਮਲੀ ਮੈਦਾਨ ਵਿੱਚ ਯਥਾ-ਸ਼ਕਤੀ ਯੋਗਦਾਨ ਪਾਇਆ ਹੈ। ਕੁਝ ਮਸਲਿਆਂ ਵਿੱਚ ਸਾਰਥਕ ਸਫ਼ਲਤਾ ਵੀ ਹੋਈ ਹੈ। ਸ਼ਾਇਦ ਇਸੇ ਕਰਕੇ ਸਾਬਤ-ਕਦਮੀ ਬਣੀ ਰਹੀ ਹੈ। ਮਾਰਕਸਵਾਦ ਮੇਰੇ ਅਨੁਭਵ ਅਨੁਸਾਰ ਸ਼ੋਸ਼ਤ ਪੀੜਤ ਮਨੁੱਖ ਲਈ ਚੰਡੀ ਦੀ ਵਾਰ ਹੈ ਅਤੇ ਸ਼ੋਸ਼ਕ ਨੂੰ ਸੰਬੋਧਤ ਜ਼ਫ਼ਰਨਾਮਾ। ਸੋਵੀਅਤ ਯੂਨੀਅਨ ਦੀ ਟੁੱਟ-ਭੱਜ ਨਾਲ ਮਾਰਕਸਵਾਦ ਦੀ ਪ੍ਰਾਸੰਗਿਕਤਾ ਵਿੱਚ ਮੇਰਾ ਵਿਸ਼ਵਾਸ ਵਧਿਆ ਹੈ, ਕਿਉਂਕਿ ਮਸੰਦਾਂ ਦਾ ਪਤਨ ਗੋਬਿੰਦ ਸਿੰਘਤਾ ਦੀ ਚੜ੍ਹਤ ਦੀ ਨਿਸ਼ਾਨੀ ਹੈ। ਸਿਰਫ਼ ਪ੍ਰੀਤਮ ਸਿੰਘ ਵਰਗੇ (ਲੁੱਟ-ਚੋਂਘ ਦੇ ਨਿਰਪੇਖ ਸਮਰਥਕ) ਉਲਾਰ ਚਿੰਤਕ ਹੀ ਉਪਰੋਕਤ ਦੁਰਘਟਨਾ ਨੂੰ ਮਾਰਕਸਵਾਦ ਦਾ ਭੋਗ ਸਮਝਣ ਦਾ ਭਰਮ ਪਾਲ ਸਕਦੇ ਹਨ। ਜੀਵਨ ਦੀ ਵਿਗਿਆਨਕ ਵਿਸ਼ਲੇਸ਼ਨ ਵਿਧੀ, ਜਮਾਤੀ ਘੋਲ ਦੀ ਅਟੱਲਤਾ ਅਤੇ ਕਿਰਤ ਦੀ ਜਿੱਤ ਵਿੱਚ ਵਿਸ਼ਵਾਸ ਪੱਕਾ ਕਰਨ ਵਾਲੇ ਦਵੰਦਵਾਦੀ ਫਲਸਫ਼ੇ ਦਾ ਜਾਦੂ ਪੰਜਾਂ ਮਹਾਂਦੀਪਾਂ ਵਿੱਚ ਮੁਕਤੀ-ਸੱਭਿਆਚਾਰ ਦੀ ਰੂਹ ਬਣ ਚੁੱਕਾ ਹੈ ਅਤੇ ਸੱਭਿਆਚਾਰ ਦੀ ਰੂਹ ਅਮਰ ਹੁੰਦੀ ਹੈ।

* ਕਵਿਤਾ ਦੇ ਸਦੀਵੀ ਹੁਸਨ ਦੀ ਭਾਲ ਵਿੱਚ ਮੈਂ ਇਸ ਪੜਾਅ ਤੇ ਪੁੱਜਾ ਹਾਂ ਕਿ ਕਵਿਤਾ ਨਿੱਜੀ ਪੀੜਾਂ ਪਿੱਟਣ ਤੇ ਸਵੈ-ਤਰਸ ਜਗਾਉਣ ਦਾ ਦੰਭੀ ਸਾਧਨ ਨਹੀਂ, ਨਾਂ ਹੀ ਇਹ 'ਸਾਚੀ-ਸਾਚੀ' (ਕੂੜ ਦੀ ਮਸ਼ੀਨ) ਜਾਂ ਕਾਲਾ ਜਾਦੂ ਹੈ, ਸਗੋਂ ਇਹ ਉਹ ਖ਼ੂਬਸੂਰਤ ਹੁਨਰ ਹੈ ਜਿਹੜਾ ਚੰਗਾ ਮਨੁੱਖ (ਨਾਨਕ ਦੇ ਸੁਪਨਿਆਂ ਦਾ) ਅਤੇ ਚੰਗੇਰਾ ਸਮਾਜ (ਮਾਰਕਸ ਦੀ ਕਾਮਨਾ ਦਾ) ਸਿਰਜਣ ਵਿੱਚ ਸਹਾਈ ਹੁੰਦਾ ਹੈ। ਅਸਲ ਵਿੱਚ 'ਕਲਾ ਜੀਵਨ ਲਈ' ਦਾ ਇਹ ਹੀ ਅਰਥ ਹੈ।

ਕਵਿਤਾ ਰਾਹੀਂ ਮੈਂ ਅੰਦਰਲੇ ਕਵੀ ਤੇ ਮਨੁੱਖ ਵਿਚਲਾ ਫਾਸਲਾ ਘਟਾਉਣ ਦਾ ਵੀ ਯਤਨ ਕੀਤਾ ਹੈ। ਕਵੀ ਤੇ ਮਨੁੱਖ ਵਿਚਲਾ ਫਾਸਲਾ ਸ਼ਬਦਾਂ ਤੇ ਅਮਲਾਂ ਵਿਚਲਾ ਫਾਸਲਾ ਹੈ। ਸ਼ਬਦਾਂ ਦੇ ਅਰਥ ਸਿਰਫ਼ ਅਮਲਾਂ ਵਿੱਚ ਹੁੰਦੇ ਹਨ। ਪੀੜਤ ਨਾਲ ਅਮਲੀ ਹਮਦਰਦੀ (empathy) ਹੀ ਕਵਿਤਾ ਦੀ ਰੂਹ ਹੈ :

ਸਾਹਿਲ ਕੇ ਤਮਾਸ਼ਾਈ, ਹਰ ਡੂਬਨੇ ਵਾਲੇ ਪਰ,
ਅਫ਼ਸੋਸ ਤੋ ਕਰਤੇ ਹੈਂ, ਇਮਦਾਦ ਨਹੀਂ ਕਰਤੇ।

ਵਿਰਸੇ ਨਾਲ ਮੇਰੀ ਕਵਿਤਾ ਦਾ ਮੋਹ ਦਾ ਰਿਸ਼ਤਾ ਹੈ। ਇਤਿਹਾਸ ਤੇ ਮਿਥਿਹਾਸ ਦੀਆਂ ਹਾਂ-ਪੱਖੀ ਕੀਮਤਾਂ ਹੀ ਸਾਡੀ ਅੱਜ ਦੀ ਬੁਨਿਆਦ ਹਨ। ਅੱਜ ਦੀ ਨੀਂਹ ਉੱਤੇ ਹੀ ਅਸੀਂ ਆਪਣੀ ਕਲ੍ਹ ਉਸਾਰ ਸਕਦੇ ਹਾਂ। ਇਤਿਹਾਸ ਤੇ ਮਿਥਿਹਾਸਕ ਚਿੰਨ੍ਹਾਂ ਆਦਿ ਦੀ ਵਰਤੋਂ ਨਾਲ (ਰੂਪਕ ਤੇ ਮੁਹਾਵਰੇ ਸਮੇਤ) ਕਵਿਤਾ ਅਸੀਮ ਅਮੀਰੀ ਤੱਕ ਪਹੁੰਚਦੀ ਹੈ ਅਤੇ ਇਹ ਭਾਸ਼ਾ ਤੋਂ ਵੀ ਪਾਰ ਚਲੀ ਜਾਂਦੀ ਹੈ।

'ਮੁਕਤੀ' ਤੋਂ 'ਓਜ਼ੋਨ ਦੀ ਅੱਖ' ਤਕ ਦੇ ਬਿਖੜੇ ਪਰ ਰੌਚਕ ਰਾਹ ਤੇ ਤੁਰਦਿਆਂ, ਕਵਿਤਾ 'ਚੋਂ ਆਪੇ ਦੀ ਤਲਾਸ਼ ਕਰਦਿਆਂ, ਮੈਂ ਉਸ ਪੜਾ ਤੇ ਪੁੱਜਾ ਹਾਂ ਜਿਥੇ ਪਹੁੰਚ ਕੇ ਨਿੱਜੀ ਪੀੜ ਜਾਂ ਨਿੱਜੀ ਮੁਕਤੀ ਮੇਰੀ ਮੰਜ਼ਿਲ ਨਹੀਂ ਰਹੀ। ਮੈਂ ਗਲੋਬਲ ਪਿੰਡ ਦਾ ਬਾਸ਼ਿੰਦਾ ਬਣ ਗਿਆ ਹਾਂ। ਇਹਦੀ ਸੁਰੱਖਿਆ ਦੇ ਸੁਰਗ ਦੀ ਉਸਾਰੀ ਵਿੱਚ ਯੋਗਦਾਨ ਪਾਉਣਾ ਮੇਰੀ ਕਵਿਤਾ ਦੀ ਖੁਸ਼ਕਿਸਮਤੀ ਹੈ। ਮੇਰਾ ਵਿਸ਼ਵਾਸ ਹੈ ਕਿ ਕਵਿਤਾ (ਤਕਨੀਕੀ ਗੁਣਾਂ ਤੇ ਵਸਤੂ ਦੀ ਅਮੀਰੀ ਦੇ ਨਾਲ-ਨਾਲ) ਆਪਣੇ ਸਿਰਜਕ ਕਵੀ ਅਤੇ ਪਾਠਕ ਸਰੋਤੇ ਨੂੰ ਸਾਰਥਕ ਅਮਲ ਨਹੀਂ ਪ੍ਰੇਰਦੀ ਹੈ:

ਨੂਰ ਦਾ ਧਰਮ ਮੱਸਿਆ ਨੂੰ ਲਲਕਾਰਨਾ, ਨੂਰ ਦਾ ਦੇਸ਼ ਕਿਹੜੀ ਦਿਸ਼ਾ ਵਿੱਚ ਨਹੀਂ?
ਜੇ ਮੈਂ ਪੱਛਮ 'ਚ ਨਾ ਤੜਫਦਾ ਜੂਝਦਾ, ਘੋਰ ਇਲਜ਼ਾਮ ਸੀ ਮੇਰੇ ਪਰਵਾਸ ਤੇ।

ਜ਼ਿੰਦਗੀ ਵਾਂਗ ਕਵਿਤਾ ਵੀ ਤੁਰਦੀ ਹੈ।

-0-

# ਤਿੰਨ ਕਵਿਤਾਵਾਂ/ਕੰਵਲਜੀਤ ਭੁੱਲਰ

## (1) ਵਤਨ-ਪ੍ਰਸਤ

ਤੈਨੂੰ ਮਿਲਣ ਦਾ ਜ਼ਿਕਰ ਜਦ ਵੀ
ਮੈਂ ਆਪਣੇ ਆਪ ਕੋਲ ਕਰਦਾ ਹਾਂ
ਤਾਂ ਮੇਰੇ ਜ਼ਿਹਨ ਦੇ ਵਿਹੜੇ ਵਿੱਚ
ਵਤਨ ਦੀ ਅਸ਼ਾਂਤੀ ਵਰਗਾ ਕੁਝ ਫੈਲ ਜਾਂਦਾ ਹੈ
ਤੇ ਐਨਕਾਂ ਵਿੱਚ ਕੀ ਝਾਕਦੇ ਤੇਰੇ ਪ੍ਰਸ਼ਨ ਚਿੰਨ੍ਹ
ਅਕਸਰ ਮੈਨੂੰ ਮੇਰਾ ਜੁਆਬ ਭੁਲਾ ਦਿੰਦੇ ਨੇ...!
ਸੋ ਤੂੰ ਨੀਮ-ਬੇਹੋਸ਼ੀ ਵਰਗੀਆਂ ਨਜ਼ਰਾਂ ਨਾਲ
ਸੂਰਜਾਂ ਨੂੰ ਸੁੱਕਣੇ ਨਾ ਪਾਇਆ ਕਰ..?
ਸਗੋਂ ਕੋਈ ਤਾਰੀਖ਼ ਮਿੱਥ
ਜਿਸ ਦਿਨ ਤੂੰ ਉਦਾਸ ਰੁੱਖਾਂ ਦੇ ਪੀਲੇ ਪੱਤਿਆਂ ਉੱਪਰ
ਬਹਾਰਾਂ ਦੀ "ਆਤਮ-ਕਥਾ" ਜਿਹਾ ਕੁਝ ਲਿਖੇਂਗੀ
ਅਤੇ ਮੈਂ ਵਕਤ ਦੀ ਨੁਮਾਇਸ਼ ਇਸ ਸ਼ਹਿਰ ਦੀਆਂ
ਉਨ੍ਹਾਂ ਰਾਹਾਂ ਉੱਤੇ ਲਾਵਾਂਗਾ
ਜਿਨ੍ਹਾਂ ਤੋਂ ਦੀ ਲੰਘਦੀ ਇਸ ਵਤਨ ਦੀ ਹਵਾ
ਲਹੂ-ਲੁਹਾਨ ਹੋ ਜਾਂਦੀ ਹੈ
ਤੇ ਲੋਕਾਂ ਦੇ ਨਿੱਜੀ ਹਾਸੇ-ਉਜਾੜ ਬੀਆ-ਬਾਨ???

## (2) ਚੰਗੇ ਸੁਪਨਿਆਂ ਲਈ ਵੇਖਿਆ ਸੁਪਨਾ

ਅੱਜ-ਕੱਲ੍ਹ ਚੰਗੇ ਸੁਪਨਿਆਂ ਦੀ ਬੜੀ ਕਿੱਲਤ ਹੈ
ਅੱਖਾਂ ਕਿੰਨੀਆਂ ਵੀ ਸੁਰਮਈ ਹੋ ਜਾਣ
ਸੁਪਨੇ ਅਕਸਰ ਪੀੜ ਪਰੁੰਨੇ ਹੀ ਹੁੰਦੇ ਨੇ..!
ਜਦ ਨਜ਼ਰਾਂ ਦੇ ਬਜ਼ਾਰ ਵਿੱਚ ਕੁਝ ਵੀ ਚੰਗਾ ਨਹੀਂ ਵਿਕਦਾ
ਤਾਂ ਸੁਪਨਿਆਂ ਦੀ ਰਚਨਾ ਦਾ ਸਹਿਜਮਈ ਨਾ ਹੋਣਾ
ਕੋਈ ਇਤਰਾਜ਼ਯੋਗ ਨਹੀਂ..??
ਉਂਝ ਵੀ ਸੁਪਨੇ ਤਾਂ ਹਮੇਸ਼ਾ
ਸੋਚਾਂ ਦਾ ਤਰਜਮਾ ਹੁੰਦੇ ਹਨ
ਤੇ ਵੇਖੇ ਗਏ ਦੀ ਧੁੰਦਲੀ "ਪਿਕਚਰਾਈਜ਼ੇਸ਼ਨ"..!
ਤਾਂਹੀਓਂ! ਅੱਜ-ਕੱਲ੍ਹ ਚੰਗੇ ਸੁਪਨਿਆਂ ਦੀ ਬੜੀ ਕਿੱਲਤ ਹੈ!!
ਇਨ੍ਹਾਂ ਦਿਨਾਂ ਵਿੱਚ
ਸੁਪਨੇ ਮੋਹ ਵਿਹੂਣੇ ਹੋ ਗਏ ਨੇ
ਕਦੀ ਕੋਈ ਜੀਪਾਂ ਕਾਰਾਂ ਵਿੱਚ ਸੜਦਾ ਵੇਖਿਆ ਗਿਆ ਹੈ
ਕਦੀ ਆਪ ਹੁਦਰੇ ਲੋਕ ਖੇਡਾਂ ਦੀ ਜੱਖਣਾ ਪੁੱਟਦੇ ਨੇ
ਕਦੀ "ਸਲਮਾਨ ਰਸ਼ਦੀ" ਵਰਗਿਆਂ ਦੇ ਜੀਣ ਦੇ ਹੱਕ
ਜਨੂੰਨੀਆਂ ਨੇ ਆਪਣੇ ਕੋਲ ਰਾਖਵੇਂ ਰੱਖ ਲਏ ਨੇ..!!
ਤਾਂਹੀਓਂ! ਅੱਜ-ਕੱਲ੍ਹ ਚੰਗੇ ਸੁਪਨਿਆਂ ਦੀ ਬੜੀ ਕਿੱਲਤ ਹੈ..!!
ਸੁਪਨੇ ਤਾਂ ਸੂਖ਼ਮ ਜਿਹੇ ਹੋਣੇ ਚਾਹੀਦੇ ਨੇ
ਹਨ੍ਹੇਰੀਆਂ ਰਾਤਾਂ ਵਿੱਚ ਚੇਤੇ ਆਉਂਦੀਆਂ ਚਾਨਣੀਆਂ ਰਾਤਾਂ ਵਰਗੇ
ਬਨ੍ਹੇਰੇ 'ਤੇ ਬੈਠੇ ਕਾਂਵਾਂ ਨੂੰ ਸੁਣ ਕਿਸੇ ਆਉਣ ਵਾਲੇ ਪ੍ਰਾਹੁਣੇ ਦੇ ਪਏ ਭੁਲੇਖੇ ਵਰਗੇ



ਬੁੱਲ੍ਹਾਂ 'ਤੇ ਆਈ ਮੁਸਕਰਾਹਟ ਬਾਰੇ ਸੋਚੇ ਕਾਰਣ ਵਰਗੇ!!
ਕੁਝ ਇਹੋ ਜਿਹੇ ਚੰਗੇ ਸੁਪਨਿਆਂ ਦੀ ਬੜੀ ਕਿੱਲਤ ਹੈ..!!
ਸੁਪਨੇ ਤਾਂ ਮਜ਼ਬੂਰੀਆਂ ਦੀ ਤਹਿਕੀਕਾਤ ਹੁੰਦੇ ਨੇ
ਗ਼ਮਲੇ 'ਚ ਪੁੰਗਰੇ ਕਿਸੇ ਬੋਹੜ ਦੀ ਤਲਖ਼ੀ ਵਰਗੇ
ਕਿਸੇ ਕਰੋੜਪਤੀ ਦੀ ਹਸਪਤਾਲ ਵਿੱਚ ਹੋਈ ਮੌਤ ਦੀ ਹੈਰਾਨੀ ਵਰਗੇ
ਜਾਂ ਫਿਰ ਇਕ ਡੰਗ ਦੀ ਰੋਟੀ ਤੋਂ ਮੁਥਾਜ ਕਿਸੇ ਗਰੀਬ ਦੇ
ਹੱਥ 'ਚ ਫੜੇ ਤੰਦੂਰੀ ਮੁਰਗੇ ਦੀ ਸਚਾਈ ਵਰਗੇ..!!!
ਕੁਝ ਇਵੇਂ ਦੇ ਹੀ ਚੰਗੇ ਸੁਪਨਿਆਂ ਦੀ ਅੱਜ-ਕੱਲ੍ਹ ਬੜੀ ਕਿੱਲਤ ਹੈ..!!
ਸੁਪਨੇ ਹੋਣ ਬੱਸ ਜਿਨ੍ਹਾਂ ਵਿੱਚ
ਕਿਸੇ ਦੇ ਨਾ ਮਿਲਣ 'ਤੇ ਹੋਈ ਉਦਾਸੀ ਦਾ ਚਿੱਤਰਣ ਹੋਵੇ
ਅਵਾਜ਼ਾਰ ਜਿਹੇ ਹੋ ਕੇ ਉਡੀਕ 'ਚ ਰੁਕ ਗਏ ਪਲਾਂ ਦਾ ਜ਼ਿਕਰ ਹੋਵੇ
ਹੱਥ 'ਚ ਫੜੇ ਫੁੱਲਾਂ ਨੂੰ ਮਸਲਕੇ ਸੁੱਟ ਦੇਣ ਵਰਗੀ ਖਿੱਝ ਹੋਵੇ
ਉਸੇ ਪਲ ਕਿਸੇ ਦੇ ਆਉਣ ਦੀ ਬਿੜਕ ਸੁਣ
ਮਸਲੇ ਫੁੱਲਾਂ ਦੀ ਹਾਲਤ ਵੇਖ ਉੱਠੀ ਤੜਪ ਦੀ ਚਿਣਗ ਹੋਵੇ..!!
ਪਰ ਨਹੀਂ
ਅੱਜ-ਕੱਲ੍ਹ ਤਾਂ ਚੰਗੇ ਸੁਪਨਿਆਂ ਦੀ ਉਂਜ ਹੀ ਬੜੀ ਕਿੱਲਤ ਹੈ..??
ਹੁਣ ਤਾਂ ਬੱਸ ਚੰਗੇ ਸੁਪਨਿਆਂ ਦਾ ਸੁਪਨਾ ਹੀ
ਅੱਖਾਂ ਲਈ ਜਾਇਜ਼ ਹੈ..!!!

## (3) ਜ਼ਿਹਨ 'ਚ ਅਟਕੀ ਭਟਕਣ

ਐਸੀਆਂ ਤਕਦੀਰਾਂ ਤਾਂ
ਕਿਸੇ ਮੋਹ-ਖੋਰੇ ਨੂੰ ਹੀ ਮਿਲਦੀਆਂ ਨੇ-ਕਿ
ਪੈਰਾਂ 'ਚ ਮੰਜ਼ਿਲ ਹੋਵੇ
ਤੇ ਜ਼ਿਹਨ ਵਿੱਚ ਭਟਕਣ..??
ਉਂਜ ਵੀ ਕਿਹੜੇ ਉਹ ਕਿਤੇ ਪਹੁੰਚ ਹੀ ਜਾਣੇ ਸਨ
ਕਦੀ ਕਿਸੇ ਬੇਗ਼ਾਨੇ ਬੂਹੇ ਦੀ ਦਸਤਕ ਬਣਦੇ
ਕਦੀ ਬਜ਼ੁਰਗ ਰਾਹਾਂ ਦੀ ਧੂੜ ਉਡਾਉਂਦੇ
ਕਦੀ ਤਨਹਾ ਸਿਵਿਆਂ 'ਚੋਂ ਕਿਸੇ ਰੌਣਕ ਦੀ ਤਲਾਸ਼ ਕਰਦੇ
ਜਾਂ ਫਿਰ ਕਿਤੇ ਹੋ ਰਹੇ ਦੰਗਿਆਂ ਵਿੱਚ
ਮੋਹ ਮੁਹੱਬਤ ਦੀ ਬੇਪਛਾਣ ਹੋ ਗਈ ਲਾਸ਼ ਦੀ
ਸ਼ਨਾਖ਼ਤ ਕਰਦੇ ਕਰਦੇ...
ਖੌਰੇ ਆਪਣਾ ਵੀ ਸਿਰਨਾਵਾਂ ਗੁਆ ਬਹਿੰਦੇ..!!
ਉਹ ਤਾਂ ਸ਼ਾਇਦ ਆਏ ਵੀ ਇੰਜ ਹੀ ਸੀ
ਰਹੇ ਵੀ ਗੁੰਮਨਾਮ ਜਿਹੇ
ਨਾ ਜਾਣੇ ਮਰ ਵੀ ਬੇਨਾਮ ਜਿਹੇ ਹੀ ਜਾਣੇ ਸਨ..??
ਜੇ ਕਿਤੇ ਉਹਨਾਂ ਦੇ ਜ਼ਿਹਨ 'ਚ ਅਟਕੀ ਭਟਕਣ
ਉਨ੍ਹਾਂ ਨੂੰ ਬੇ-ਅਰਾਮ ਨਾ ਕਰਦੀ
ਤੇ ਸਫ਼ਰ ਉਨ੍ਹਾਂ ਦੀ ਤਕਦੀਰ ਨਾ ਬਣਦੇ..!!!
ਉਹ ਤਾਂ ਜਿਵੇਂ ਜੀਣ ਹੀ ਇੰਜ ਆਏ ਸਨ..???

(273/6, ਸੈਂਟਰਲ ਟਾਊਨ, ਜਲੰਧਰ)

## ਤੈਨੂੰ ਯਾਦ ਵੀ ਨਹੀਂ ਹੋਣਾ/ਸੁਰਜੀਤ ਸਾਜਨ

ਸੂਹੇ ਸੂਹੇ ਫੁੱਲਾਂ ਵਾਲੀ
ਰੁੱਤ ਨੂੰ ਗਵਾਚੇ ਕਿੰਨੇ ਬੀਤ ਗਏ ਨੇ ਸਾਲ
ਤੈਨੂੰ ਯਾਦ ਵੀ ਨਹੀਂ ਹੋਣਾ

ਆਪਾਂ ਛੋਟੇ ਛੋਟੇ ਹੁੰਦੇ
'ਕੱਠੇ ਖੇਡਦੇ ਹੁੰਦੇ ਸੀ ਇਕ ਦੂਸਰੇ ਦੇ ਨਾਲ
ਤੈਨੂੰ ਯਾਦ ਵੀ ਨਹੀਂ ਹੋਣਾ

ਕੰਧਾਂ ਉਹਲੇ ਕਦੇ ਪਰਛਾਵਿਆਂ 'ਚ
ਮਿੱਟੀ ਦੇ ਬਣਾਉਂਦੇ ਰਹਿਣਾ ਘਰ
ਕਿੱਥੋਂ ਕੁ ਰਵਾਨਾ ਹੋ ਕੇ ਕਿਹੜੀ ਕੂਟ ਜਾਣਾ
ਹੋਣੀ ਕਿਤੇ ਨਾ ਖਬਰ
ਇਹ ਵੀ ਸੋਚਣਾ ਨਾ ਮਾਪਿਆ ਨੇ ਲੱਭਦੇ ਲਭਾਉਂਦੇ
ਕਿੱਥੇ ਕੀਤੀ ਹੋਊ ਭਾਲ
ਤੈਨੂੰ ਯਾਦ ਵੀ ਨਹੀਂ ਹੋਣਾ

ਰੁੱਸਿਆ ਮਨਾਉਣਾ ਕਦੇ ਆਪ ਰੁੱਸ ਪੈਣਾ
ਹੁੰਦਾ ਨਿੱਤ ਦਾ ਵਿਹਾਰ
ਹਾਸਿਆਂ ਮਾਖੌਲਾਂ ਦੀਆਂ ਗੱਲਾਂ ਵਿਚ
ਹੁੰਦਾ ਰਹਿਣਾ ਕਦੇ ਤਕਰਾਰ
ਆਪਾਂ ਟਾਹਲੀਆਂ ਦੀ ਛਾਵੇਂ ਕਿੱਦਾਂ ਕਰਦੇ ਸੀ
ਜਮ੍ਹਾਂ ਤੇ ਘਟਾਓ ਦੇ ਸਵਾਲ
ਤੈਨੂੰ ਯਾਦ ਵੀ ਨਹੀਂ ਹੋਣਾ

ਮੱਖਣੀ ਦੀ ਲੱਪ, ਬੇਹੀ ਰੋਟੀ ਉੱਤੇ ਰੱਖ
ਸੁਬਹ ਖਾਣੀ ਇਕ ਦੂਜੇ ਨੂੰ ਵਿਖਾਲ ਕੇ
ਭੁੱਜੇ ਹੋਏ ਛੱਲੀਆਂ ਤੇ ਦਾਣੇ ਮੂੰਗਫਲੀ
ਸੀ ਵਟਾਉਂਦੇ ਇਕ ਦੂਸਰੇ ਨੂੰ ਭਾਲ ਕੇ
ਬਿਨਾਂ ਬੋਲਿਆਂ ਬੁਲਾਇਆਂ ਤੱਕਦੇ ਹੀ ਜਾਣ ਲੈਣਾ
ਇਕ ਦੂਸਰੇ ਦਾ ਹਾਲ
ਤੈਨੂੰ ਯਾਦ ਵੀ ਨਹੀਂ ਹੋਣਾ

ਅੱਡਾ ਖੱਡਾ ਕੋਟਲਾ ਛਪਾਕੀ ਤੇ ਲੁਕਣਮਿਟੀ
ਹੋਰ ਵੀ ਬਥੇਰਾ ਕੁਝ ਹੁੰਦਾ ਸੀ
ਪੱਤੜਾਂ ਵਾਲੇ ਦੀ ਉਦੋ ਜ਼ਿੰਦਗੀ ਸਧਰਾਂ
ਸੱਜਰਾ ਸਵੇਰਾ ਕੁਝ ਹੁੰਦਾ ਸੀ
ਹੁਣ ਤੇਰਾ ਸਾਜਨ ਤਿਕਾਲੀਂ ਯਾਦਾਂ ਤੇਰੀਆਂ ਨੂੰ
ਕਿੱਦਾਂ ਕਿੱਦਾਂ ਰੱਖਦਾ ਸੰਭਾਲ
ਤੈਨੂੰ ਯਾਦ ਵਾ ਨਹੀਂ ਹੋਣਾ............





## ਤਿੰਨ ਕਵਿਤਾਵਾਂ/ਵਰਿੰਦਰ ਪ੍ਰੀਹਾਹ

### 1. ਕਣਕ

ਸ਼ਹਿਰੋਂ ਦੂਰ
ਬਹੁਤ ਦੂਰ
ਨਿੱਕੀਆਂ ਨਿੱਕੀਆਂ
ਪਗਡੰਡੀਆਂ 'ਤੇ ਟੁਰਦੇ ਅਸੀਂ
ਕਣਕ ਦੇ ਖੇਤਾਂ ਵਿੱਚ ਜਾਵਾਂਗੇ

ਸੋਨੇ ਦੀ ਫਸਲ ਵਿੱਚ
ਆਵਾਰਾ ਬਦਲੀ ਦੀ ਛਾਂ ਫੜਦੇ
ਗਾਉਂਦੇ ਗੁਣਗੁਣਾਉਂਦੇ
ਅਸੀਂ ਬਾਵਰੇ
ਬੇਮਕਸਦ
ਏਧਰੋਂ ਓਧਰ ਨੱਸਾਂਗੇ

ਪੱਕੇ ਹੋਏ ਝੂਲਦੇ
ਹਜ਼ਾਰਾਂ ਸਿੱਟਿਆਂ ਵਿਚੋਂ
ਇੱਕ ਸਿੱਟੇ ਨੂੰ
ਬੜੇ ਤੇਹ ਨਾਲ ਅਸੀਂ ਤੋੜਾਂਗੇ

ਝੰਡੇ ਵਾਂਗ
ਹੱਥਾਂ 'ਚ ਚੁੱਕੀ ਸਿੱਟੇ ਨੂੰ
ਨੱਸਦੇ
ਅਸੀਂ ਸਾਰੇ ਘਰ ਮੁੜਾਂਗੇ

ਸੁਨਹਿਰੀ ਸਿੱਟੇ ਨੂੰ
ਬੜੇ ਮੋਹ ਨਾਲ
ਅਸੀਂ ਹੌਲੇ-ਹੌਲੇ ਛਿੱਲਾਂਗੇ

ਇੱਕ ਇੱਕ ਦਾਣੇ ਨੂੰ
ਸੈਨਿਕਾਂ ਦੀਆਂ ਪਾਲਾਂ ਵਾਂਗ
ਸਫ਼ ਦਰ ਸਫ਼
ਬੜੇ ਧਿਆਨ ਨਾਲ
ਅਸੀਂ ਮੇਜ਼ ਉੱਤੇ ਧਰਾਂਗੇ
ਚੁੱਪ ਚਾਪ
ਸ਼ਿਸਤ ਲਾਈ ਬੈਠੀ ਪਲਟਨ ਨਾਲ
ਅਸੀਂ ਬੜੀਆਂ ਗੱਲਾਂ ਕਰਾਂਗੇ
ਉਨ੍ਹਾਂ ਤੋਂ
ਕਈ ਫ਼ਲਸਫ਼ਾਨਾ ਕਈ ਬਚਗਾਨਾ
ਸਵਾਲ ਪੁੱਛਾਂਗੇ :

ਦੱਸੋ ਸੈਨਿਕੋ ਦੱਸੋ-
ਤੁਸੀਂ ਨਰ ਕਿ ਮਾਦਾ

ਚੁੱਪ ਨਾ ਰਹੋ
ਤੁਸਾਂ ਨੂੰ ਖ਼ੁਦਾ ਦਾ ਵਾਸਤਾ

ਜੇ ਨਰ ਹੋ
ਵਿਸਾਰ ਦੇਵੋ
ਆਚਾਰ ਵਿਵਹਾਰ ਸਦਾਚਾਰ ਸੱਭਿਆਚਾਰ
ਭਰ ਦੇਵੋ
ਆਪਣੀ ਨਸਲ ਨਾਲ ਪੂਰਾ ਸੰਸਾਰ

ਜੇ ਹੋ ਮਾਦਾ
ਉਲੰਘ ਆਵੋ
ਹਰ ਬੰਦਿਸ਼ ਹਰ ਮਰਿਯਾਦਾ
ਬਾਅਦ ਵਿਧਾਤਾ ਤੋਂ
ਤੁਸੀਂ ਹੀ ਤਾਂ ਹੋ
ਬੰਦੇ ਦੇ ਜਨਮਦਾਤਾ
ਭਰ ਦੇਵੋ
ਆਪਣੀ ਨਸਲ ਨਾਲ ਹੁਣ ਜੱਗ ਸਾਰਾ...

ਅਸੀਂ ਸ਼ਹਿਰੋਂ ਦੂਰ
ਬਹੁਤ ਦੂਰ
ਨਿੱਕੀਆਂ-ਨਿੱਕੀਆਂ
ਪਗਡੰਡੀਆਂ 'ਤੇ ਟੁਰਦੇ
ਕਣਕ ਦੇ ਖੇਤਾਂ ਵਿੱਚ ਜਾਵਾਂਗੇ

### (2) ਸਵੇਰ ਹਵਾ

ਵਰਖਾ ਫੇਰ
ਦੱਬੇ ਪੈਰੀਂ
ਆਵੇਗੀ

ਪੱਤੇ ਗਿੱਲੇ
ਹਿੱਲਣ ਰੁੱਖਾਂ ਦੇ
ਸ਼ੀਸ਼ੇ ਵਾਂਗੂੰ
ਅਸਮਾਨ ਅਕਸ
ਸਾਂਭੀ ਬੈਠੇ ਪੱਤੇ

ਤਿਲਕੇਗੀ ਬੂੰਦ-ਬੂੰਦ
ਆਹਿਸਤਾ-ਆਹਿਸਤਾ
ਨੀਲਗੂੰ-ਆਕਾਸ਼-ਅਕਸ ਤੋਂ ਬਰਖਾ

ਲੰਘਦੇ ਲਮਹੇ
ਮਾਣਨਗੇ
ਸੌਂਧੀ ਮਿੱਟੀ ਮਹਿਕ
ਕੁਝ ਲਮਹੇ ਹੋਰ

ਜੁਗਨੂੰ
ਕਾਲੇ ਕੈਨਵਸ ਖਲਾਅ ਤੇ



ਚਿੱਟੀਆਂ ਅਮੂਰਤ ਲੀਕਾਂ
ਵਾਹੁਣਗੇ ਬੇਅਰਥ

ਜੰਗਲੀ ਫੁੱਲਾਂ ਨੂੰ
ਉੱਚੇ ਘਾਹ ਨੂੰ
ਢੂੰਹਦੀ ਨਸੀਮ
ਝੋਂਕਾ ਝੋਂਕਾ ਦੂਰ
ਅੱਖ ਝਮਕਦੇ
ਸਮੁੰਦਰ ਲਹਿਰਾਂ ਹੋ ਜਾਵੇਗੀ
ਹੋਂਦ ਗਵਾਵੇਗੀ
ਬਿਰਖ ਬੇਕਲ ਬੋਲਣਗੇ:
ਉਫ! —
ਵਿੱਚ ਬਹਾਰੀਂ
ਏਨੀ ਉਦਾਸੀ

ਪੀਤਾਂਬਰ ਹੋ ਜਾਣਗੇ ਪੇੜ ਅੰਤ
ਚਿੜੀ
ਬੇਘਰ ਬੇਦੇਸੀ ਇੱਕ
ਸੀਮਾ ਦੇ ਇਸ ਪਾਰ
ਉਸ ਪਾਰ ਕਦੇ
ਬੇਚੈਨ ਇਕੋ ਚੂਕ
ਗਾਵੇਗੀ ਗੀਤ ਪੱਤਝੜੀ
ਪੁਰਾਨਾ ਓਹੀ

ਪਰ ਹਾਏ!
ਨਾ ਬਿਰਖ, ਨਾ ਪੰਛੀ
ਨਾ ਮੀਂਹ
ਨਾ ਮਹਿਕ
ਨਾ ਹਵਾ... ਕੱਲ੍ਹ ਕਿਸੇ ਨੂੰ ਵੀ
ਚੱਲੇਗਾ ਨਾ ਪਤਾ

ਨਸਲ ਬੰਦੇ ਦੀ
ਧਰਤੀ ਦੇ ਮੁੱਖ ਤੋਂ ਚਾਣ ਚੱਕ
ਹੋ ਜਾਵੇ ਜੇ ਲਾਪਤਾ
ਗੌਲੇਗੀ ਵੀ ਨਾ ਸਾਰੀ ਕੁਦਰਤ ਰਤਾ
ਆਪ ਮੁਹਾਰੇ
ਕਹਿ ਜਾਵੇਗੀ ਬਸ
ਲਹਿਰ ਹੋਣ ਚੱਲੀ
ਸਵੇਰ ਹਵਾ :

ਉਫ!
ਕਿਉਂ ਏਨੀ ਖ਼ਾਮੋਸ਼ੀ ਏਧਰ ਦੂਰ ਤਲਕ
ਸੰਨ ਏਸ ਵਿੱਚ ਕੋਈ
ਕਿਵੇਂ ਵੇਖ ਸਕੇਗਾ ਭਲਕ

ਕਿਸ ਲਈ ਬਣਾਂਗੀ ਸਾਹ?
ਕਿਸ ਲਈ ਉਮਾਹ?

ਉਦਾਸ ਘੁੰਮਾਂਗੀ ਹੁਣ ਲਗਦੈ
ਪਿਛਲੇ ਸੁੰਨ ਸਮਿਆਂ ਵਾਂਗਰ
ਸੁੱਕੇ ਸਮੁੰਦਰ ਉਦਾਲੇ
ਕਲਮ ਕੱਲੀ
ਮੈਂ ਬਾਵਰੀ
ਸਵੇਰ ਹਵਾ

(3) ਅਨੁਵਾਦ

ਥੋੜ੍ਹਾ ਅਮੂਰਤ
ਥੋੜ੍ਹਾ ਜੋ ਦਿਸਦਾ
ਮੈਂ ਉਸਨੂੰ ਯਾਦ ਕੀਤਾ
ਦਿਲ ਜ਼ਿਹਨ 'ਚੋ ਫੇਰ
ਹੌਲੇ-ਹੌਲੇ ਉਸਨੂੰ ਆਜ਼ਾਦ ਕੀਤਾ

ਇਸ ਤਰ੍ਹਾਂ
ਥੋੜ੍ਹੀ ਜਿਹੀ ਧਰਤੀ
ਤੇ ਥੋੜ੍ਹੇ ਜਹੇ ਆਕਾਸ਼ ਦਾ
ਮੈਂ ਅਨੁਵਾਦ ਕੀਤਾ

ਕੱਟੇ ਸਿੰਮਦੇ ਬਿਰਖਾਂ ਦੇ
ਹਜ਼ਾਰਾਂ ਢੇਰਾਂ ਨੂੰ ਤੱਕਦੇ
ਕਿਵੇਂ ਲਿਖ ਸਕਦਾ ਹੈ ਕੋਈ ਨਜ਼ਮ
ਨਵੇਂ ਇਸ ਦੌਰ ਵਿੱਚ
ਦਰਦ ਇੱਕ ਬਿਰਖ ਦਾ
ਬਿਰਖ ਦੂਜਾ
ਕਿਵੇਂ ਬਣਾ ਸਕਦਾ ਹੈ ਆਪਣਾ ਗ਼ਮ

ਇਹ ਸੋਚਦੇ
ਇਹ ਚਿਤਵਦੇ
ਸਾਰੀ ਕਾਇਨਾਤ ਨੂੰ
ਇੱਕ ਖ਼ਾਬ ਇੱਕ ਲਮਹੇ ਵਿੱਚ ਮੈਂ ਬੰਦ ਕੀਤਾ
ਸਾਰੀ ਦੁਨੀਆਂ ਨੂੰ
ਕੁਝ ਚਿਰਾਂ ਲਈ
ਮੈਂ ਇੰਜ ਸੁਰੱਖਿਅਤ ਕੀਤਾ

ਥੋੜ੍ਹੀ ਜਿਹੀ ਧਰਤੀ
ਥੋੜ੍ਹੇ ਜਿਹੇ ਆਕਾਸ਼ ਦਾ
ਮੈਂ ਇਉਂ ਅਨੁਵਾਦ ਕੀਤਾ
ਦਿਲ ਜ਼ਿਹਨ 'ਚੋਂ ਫੇਰ
ਹੌਲੇ-ਹੌਲੇ ਉਸਨੂੰ ਆਜ਼ਾਦ ਕੀਤਾ

1, Merton Rd. High Field, Southampton, U.K



<u>ਰੀਵੀਊ</u>

## ਅਕਾਲੀ ਰਾਜਨੀਤੀ ਦਾ ਜੰਗਨਾਮਾ—ਵਿਅੰਗਨਾਮਾ

'ਵਿਅੰਗਨਾਮਾ' ਪੰਜਾਬੀ ਦੇ ਚਰਚਿਤ ਕਵੀ ਹਰਭਜਨ ਸਿੰਘ ਹੁੰਦਲ ਦੁਆਰਾ ਰਚੀ ਇਹ ਲੰਮੀ ਕਵਿਤਾ ਹੈ ਜਿਹੜੀ ਪੰਜਾਬੀ ਦੇ ਸੁਪ੍ਰਸਿੱਧ ਲੋਕ ਸ਼ਾਇਰ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ, ਸਿੰਘਾਂ ਤੇ ਫਰੰਗੀਆਂ ਦਾ' ਦੇ ਮੁਹਾਵਰੇ ਤੇ ਲਿਖੀ ਹੈ। ਰੂਪ ਅਤੇ ਭਾਵਨਾ ਦੋਹਾਂ ਪੱਖਾਂ ਤੋਂ ਇਹ ਰਚਨਾ ਸ਼ਾਹ ਮੁਹੰਮਦ ਦੀ ਪੈੜ ਤੇ ਤੁਰਦੀ ਹੈ। ਪ੍ਰਸੰਗ ਦਾ ਅੰਤਰ 'ਵਿਅੰਗਨਾਮੇ' ਨੂੰ ਜੋ ਵਿੱਥ ਪ੍ਰਦਾਨ ਕਰਦਾ ਹੈ, ਉਸ ਵਿੱਚ ਹੁੰਦਲ ਨੇ ਆਧੁਨਿਕ ਸਮਾਜ ਵਿਚਲੀਆਂ ਜਟਿਲਤਾਵਾਂ ਦੇ ਪ੍ਰਮੁੱਖ ਸਰੋਕਾਰਾਂ ਨੂੰ ਭਰਨ ਦਾ ਸਾਰਥਕ ਯਤਨ ਕੀਤਾ ਹੈ। ਕਈ ਵਾਰੀ ਵਿਅੰਗ ਨੂੰ ਇੱਕ ਮਸ਼ਕਰੀ ਜਾਂ ਟਕੋਰ ਦੀ ਸਤਹ ਤੇ ਲਿਆ ਜਾਂਦਾ ਹੈ। ਇਹ ਵਿਅੰਗ ਵਰਗੀ ਸਿਨਫ਼ ਨਾਲ ਘੋਰ ਬੇਇਨਸਾਫ਼ੀ ਹੈ। ਮਸ਼ਕਰੀ ਪਿੱਛੇ ਕੋਈ ਗਹਿਨ ਗੰਭੀਰ ਭਾਵਨਾ ਨਹੀਂ ਹੁੰਦੀ, ਸਿਰਫ਼ ਮਜ਼ਾਕ ਜਾਂ ਮੌਜੂ ਬਣਾਉਣ ਦੀ ਭਾਵਨਾ ਹੁੰਦੀ ਹੈ। ਵਿਅੰਗ ਦਾ ਮੰਤਵ ਕਿਸੇ ਦੀ ਖਿੱਲੀ ਉਡਾਉਣਾ ਨਹੀਂ, ਸਗੋਂ ਉਸਨੂੰ ਸੁਚੇਤ ਕਰਨਾ ਹੁੰਦਾ ਹੈ। ਨਾਲ-ਨਾਲ ਇਹ ਲੋਕਾਂ ਨੂੰ ਜਾਗਰਤ ਵੀ ਕਰਦਾ ਹੈ। ਸੱਚ ਦੀ ਪਛਾਣ ਕਰਾਉਂਦਾ ਹੈ। ਇਸੇ ਤਰ੍ਹਾਂ ਵਿਅੰਗ ਬੜਾ ਸਾਰਥਕ ਹਥਿਆਰ ਹੋ ਨਿਬੜਦਾ ਹੈ। ਜਦੋਂ ਸ਼ਾਹ ਮੁਹੰਮਦ ਕਦੀ-ਕਦੀ ਸਿੰਘਾਂ ਉੱਤੇ ਵਿਅੰਗ ਕਰਦਾ ਹੈ ਤਾਂ ਉਸ ਦਾ ਮੰਤਵ ਸਿੰਘਾਂ ਦਾ ਮੌਜੂ ਉਡਾਉਣਾ ਹਰਗਿਜ਼-ਹਰਗਿਜ਼ ਨਹੀਂ, ਸਗੋਂ ਉਸ ਦਾ ਤਾਂ ਰੋਮ-ਰੋਮ ਕੁਰਲਾ ਰਿਹਾ ਸੀ। ਆਤਮਾ ਅਤਿ ਪੀੜਤ ਸੀ। ਸਿੰਘਾਂ ਦੀਆਂ ਗ਼ਲਤੀਆਂ, ਪਾਟੋਧਾੜ ਅਤੇ ਵਿਸ਼ਵਾਸ਼ਘਾਤ ਤੋਂ ਅਤਿਅੰਤ ਦੁਖੀ ਸੀ। ਪਰ ਉਸ ਦੀ ਪੂਰੀ ਹਮਦਰਦੀ ਸਿੱਖ ਫੌਜਾਂ ਨਾਲ ਸੀ। ਭਲਾ ਫਿਰ ਉਹ ਸਿੱਖ ਫੌਜਾਂ ਦੇ ਉਪਹਾਸ ਜਾਂ ਮਜ਼ਾਕ ਦੀ ਭਾਵਨਾ ਕਿਵੇਂ ਰੱਖ ਸਕਦਾ ਸੀ। ਉਸ ਦੇ ਵਿਅੰਗ ਪਿੱਛੇ ਉਸ ਦੇ ਹਿਰਦੇ ਦੀ ਪੀੜਾ ਤੇ ਹੂਕ ਸੀ। ਕਿਉਂਕਿ ਉਹ ਸੱਚਾ ਪੰਜਾਬੀ ਸੀ। ਵਿਅੰਗ ਤਾਂ ਹਿਰਦੇ ਦੇ ਆਰ-ਪਾਰ ਹੋ ਜਾਣ ਵਾਲੀ ਸੱਚ ਦੀ ਨਸ਼ਤਰ ਹੈ, ਜਿਸ ਵਿੱਚ ਗ਼ਿਲਾ ਹੈ, ਪੀੜਾ ਹੈ, ਚੇਤਨ ਕਰਾਉਣ ਦੀ ਇੱਛਾ ਹੈ ਅਤੇ ਲੋਕਾਂ ਦੇ ਅੰਗ-ਸੰਗ ਖੜੋਣ ਦਾ ਅਹਿਦ।

ਹਰਭਜਨ ਸਿੰਘ ਹੁੰਦਲ ਦੇ ਵਿਅੰਗਨਾਮੇਂ ਨੂੰ ਪੜ੍ਹ ਕੇ ਪਹਿਲੀ ਨਜ਼ਰੇ ਇੰਜ ਭਾਸਦਾ ਹੈ ਕਿ ਉਹ ਅਕਾਲੀ ਵਿਰੋਧੀ ਹੈ। ਪਰ ਗਹੁ ਨਾਲ ਵਾਚਿਆਂ ਇਹ ਇੱਕ ਭਰਮ ਸਾਬਤ ਹੁੰਦਾ ਹੈ। ਉਸ ਨੂੰ ਤਾਂ ਪੰਜਾਬ ਅਤੇ ਪੰਜਾਬੀਅਤ ਦਾ ਗ਼ਮ ਹੈ। ਇਹਨਾਂ ਦਾ ਘਾਣ ਕਰਨ ਵਾਲਾ ਕੋਈ ਵੀ ਹੋਵੇ, ਉਸ ਦਾ ਵਿਰੋਧੀ ਹੈ। ਉਸ ਦਾ ਵਿਅੰਗ ਤਾਂ 'ਅਪਣੱਤ' ਵਾਲੀ ਚਿੰਤਾ 'ਚੋਂ ਉਪਜਿਆ ਵਿਅੰਗ ਹੈ। ਇਕ ਤਾਂ ਪੁਸਤਕ ਦਾ ਪੂਰਾ ਪਰਿਪੇਖ ਹੀ ਅਕਾਲੀ ਰਾਜ ਭਾਗ ਪ੍ਰਾਪਤੀ ਤੋਂ ਬਾਅਦ ਦਾ ਹੈ। ਦੂਜਾ ਉਸ ਨੂੰ ਅਕਾਲੀਆਂ ਉੱਤੇ ਵਧੇਰੇ ਗ਼ਿਲਾ ਹੈ। ਕਿਉਂਕਿ ਇਹਨਾਂ ਦਾ ਵਿਰਸਾ ਲੋਕ-ਮਿੱਤ੍ਰਾਂ ਵਾਲੀ ਸੀ, ਲੋਕ-ਦੁਸ਼ਮਣਾਂ ਵਾਲਾ ਨਹੀਂ। ਲੋਕਾਂ ਨੂੰ ਨਨਕਾਣੇ, ਜੈਤੋ ਅਤੇ ਐਮਰਜੈਂਸੀ ਵਾਲੇ ਮੋਰਚੇ ਅਜੇ ਭੁੱਲੇ ਨਹੀਂ, ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਅੱਜ ਵੀ ਲੋਕਾਂ ਦੇ ਚੇਤੇ ਦੇ ਅੰਗ-ਸੰਗ ਹਾਜ਼ਰ ਨੇ। ਹੁੰਦਲ ਦਾ ਪਰਿਵਾਰਕ ਪਿਛੋਕੜ ਅਕਾਲੀਆਂ ਵਾਲਾ ਸੀ। ਇਸ ਕਰਕੇ ਇਹ ਵਿਰਸਾ ਅੱਜ ਵੀ ਹੁੰਦਲ ਦੇ ਮਨ-ਮਸਤਕ ਦੇ ਚਿਤ੍ਰਪਟ ਤੇ ਉੱਕਰਿਆ ਹੋਇਆ ਹੈ, ਜਿਸ ਦੀ ਗੱਲ ਉਹ ਕਈ ਵਾਰ ਵਿਅੰਗਨਾਮੇ ਵਿੱਚ ਕਰਦਾ ਹੈ।

ਜੰਮੇ ਪਲੇ ਹਾਂ ਸਿੱਖੀ ਦੇ ਰੰਗ ਅੰਦਰ
ਸਿੱਖੀ ਸੱਚ ਲਈ ਸ਼ੁਰੂ ਤੋਂ ਲੜੇ ਮੀਆਂ,
ਭਾਈ ਲਾਲੋਆਂ ਨਾਲ ਹੈ ਸਾਂਝ ਇਹਦੀ,
ਮਲਕ ਭਾਗੋਆਂ ਦੇ ਅੱਗੇ ਅੜੇ ਮੀਆਂ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ 'ਸਿੱਖੀ ਦਾ ਸੱਚ' ਕੀ ਹੈ? ਹੁੰਦਲ ਅਨੁਸਾਰ ਲਾਲੋਆਂ ਨਾਲ ਪਿਆਰ ਕਰਨਾ ਸਿੱਖੀ ਦਾ ਸੱਚ ਹੈ। 'ਚਿੜੀਆਂ ਦਾ ਬਾਜ਼ਾ' ਨਾਲ ਟਕਰਾਉਣਾ ਇਹ ਸਿੱਖੀ ਦਾ ਸੱਚ ਹੈ।

ਚਿੜੀਆਂ ਉੱਠ ਟਕਰਾਉਂਦੀਆਂ ਨਾਲ ਬਾਜ਼ਾਂ
ਨਿੱਕੇ ਹੁੰਦਿਆਂ ਤੋਂ ਏਹੋ ਪੜ੍ਹੇ ਮੀਆਂ।

ਕਵੀ ਨੂੰ ਗਿਲਾ ਵੀ ਏਹੋ ਹੈ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਸਿੱਖੀ ਭਾਈ ਲਾਲੋ ਅਤੇ ਭਾਈ ਜੈਤੇ ਦੇ ਘਰ ਤੋਂ ਨਿਕਲ ਕੇ ਮਲਕ ਭਾਗੋ ਅਤੇ ਮਹੰਤਾਂ ਦੇ ਮਹੱਲਾਂ ਵਿੱਚ ਜਾ ਵੜੀ ਹੈ। ਸਾਰੇ ਉਲਟ ਫੇਰ ਦੀ ਸ਼ੁਰੂਆਤ ਹੀ ਏਥੋਂ ਹੁੰਦੀ ਹੈ। ਧਾਰਮਿਕ ਖੇਤਰ ਦੀ ਹੀ ਗੱਲ ਪਹਿਲਾਂ ਕਰ ਲਵੋ। ਥਾਂ-ਥਾਂ ਤੇ ਸੰਗਮਰਮਰੀ ਗੁਰਦੁਆਰੇ ਉੱਸਰ ਰਹੇ ਹਨ, ਪਰ ਲੋਕਾਂ ਦੇ ਅੰਦਰੋਂ ਵਿਸ਼ਵਾਸ ਤਿੜਕ ਰਹੇ ਹਨ। ਅੰਮ੍ਰਿਤ ਛਕਣ ਵਾਲਿਆਂ ਦਾ ਵੀ ਹੜ੍ਹ ਜਿਹਾ ਆ ਗਿਆ ਹੈ, ਪਰ ਸਿੱਖਾਂ ਦੇ ਮੁੰਡੇ ਨਾਈਆਂ ਦੀਆਂ ਦੁਕਾਨਾਂ ਅੱਗੇ ਵੀ ਕਤਾਰਾਂ ਬੰਨ੍ਹ ਕੇ ਖੜੇ ਹਨ। ਧਾਰਮਿਕ ਕੈਸਿਟਾਂ ਸਾਰਾ ਦਿਨ ਵੈਰਾਗ਼ਮਈ ਕੀਰਤਨ ਸੁਣਾਉਂਦੀਆਂ ਹਨ, ਪਰ ਲੋਕਾਂ ਦੇ ਅੰਦਰੋਂ ਵੈਰਾਗ਼ ਦਾ ਝਰਨਾ ਸੁੱਕ ਗਿਆ ਹੈ। ਕੈਸੀ ਵਿਡੰਬਨਾ ਹੈ, ਕੈਸਾ ਵਿਰੋਧਾਭਾਸ ਹੈ। ਸ਼ਾਂਤੀ ਲੱਭਦਾ-ਲੱਭਦਾ ਮਨੁੱਖ ਅਸ਼ਾਂਤ ਹੋ ਗਿਆ ਹੈ। ਬਿਫ਼ਰੇ ਜਜ਼ਬਾਤਾਂ ਅਤੇ ਆਕਾਂਖਿਆਵਾਂ ਦੇ ਹੜ੍ਹ ਵਿੱਚ ਉਸਦਾ ਸਵੈ ਗੁਆਚ ਗਿਆ ਹੈ। ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲੇ ਬਾਦਲ-ਟੌਹੜਾ ਅਤੇ ਉਸ ਦੀ ਪਾਰਟੀ ਲੋਕਾਂ ਨੂੰ ਹੋਰ ਫਰੰਟਾਂ ਵਾਂਗ ਧਾਰਮਿਕ ਫਰੰਟ ਤੇ ਵੀ ਯੋਗ ਅਗਵਾਈ ਨਹੀ ਦੇ ਸਕੇ। ਦੇ ਵੀ ਨਹੀਂ ਸੀ ਸਕਦੇ, ਕਿਉਂਕਿ ਉਹ ਲਾਲੋਆਂ ਦੇ ਪੁੱਤ ਨਹੀਂ ਸਨ, ਮਲਕ ਭਾਗੋਆਂ ਦੇ ਪੁੱਤ ਹਨ। ਹੁੰਦਲ ਦੇ ਵਿਅੰਗ ਇਥੇ ਬੜੇ ਤਿੱਖੇ ਤੇ ਸਾਰਥਕ ਹਨ।

ਸਿੱਖੀ ਨਹੀਂ ਜਗੀਰ ਰਜਵਾੜਿਆਂ ਦੀ,
ਠੇਕਾ ਪੰਥ ਦਾ ਜਿਨ੍ਹਾਂ ਨੇ ਚੁੱਕਿਆ ਈ।
ਸ਼ਾਹ ਮੁਹੰਮਦਾ ਤਰਸਦੇ ਭਾਈ ਲਾਲੋ,
ਮਾਇਆ ਵਾਲਿਆਂ ਸਾਂਭਿਆ ਪੰਥ ਬੇਲੀ।

ਦੂਜੇ ਪਾਸੇ ਧਰਮ ਅਤੇ ਰਾਜਨੀਤੀ ਨੂੰ ਰਲਾਉਣ ਵਾਲੀ ਨੀਤੀ ਨੇ ਦੋਹਰੇ ਤੀਹਰੇ ਚੰਨ ਚਾੜ੍ਹੇ ਹਨ! ਇੱਕ ਪਾਸੇ ਤਾਂ ਮੁੱਛ-ਫੁੱਟ ਗੱਭਰੂਆਂ ਨੂੰ, ਜਿਨ੍ਹਾਂ ਨੇ ਅਜੇ ਕਲਮਾਂ ਫੜਨੀਆਂ ਸਨ, ਏ.ਕੇ. ਸੰਤਾਲੀ ਫੜਾ ਦਿੱਤੀਆਂ, ਜਿਸ ਨਾਲ ਹਜ਼ਾਰਾਂ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ। ਪੰਜਾਬ ਦੀ ਹਰ ਗਲੀ ਦੇ ਮੋੜ ਤੇ ਚਿੱਟੀਆਂ ਚੁੰਨੀਆਂ ਵਿਕਣ ਲੱਗ ਪਈਆਂ। ਪੱਗ ਪੈਰੀਂ ਰੁਲਣ ਲੱਗੀ। ਰੰਡੇਪੇ ਦਾ ਦੈਂਤ ਖੌਰੂ ਪਾਉਣ ਲੱਗਾ। ਪਰ ਇਹ ਅਕਾਲੀ ਵੀਰ ਬੁੱਲ੍ਹਾਂ ਤੇ ਜੰਦਰੇ ਮਾਰ ਕੇ ਬੈਠ ਗਏ। ਦੂਜੇ ਪਾਸੇ ਸਿੱਖੀ ਨੂੰ ਅਪਮਾਨਤ ਕਰਨ ਵਾਲੇ ਸਾਜ਼ਸ਼ੀ ਲੋਕਾਂ ਨੂੰ ਮੌਕਾ ਹੱਥ ਆਇਆ, ਜਿਸ ਦੇ ਸਿੱਟੇ ਅਤੇ ਸਿਖਰ ਵਜੋਂ ਦਿੱਲੀ ਅਤੇ ਦੇਸ਼ ਦੇ ਹੋਰ ਥਾਵਾਂ ਉੱਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਦੰਗੇ ਹੋਏ ਅਤੇ ਤੀਸਰਾ ਚੰਨ ਲੋਕਾਂ ਦੀ ਲੁੱਟ ਨਾਲ ਚਾੜ੍ਹ ਦਿੱਤਾ। ਸਿੱਖੀ ਮਲਕ ਭਾਗੋਆਂ ਨੇ ਸਾਂਭ ਲਈ ਹੈ।

'ਸਿੱਖੀ ਸਾਂਭ ਲਈ ਪੈਸੇ ਵਾਲਿਆਂ ਨੇ,
ਕਰੇ ਲਾਲੋ ਦੀ ਯਾਰ ਗ਼ਰੀਬ ਯਾਰੋ।

ਪਰ ਅੱਜ ਦੇ ਇਹ ਮਲਕ ਭਾਗੋ ਸਦਾ ਵਾਂਗੂੰ ਹੀ ਬੜੇ ਜ਼ਹੀਨ ਤੇ ਤੇਜ਼ ਤਰਾਰ ਹਨ। ਉਹ ਜਾਣਦੇ ਹਨ ਕਿ 'ਗੁਰਾਂ ਦੇ ਨਾਂ ਤੇ ਜੀਣ ਵਾਲੇ ਪੰਜਾਬੀਆਂ' ਨੂੰ ਗੁਰੂਆਂ ਦੇ ਨਾਂ ਤੇ ਹੀ ਠੱਗਿਆ ਜਾ ਸਕਦਾ ਹੈ ਅਤੇ ਠੱਗ ਰਹੇ ਹਨ। 'ਪੰਥਕ' ਸਰਕਾਰ ਦੇ ਆਗੂ ਕੁਰਪਸ਼ਨ ਵਿੱਚ ਨੱਕ-ਨੱਕ ਡੁੱਬੇ ਹੋਏ ਹਨ। ਰੋਜ਼ ਕਿਰਨਜੀਤ ਕਾਂਡ ਵਾਪਰ ਰਹੇ ਹਨ। ਪਰ ਵੱਡੀ ਤ੍ਰਾਸਦੀ ਇਹ ਹੈ ਕਿ ਗੁਰੂਆਂ ਦੇ ਅਸਲ ਵਾਰਸ ਲੋਕਾਂ ਵਿੱਚ ਇਸ ਕਰਕੇ ਪ੍ਰਵਾਨ ਨਹੀਂ ਕਿ ਇਹ ਗੁਰੂ ਵਾਲੇ ਨਹੀਂ। ਗੁਰੂਆਂ ਤੋਂ ਮੁਨਕਰ ਹਨ। ਇਹ ਲੋਕ-ਹਿੱਤੂਆਂ ਲਈ ਚਿੰਤਾ ਵੀ ਹੋਣੀ ਚਾਹੀਦੀ ਹੈ ਤੇ ਚੁਣੌਤੀ ਵੀ।

ਕੁਰਸੀ ਤੋਂ ਉੱਤਰ ਕੇ ਅਕਾਲੀ ਲੋਕ ਮੰਗਾਂ ਨੂੰ ਲੈ ਕੇ ਵੱਡੇ-ਵੱਡੇ ਮੋਰਚੇ ਲਾਉਂਦੇ ਹਨ। ਪਾਣੀਆਂ ਦਾ ਮਸਲਾ ਹੋਵੇ ਜਾਂ ਚੰਡੀਗੜ੍ਹ ਦਾ, ਪੰਜਾਬੀ ਭਾਸ਼ਾ ਦਾ ਮਸਲਾ ਹੋਵੇ ਜਾਂ ਪੰਜਾਬੀ ਬੋਲਦੇ ਇਲਾਕਿਆਂ ਦਾ, ਇਹ ਹਰ ਮੰਗ ਨੂੰ ਉੱਚੀ ਸੁਰ ਵਿੱਚ ਪੇਸ਼ ਕਰਨਾ ਜਾਣਦੇ ਹਨ। ਪਰ ਜਦੋਂ ਆਪ ਕੁਰਸੀ ਤੇ ਕਾਬਜ਼



ਹੋ ਜਾਂਦੇ ਹਨ, ਤਾਂ ਸਭ ਮੋਰਚੇ/ਮਸਲੇ ਬਰਫ਼ ਵਿੱਚ ਲਾ ਦਿੰਦੇ ਹਨ। ਹੁਣ ਅਨੰਦਪੁਰ ਦਾ ਮਤਾ ਕਿੱਥੇ ਹੈ? ਯਾਰਾਂ ਦੀ ਸਰਕਾਰ ਜਿਸ ਵਿੱਚ ਆਪ ਭਾਈਵਾਲ ਹਨ, ਦਿੱਲੀ ਤੇ ਕਾਬਜ਼ ਹੈ। ਪਰ ਚੰਡੀਗੜ੍ਹ ਦੀ ਗੱਲ ਨਹੀਂ ਕਰ ਰਹੇ। ਕੁਰੱਪਟ ਕਾਂਗਰਸ ਨੂੰ ਦੋਂਹ-ਦੋਂਹ ਹੱਥੀਂ ਲੈਣ ਵਾਲੇ ਆਪ ਕੁਰੱਪਟ ਹੋ ਗਏ ਹਨ। ਥਾਣਿਆਂ ਦੇ ਸਾਹਮਣੇ ਧਰਨਾ ਦੇਣ ਵਾਲੇ ਅੱਜ ਰੋਜ਼ ਮਟਕਾ ਚੌਂਕ ਵਿੱਚ ਲੋਕਾਂ ਨੂੰ ਪੁਲਸ ਕੋਲੋਂ ਕੁਟਵਾਉਂਦੇ ਹਨ। ਬਾਹਰੋਂ ਸਾਰੇ ਗੁਰੂ ਵਾਲੇ ਦਿੱਸਦੇ ਹਨ, ਪਰ ਅੰਦਰੋਂ ਗੁਰੂ ਦਾ ਰਤੀ ਭਰ ਵੀ ਖੌਫ਼ ਨਹੀਂ, ਕਿਉਂਕਿ ਗੁਰੂ ਦੀ ਹਾਜ਼ਰ ਨਾਜ਼ਰ ਸ਼ਕਤੀ ਤੇ ਵਿਸ਼ਵਾਸ਼ ਨਹੀਂ। ਪੰਜਾਬੀ ਦੇ ਨਾਂ ਤੇ ਮੋਰਚੇ ਲਾਉਣ ਵਾਲਿਆਂ ਨੇ ਸਭ ਜੰਮਦੇ ਛੋਕਰੇ ਅੰਗਰੇਜ਼ੀ ਪੜ੍ਹਨ ਲਾ ਦਿੱਤੇ ਹਨ, ਮਾਂ-ਭਾਸ਼ਾ ਦਾ ਤੇਹ-ਸਨੇਹ ਮੁੱਕ ਗਿਆ ਹੈ। ਲੋਕਤੰਤਰ ਦੀ ਬਹਾਲੀ ਅਤੇ ਐਮਰਜੈਂਸੀ ਦਾ ਵਿਰੋਧ ਕਰਕੇ ਜੇਲ੍ਹਾਂ ਭਰਨ ਵਾਲੇ ਅੱਜ ਆਪ ਹੀ ਲੋਕਾਂ ਨੂੰ ਸੱਚ ਬੋਲਣ ਤੋਂ ਰੋਕ ਰਹੇ ਹਨ। ਨਾਟਕਾਂ ਤੇ ਪਾਬੰਦੀ ਦੀ ਧਮਕੀ ਕੀ ਸੀ? ਲੋਕਾਂ ਨੂੰ ਅਕਾਲੀਆਂ ਤੋਂ ਵੱਡੀਆਂ ਆਸਾਂ ਸਨ। ਕਾਂਗਰਸੀ ਤਾਂ ਕਦੇ ਵੀ ਪੰਜਾਬ ਦੇ ਨਹੀਂ ਬਣੇ। ਪਰ ਇਹ ਵੀ ਲੋਟੂਆਂ ਦੇ ਯਾਰ ਨਿਕਲੇ। ਇਸਦਾ ਅਸਰ ਇਹ ਹੈ ਕਿ ਲੋਕਾਂ ਵਿੱਚ ਬੇਵਿਸ਼ਵਾਸ਼ੀ ਦਾ ਆਲਮ ਪਸਰ ਰਿਹਾ ਹੈ। ਇਹ ਕੋਈ ਸ਼ੁਭ ਸ਼ਗਨ ਨਹੀਂ, ਸਗੋਂ ਚਿੰਤਾ ਦਾ ਵਿਸ਼ਾ ਹੈ। ਬੇਵਿਸ਼ਵਾਸ਼ੀ ਤਿੱਖੇ ਮਾਨਸਿਕ ਵਿਗਾੜਾਂ ਨੂੰ ਜਨਮ ਦਿੰਦੀ ਹੈ। ਏ.ਕੇ. ਸੰਤਾਲੀ ਦੇਣ ਵਾਲੇ ਲੋਕ ਸਾਡੇ ਪੁੱਤਾਂ ਦੀਆਂ ਰਾਹਾਂ ਮੁੜ ਤੋਂ ਵੇਖ ਰਹੇ ਹਨ।

ਸ਼ਾਹ ਮੁਹੰਮਦ ਦੇ ਕਈ ਤੁਕਾਂਗਾਂ ਨੂੰ ਹੁੰਦਲ ਨੇ ਅਜੋਕੇ ਪ੍ਰਸੰਗ ਵਿੱਚ ਨਾਲ ਜੋੜ ਕੇ ਸੁੰਦਰ ਜੜ੍ਹਤਕਾਰੀ ਰਾਹੀਂ ਬੰਨ੍ਹਿਆਂ ਹਨ। ਇਹ ਜੜ੍ਹਤਕਾਰੀ ਸ਼ਾਹ ਮੁਹੰਮਦ ਦੀ ਕਲਾ ਦੀ ਯਾਦ ਵੀ ਦਿਵਾਉਂਦੀ ਹੈ ਤੇ ਹੁੰਦਲ ਦੀ ਕਾਵਿ-ਸਮਰੱਥਾ ਨੂੰ ਪ੍ਰਗਟ ਵੀ ਕਰਦੀ ਹੈ। ਉਦਾਹਰਣ ਵਜੋਂ—

ਜਿਹੜੇ ਪੜ੍ਹਨ ਅੰਗਰੇਜ਼ੀ ਬਣ ਜਾਣ ਅਫ਼ਸਰ — ਹੁੰਦਲ
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ — ਸ਼ਾਹ ਮੁਹੰਮਦ
ਅੱਜ ਹੋਵੇ ਸਰਕਾਰ ਤੇ ਮੁੱਲ ਪਾਵੇ — ਸ਼ਾਹ ਮੁਹੰਮਦ
ਜਥੇਦਾਰ ਨੇ ਜਿਹੜੇ ਐਲਾਨ ਕੀਤੇ — ਹੁੰਦਲ
ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ - ਸ਼ਾਹ ਮੁਹੰਮਦ
ਆਈ ਪੁਲਸ ਕਰਦੀ ਮਾਰੋ ਮਾਰ ਮੀਆਂ — ਹੁੰਦਲ

ਵਿਅੰਗਨਾਮਾ ਦਾ ਘੇਰਾ ਹੋਰ ਵਿਸ਼ਾਲ ਕਰਨ ਦੀ ਲੋੜ ਹੈ। ਨਾਲ ਬਾਕੀ ਰਾਜਨੀਤਕ ਜਗਤ ਪ੍ਰਤੀ ਸਮਦ੍ਰਿਸ਼ਟੀ ਦੀ ਵੀ।

**ਸੁਰਿੰਦਰ ਸ਼ਾਂਤ (ਡਾ.)**

## ਪੰਜਾਬੀ ਗ਼ਜ਼ਲ-ਰੂਪ ਤੇ ਆਕਾਰ (ਅੱਖਰ-ਅੱਖਰ ਦਾ ਹਿਸਾਬ)/ਸੁਲੱਖਣ ਸਰਹੱਦੀ

ਪੰਜਾਬੀ ਗ਼ਜ਼ਲ ਅਰੂਜ਼ ਦੀਆਂ ਬਹੁਤ ਘੱਟ ਕਿਤਾਬਾਂ ਮਿਲਦੀਆਂ ਹਨ। ਜੋ ਮਿਲਦੀਆਂ ਹਨ, ਉਨ੍ਹਾਂ ਵਿੱਚ ਅਰਬੀ ਫ਼ਾਰਸੀ ਬੋਲੀ ਦੀ ਸ਼ਬਦਾਵਲੀ ਭਾਰੂ ਹੋਣ ਪਾਰੋਂ ਸਿਖਾਂਦਰੂਆਂ ਦੇ ਪੱਲੇ ਕੁਝ ਨਹੀਂ ਪੈਂਦਾ। ਸਮੇਂ-ਸਮੇਂ ਸਿਰ ਪੰਜਾਬੀ ਗ਼ਜ਼ਲ ਅਰੂਜ਼ ਨੂੰ ਸੌਖਾ ਤੇ ਸਹਿਲ ਬਣਾਉਣ ਦੇ ਯਤਨ ਹੁੰਦੇ ਆਏ ਹਨ। ਪ੍ਰੋ. ਜੋਗਿੰਦਰ ਸਿੰਘ ਤੋਂ ਲੈ ਕੇ ਸਾਧੂ ਸਿੰਘ ਹਮਦਰਦ, ਚਾਨਣ ਗੋਬਿੰਦਪੁਰੀ, ਠਾਕਰ ਭਾਰਤੀ, ਦੀਪਕ ਜੈਤੋਈ, ਡਾ. ਨਰੇਸ਼, ਡਾ. ਜਗਤਾਰ, ਮਹਿੰਦਰ ਮਾਨਵ ਆਦਿ ਵਿਅਕਤੀਆਂ ਨੇ ਇਸ ਵਿੱਚ ਬਹੁਤ ਘਾਲਣਾ ਘਾਲੀ ਹੈ। ਸੁਲੱਖਣ ਸਰਹੱਦੀ ਦੀ ਹੱਥਲੀ ਕਿਤਾਬ "ਪੰਜਾਬੀ ਗ਼ਜ਼ਲ ਰੂਪ ਤੇ ਆਕਾਰ" ਇਸੇ ਸਿਲਸਿਲੇ ਦੀ ਇੱਕ ਕੜੀ ਹੈ।

ਸਰਹੱਦੀ ਸਾਹਿਬ ਨੇ ਇਸ ਪੁਸਤਕ ਵਿੱਚ ਬਹੁਤ ਸਾਰੇ ਵਿਸ਼ੇ ਕਾਂਡਾ ਦੇ ਰੂਪ ਵਿੱਚ ਪੇਸ਼ ਕੀਤੇ ਹਨ। ਜਿਵੇਂ— ਗ਼ਜ਼ਲ ਦਾ ਬਾਹਰੀ ਢਾਂਚਾ : ਕਾਫੀਏ ਦੀ ਵਿਗਿਆਨਕ ਬਣਤਰ : ਤਲਫਜ਼, ਭਾਵ

ਸ਼ਬਦਾਂ ਦੇ ਉਚਾਰਣ ਮੁੱਲ ਕੀ ਹਨ : ਤਗ਼ਜ਼ਲ ਬਨਾਮ ਗ਼ਜ਼ਲ : ਅਗ਼ਜ਼ਲ ਤੇ ਖੁੱਲ੍ਹੀ ਗ਼ਜ਼ਲ : ਪਿੰਗਲ ਅਤੇ ਅਰੂਜ਼ ਦੇ ਛੰਦਾਂ ਦੇ ਮੁੱਢਲੇ ਫ਼ਰਕ : ਗ਼ਜ਼ਲ ਦਾ ਖਮੀਰ ਰਿਗਵੇਦ : ਗ਼ਜ਼ਲ ਦੀਆਂ 40 ਬਹਿਰਾ: ਕੋਰੜੇ ਦੀ ਜ਼ਮੀਨ : ਗ਼ਜ਼ਲ ਦੇ ਸ਼ਿਅਰਾਂ ਦੇ ਭੇੜ : ਗ਼ਜ਼ਲ ਦੀ ਤਕਤੀਅ : ਆਉ ਆਪਣੀ ਗ਼ਜ਼ਲ ਦੀ ਆਪ ਤਕਤੀਅ ਕਰਨੀ ਸਿਖੀਏ : ਸ਼ਿਅਰਾਂ ਵਿੱਚ ਅੱਖਰ ਡੇਗਣ ਦੇ ਅਸੂਲ : ਖਿਆਲ ਦਾ ਟਕਰਾ—ਸਹਿਮਨ ਵੀ ਚੋਰੀ ਵੀ : ਇਉਂ ਜਗਦੈ ਇਸਲਾਹ ਦਾ ਜਾਦੂ : 'ਪੰਜਾਬੀ ਗ਼ਜ਼ਲ ਵਿੱਚ ਖੁੱਲ੍ਹਾਂ' ਦਾ ਵਾ-ਵਰੋਲਾ ਕੀ ਹੈ? ਪਿੰਗਲ ਦੇ ਛੰਦ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਆਦਿ। ਇਹ ਸਾਰੇ ਕਾਂਡ ਲੇਖਾਂ ਦੇ ਰੂਪ ਵਿੱਚ ਹਨ। ਇਨ੍ਹਾਂ ਵਿਚੋਂ ਕਾਫ਼ੀ ਵਿਸ਼ੇ ਸਿਖਾਂਦਰੂਆਂ ਤੇ ਪਾਠਕਾਂ ਲਈ ਕਾਫ਼ੀ ਲਾਭਦਾਇਕ ਸਾਬਤ ਹੋ ਸਕਦੇ ਹਨ ਜਿਵੇਂ "ਕਾਫ਼ੀਏ ਦੀ ਵਿਗਿਆਨਿਕ ਬਣਤਰ; ਪਿੰਗਲ ਅਤੇ ਅਰੂਜ਼ ਦੇ ਛੰਦਾਂ-ਬਹਿਰਾਂ ਦਾ ਮੁੱਢਲਾ ਫ਼ਰਕ; ਗ਼ਜ਼ਲ ਦੇ 40 ਬਹਿਰਾਂ ਦੀ ਨਿਸ਼ਾਨਦੇਹੀ; ਗ਼ਜ਼ਲ ਦੇ ਸ਼ਿਅਰਾਂ ਦੇ ਭੈੜ (ਐਬ) : ਆਉ ਆਪਣੀ ਗ਼ਜ਼ਲ ਦੀ ਆਪ ਤਕਤੀਅ ਕਰਨ ਦਾ ਵੱਲ ਸਿੱਖੀਏ; ਸਮਾਨ ਅਰਥੀ ਸ਼ਬਦ ਸਹਾਇਕ ਹਨ ਗ਼ਜ਼ਲਕਾਰ ਲਈ; ਇਉਂ ਜਗਦਾ ਇਸਲਾਹ ਦਾ ਜਾਦੂ।"

ਇਕੱਲੇ-ਇਕੱਲੇ ਕਾਂਡ ਦੇ ਗੁਣਾਂ ਤੇ ਐਬਾਂ; ਸਿਖਾਂਦਰੂਆਂ ਤੇ ਪਾਠਕਾਂ ਨੂੰ ਇਨ੍ਹਾਂ ਤੋਂ ਲਾਭ ਜਾਂ ਨੁਕਸਾਨ ਤੋਂ ਇਲਾਵਾ; ਪੰਜਾਬੀ ਗ਼ਜ਼ਲ ਖ਼ਾਸ ਕਰਕੇ ਬੋਲੀ ਲਈ ਜੋ ਖ਼ਤਰੇ ਹਨ, ਬਾਰੇ ਵਿਸਥਾਰ ਵਿੱਚ ਲਿਖਣਾ, ਇਸ ਪੁਸਤਕ ਤੇ ਇੱਕ ਹੋਰ ਪੁਸਤਕ ਲਿਖਣ ਬਰਾਬਰ ਹੈ। ਫਿਰ ਵੀ ਇਨ੍ਹਾਂ ਬਾਰੇ ਸੰਖੇਪ ਵਿੱਚ ਗੱਲ ਜਾਂ ਸੈਨਤ ਕਰਨੀ ਹੀ ਬਣਦੀ ਹੈ।

* ਗ਼ਜ਼ਲ ਵਿੱਚ ਕਾਫੀਏ ਤੇ ਰਦੀਫ ਦੀ ਪਾਬੰਦੀ ਬਹੁਤ ਵੱਡੀ ਅਹਿਮੀਅਤ ਰੱਖਦੇ ਹਨ। ਜੇਕਰ ਕਾਫੀਆ ਤੇ ਰਦੀਫ ਸਹੀ ਨਾ ਹੋਣ ਤਾਂ ਗ਼ਜ਼ਲ ਬੇ-ਤੁਕੀ ਤੇ ਅਰਥਹੀਣ ਹੋ ਜਾਂਦੀ ਹੈ। ਗ਼ਜ਼ਲ ਦੇ 40 ਬਹਿਰ (ਤੋਲ); ਆਮ ਪੰਜਾਬੀ ਗ਼ਜ਼ਲ ਵਿੱਚ ਪ੍ਰਚਲਤ ਦੇਸੀ ਛੰਦਾਂ ਬਾਰੇ ਜਾਣਕਾਰੀ ਦੇਣਾ ਇਸ ਕਿਤਾਬ ਦਾ ਵੱਡਾ ਗੁਣ ਹੈ। ਇਹ ਗ਼ਜ਼ਲ ਦੇ ਵਿਕਾਸ ਦੀ ਗੱਲ ਹੈ। ਪਰ ਅੱਛਾ ਹੁੰਦਾ ਜੇਕਰ ਇਨ੍ਹਾਂ ਤੋਲਾਂ ਦੇ ਨਾਲ-ਨਾਲ ਬਹਿਰਾਂ ਦੇ ਨਾਂ ਵੀ ਦਿੱਤੇ ਜਾਂਦੇ ਤਾਂ ਜੋ ਪਾਠਕ ਉਨ੍ਹਾਂ ਦੇ ਨਾਵਾਂ ਤੋਂ ਵੀ ਜਾਣੂੰ ਹੋ ਸਕਦੇ। ਜਿਵੇਂ ਗਣ ਫਾਇਲਾਤੁਨ ਦੀ ਬਹਿਰ ਹੈ ਰਮਲ। ਫ਼ੂਲਨ ਦੀ ਬਹਿਰ ਹੈ ਮੁਤਕਾਰਿਬ। ਫਾਇਲੁਨ ਦੀ ਬਹਿਰ ਹੈ ਮੁਦਾਰਿਕ। ਮੁਫਾਇਲੁਨ ਦੀ ਹਜਜ਼। ਆਦਿ।
* ਗ਼ਜ਼ਲ ਦੇ ਸ਼ਿਅਰਾਂ ਦੇ ਭੈੜ (ਐਬ) ਆਪਣੇ ਆਪ ਵਿੱਚ ਵਧੀਆ ਗੱਲ ਹੈ। ਇਸ ਨਾਲ ਗ਼ਜ਼ਲਗੋ ਆਪਣਾ ਤੇ ਗ਼ਜ਼ਲ ਦੇ ਮਿਆਰ ਖ਼ੁਦ ਪਰਖ ਸਕਦਾ ਹੈ।
* ਮੇਰਾ ਤੋਖਲਾ ਜਾਂ ਡਰ ਹੀ ਨਹੀਂ, ਸਗੋਂ ਯਕੀਨ ਹੈ ਕਿ ਜਿੱਥੇ ਇਹ ਉੱਕਤ ਲੇਖ ਇਕ ਸਿਖਾਂਦਰੂ ਤੇ ਪਾਠਕ ਦੀ ਰਹਿਨੁਮਾਈ ਕਰਦੇ ਹਨ ਉੱਥੇ ਕੁਝ ਲੇਖ ਸਿਖਾਂਦਰੂ ਜਾਂ ਪਾਠਕ ਨੂੰ ਪੁੱਠੇ ਰਾਹ ਵੀ ਪਾਉਂਦੇ ਹਨ ਜਿਵੇਂ 1 : ਤਲਫਜ਼ ਭਾਵ ਸ਼ਬਦਾਂ ਦੇ ਉਚਾਰਨ ਮੁੱਲ ਕੀ ਹੋਣ ਵਿੱਚ ਦਿੱਤੀ ਖੁੱਲ: 2 : ਰੋਕੜੇ ਦੀ ਜ਼ਮੀਨ ਅੰਦਰ ਹਾਥੀ ਮੁਜਬ ਜੂੰ ਵੀ ਚੱਲਦੀ ਹੈ : 3 : ਸ਼ਿਅਰਾਂ ਵਿੱਚ ਅੱਖਰ ਡੇਗਣ ਦੇ ਅਸੂਲ : 4 : ਖਿਆਲ ਦਾ ਟਕਰਾ ਜਾਣਾ : 5 : ਪੰਜਾਬੀ ਗ਼ਜ਼ਲ ਵਿੱਚ ਖੁੱਲ੍ਹਾਂ ਆਦਿ।
* ਪਹਿਲੇ ਦੋ ਲੇਖ ਨੰ : 1 ਤੇ 2 : ਪੰਜਾਬੀ ਗ਼ਜ਼ਲਗੋ ਨੂੰ ਕੰਮਚੋਰ ਬਣਾ ਕੇ ਅਸਿੱਖਿਆ ਵੱਲ ਰੁੱਜਤ ਕਰਦਾ ਹੈ।
* ਨੰ : 3 ਭਾਵੇਂ ਇਹ ਗ਼ਜ਼ਲ ਵਿਧੀ ਦਾ ਇੱਕ ਭਾਗ ਹੈ ਪਰ ਇਸ ਦੀ ਅਣਜਾਣ ਨੂੰ ਜਾਣਕਾਰੀ, ਗ਼ਜ਼ਲ ਤਾਂ ਕੀ ਪੰਜਾਬੀ ਬੋਲੀ ਲਈ ਹਾਨੀਕਾਰਕ ਸਾਬਤ ਹੋ ਸਕਦੀ ਹੈ। ਪੁਰਾਣੇ ਉਸਤਾਦ ਇਹ ਵਿਧੀ, ਉਸ ਸ਼ਾਗਿਰਦ ਨੂੰ ਸਿਖਾਇਆ ਕਰਦੇ ਸਨ, ਜਦੋਂ ਉਹ ਗ਼ਜ਼ਲ ਕਹਿਣ ਵਿੱਚ ਪਰਪੱਕ ਹੋ ਜਾਂਦਾ ਸੀ। ਇਸ ਨਾਲ ਬੋਲੀ ਸੁਰੱਖਿਅਤ ਰਹਿੰਦੀ ਸੀ। ਇਹ ਪੱਖ ਪੰਜਾਬੀ ਲੇਖਕਾਂ ਦੀ ਬੋਧਕ ਕੰਗਾਲੀ ਦੀ ਬੀਮਾਰੀ ਵੱਲ ਲੈ ਜਾਂਦਾ ਹੈ। ਜਿਸ ਦੇ ਅਸੀਂ ਪਹਿਲਾਂ ਹੀ ਸ਼ਿਕਾਰ ਹਾਂ। ਸਾਨੂੰ ਇਸ ਪਲੇਗ ਨੂੰ ਰੋਕਣ ਦੀ ਲੋੜ ਹੈ, ਫੈਲਾਉਣ ਦੀ ਨਹੀਂ।



ਨੰ : 1 ਵਿੱਚ ਸਰਹੱਦੀ ਸਾਹਿਬ ਦਾ ਦਿੱਤਾ ਫੈਸਲਾ, "ਜਿਵੇਂ ਬੋਲੋ ਤਿਵੇਂ ਲਿਖੋ" ਅਤੇ ਸਫ਼ਾ 91 ਤੇ 'ਪੰਜਾਬੀ ਗ਼ਜ਼ਲ ਵਿੱਚ ਖੁੱਲ੍ਹਾਂ' ਦਾ ਵਾ-ਵਰੋਲਾ ਕੀ ਹੈ? ਵਿੱਚ ਤਿੰਨ ਅੱਖਰੀ ਟੁਕੜੀਆਂ ਬਾਰੇ ਦਿੱਤੀ ਖੁੱਲ੍ਹ; ਉਨ੍ਹਾਂ ਦੇ ਆਪਣੇ ਉਸਤਾਦ ਦੀਪਕ ਜੈਤੋਈ ਦੇ ਕਥਨ ਦੀ ਉਲੰਘਣਾ ਹੀ ਨਹੀਂ ਕਰਦੀ, ਸਗੋਂ ਉਨ੍ਹਾਂ ਦੁਆਰਾ ਰਚੀ ਅਰੂਜ਼ ਦੀ ਕਿਤਾਬ "ਗ਼ਜ਼ਲ ਕੀ ਹੈ?" ਦੇ ਆਖਰੀ ਪੰਨਿਆਂ ਨੂੰ ਵੀ ਨਿਕਾਰਾ ਕਰਦੀ ਹੈ।

* ਇਸ ਤੋਂ ਇਲਾਵਾ ਉਨ੍ਹਾਂ ਦੀਆਂ ਦਿੱਤੀਆਂ ਖੁੱਲ੍ਹਾਂ, "ਦੂਜੀਆਂ ਬੋਲੀਆਂ ਦੇ ਅੱਖਰ ਤੇ ਸ਼ਬਦ ਜਿਵੇਂ ਖ, ਸ, ਜ, ਕ, ਲ ਆਦਿ ਦੇ ਪੈਰ ਵਿੱਚ ਬਿੰਦੀ ਨਾ ਦੇਣਾ "ਕੋਈ ਵਿਗਿਆਨਕ ਤੇ ਪੰਜਾਬੀਆਂ ਲਈ ਸਿਹਤਮੰਦ ਗੱਲ ਨਹੀਂ ਲੱਗਦੀ। ਇਸ ਨਾਲ ਪੰਜਾਬੀ ਦਾ ਵਿਕਾਸ ਨਹੀਂ ਹੋ ਸਕਦਾ ਤੇ ਨਾ ਹੀ ਗ਼ਜ਼ਲ ਦਾ ਸੁਧਾਰ। ਹਾਸੇ ਵਾਲੀ ਗੱਲ ਇਹ ਹੈ ਕਿ ਸਰਹੱਦੀ ਸਾਹਿਬ ਆਪ ਵੀ ਆਪਣੇ ਘੜੇ ਅਸੂਲ ਤੇ ਅਮਲ ਨਹੀਂ ਕਰਦੇ। ਸਾਰੀ ਕਿਤਾਬ ਵਿੱਚ ਇਨ੍ਹਾਂ ਅੱਖਰਾਂ ਦੇ ਪੈਰਾਂ ਵਿੱਚ ਬਿੰਦੀਆਂ ਦਿੱਤੀਆਂ ਹਨ। ਇਹ ਤਾਂ ਉਰਦੂ ਦੀ ਕਹਾਵਤ "ਔਰੋਂ ਕੋ ਨਸੀਹਤ ਔਰ ਖ਼ੁਦ ਮੀਆਂ ਫਸੀਅਤ" ਵਾਲੀ ਗੱਲ ਹੈ।
* ਇਵੇਂ ਹੀ ਉਹ ਸਫ਼ਾ 91 ਤੇ ਉਰਦੂ ਵਿੱਚ ਪੰਜਾਬੀ ਸ਼ਬਦਾਂ ਦੇ ਬਦਲੇ ਉਚਾਰਨ ਦੀ ਗੱਲ ਕਰਦੇ ਹਨ, ਪਰ ਕੋਈ ਉਦਾਹਰਨ ਨਹੀਂ ਦਿੰਦੇ। ਪਤਾ ਨਹੀਂ ਕਿਉਂ?
* **ਸ਼ਾਇਰ ਗ਼ਜ਼ਲਕਾਰ ਕਿ ਗ਼ਜ਼ਲਗੋ?**
ਸਾਰੀ ਕਿਤਾਬ ਵਿੱਚ, ਸਰਹੱਦੀ ਸਾਹਿਬ ਇਸ ਗੱਲ ਦਾ ਫੈਸਲਾ ਨਹੀਂ ਕਰ ਪਾਏ ਕਿ ਗ਼ਜ਼ਲ ਕਹੀ ਜਾਂਦੀ ਹੈ ਜਾਂ ਘੜੀ ਜਾਂਦੀ ਹੈ? ਜੇਕਰ ਗ਼ਜ਼ਲ ਕਵਿਤਾ, ਕਹਾਣੀ ਜਾਂ ਨਾਵਲ ਵਾਂਗ ਘੜੀ ਜਾਂਦੀ ਹੈ ਤਾਂ ਸ਼ਾਇਰ ਗ਼ਜ਼ਲਕਾਰ ਹੈ। ਜੇ ਗ਼ਜ਼ਲ ਕਹੀ ਜਾਂਦੀ ਹੈ ਤਾਂ ਸ਼ਾਇਰ ਲਈ ਯੋਗ ਸ਼ਬਦ ਗ਼ਜ਼ਲਗੋ ਹੈ। ਸਰਹੱਦੀ ਸਾਹਿਬ ਦਾ ਸਫ਼ਾ 43 ਤੇ ਆਪਣਾ ਕਥਨ ਹੈ, "ਇਸ ਤਰਜ਼ ਉਤੇ ਤੁਸੀਂ ਗ਼ਜ਼ਲ ਕਹਿ ਸਕਦੇ ਹੋ" ਇਸ ਕਰਕੇ ਸਾਰੀ ਕਿਤਾਬ ਵਿੱਚ ਸ਼ਬਦ ਗ਼ਜ਼ਲਗੋ ਹੋਣਾ ਲਾਜ਼ਮੀ ਸੀ।
* ਕਿਤਾਬ ਵਿੱਚ ਪਰੂਫ਼ ਰੀਡਿੰਗ ਦੀ ਘਾਟ ਰੋੜਾਂ ਵਾਂਗ ਰੜਕਦੀ ਹੈ। ਇਸ ਤੋਂ ਇਲਾਵਾ ਸਰਹੱਦੀ ਸਾਹਿਬ ਨੇ ਬੇ-ਲੋੜੇ ਸ਼ਬਦ ਦੀ ਵਰਤੋਂ ਤੇ ਗੱਲਾਂ ਵੀ ਕਹੀਆਂ ਹਨ। ਪੰਜਾਬੀ ਭਾਸ਼ਾ ਵਿਭਾਗ, ਡਾਕਟਰ ਵਾਧੇ ਤੋਂ ਬਹੁਤ ਤੰਗ ਆਏ ਲੱਗਦੇ ਹਨ ਜੋ ਇਸ ਕਿਤਾਬ ਦੇ ਵਿਸ਼ੇ ਵਸਤੂ ਤੋਂ ਕੋਹਾਂ ਦੂਰ ਦੀ ਗੱਲ ਹੈ।
* ਕਾਂਡਾਂ ਦੇ ਸਿਰਨਾਵਿਆਂ ਵਿੱਚ ਸੰਖੇਪਤਾ ਤੋਂ ਕੰਮ ਲੈਣ ਦੀ ਲੋੜ ਸੀ। ਜਿਵੇਂ "ਆਉ ਆਪਣੀ ਗ਼ਜ਼ਲ ਦੀ ਆਪ ਤਕਲੀਅ ਕਰਨ ਦਾ ਵੱਲ ਸਿੱਖੀਏ" ਨੂੰ "ਤਕਤੀਅ ਵਿਧੀ" ਹੀ ਲਿਖਿਆ ਜਾ ਸਕਦਾ ਸੀ।
* ਵਿਆਖਿਆ ਲਈ ਸ਼ਿਅਰਾਂ ਦੀਆਂ ਵੰਨਗੀਆਂ ਲਈ ਜੇਕਰ ਆਪਣੇ ਸ਼ਿਅਰਾਂ ਦੀ ਬਜਾਏ ਦੂਜੇ ਜਾਂ ਉਸਤਾਦ ਸ਼ਾਇਰਾਂ ਦੇ ਸ਼ਿਅਰ ਦਿੰਦੇ ਤਾਂ ਬਹੁਤ ਚੰਗਾ ਹੁੰਦਾ ਤਾਂ ਜੋ "ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਣਨ" ਦੀ ਕਹਾਵਤ ਤੋਂ ਬਚੇ ਰਹਿੰਦੇ।

ਸੰਖੇਪ ਵਿੱਚ; ਜੇ ਇਸ ਕਿਤਾਬ ਚੋਂ ਉਹ ਲੇਖ, ਖ਼ਾਸ ਕਰਕੇ ਜਿਨ੍ਹਾਂ ਵਿੱਚ ਸਰਹੱਦੀ ਸਾਹਿਬ ਆਪਣੀ ਭਾਵੁਕਤਾ ਕੱਢ ਰਹੇ ਹਨ, ਕੱਢ ਦਿੱਤੇ ਜਾਂਦੇ ਤਾਂ ਇਹ ਕਿਤਾਬ ਸਰਹੱਦੀ ਸਾਹਿਬ ਦੇ ਆਪਣੇ ਕਥਨ ਅਨੁਸਾਰ, ਅਰੂਜ਼ ਦੇ ਪਹਿਲੀ ਦੂਜੀ ਦੇ ਵਿਦਿਆਰਥੀਆਂ ਲਈ ਕਾਇਦਾ ਜ਼ਰੂਰ ਬਣ ਸਕਦੀ ਸੀ।

**ਨਦੀਮ ਪਰਮਾਰ (ਕੈਨੇਡਾ)**

## ਆਵਾਜ਼ (ਸੁਰਿੰਦਰ ਗਿੱਲ)

ਸੁਰਿੰਦਰ ਗਿੱਲ ਪ੍ਰਗਤੀਸ਼ੀਲ ਲਹਿਰ ਦਾ ਸਥਾਪਤ ਸਿਰਕੱਢ ਕਵੀ ਹੈ। ਸਮਾਜਕ ਮਸਲਿਆਂ ਨਾਲ ਇੱਟ-ਖੜਿੱਕਾ ਲੈਂਦਾ, ਉਹ ਆਪਣੇ ਆਲੇ-ਦੁਆਲੇ ਵਾਪਰਦੀਆਂ ਨਿਤਾ ਪ੍ਰਤੀ ਘਟਨਾਵਾਂ, ਵਰਤਾਰਿਆਂ, ਬੇਇਨਸਾਫ਼ੀਆਂ, ਉਲਝਣਾ ਨੂੰ ਮੁਖਾਤਿਬ ਹੋਣ ਵੇਲੇ, ਕਲਾ ਦੀਆਂ ਬੁਨਿਆਦੀ ਤੇ ਸਰਬ-ਪ੍ਰਵਾਣਤ ਲੋੜਾਂ ਤੇ ਤਕਾਜ਼ਿਆ ਤੋਂ ਬੇਮੁੱਖ ਨਹੀਂ ਹੁੰਦਾ। ਜੀਵਨ-ਅਨੁਭਵ ਦੇ ਨਾਲ-ਨਾਲ, ਉਸ ਕੋਲ ਕਲਾ ਦੀ ਪਕਿਆਈ ਤੇ ਸ਼ਿਲਪ ਦੀ ਪ੍ਰਪੱਕਤਾ ਹੈ। ਇਸੇ ਕਾਰਨ ਉਹ ਜਦ ਵੀ ਬਾਤ ਕਰਦਾ ਹੈ ਤਾਂ ਇੱਕ ਉਸਤਾਦ ਕਲਾਕਾਰ ਵਾਂਗ ਕਰਦਾ ਹੈ।

ਸੱਠਵੇਂ ਦਹਾਕੇ ਵਿੱਚ ਗਿੱਲ ਦੇ ਕਾਵਿ ਦਾ ਆਰੰਭ ਬੜਾ ਆਸ਼ਾਵਾਦੀ ਢੰਗ ਨਾਲ ਹੋਇਆ ਸੀ। ਚੜ੍ਹਦੀ ਜਵਾਨੀ ਵਿੱਚ ਉਸ ਕੋਲ ਕਲਾ-ਕੌਸ਼ਲਤਾ ਸੀ, ਅਦੁੱਤੀ ਪ੍ਰਤਿਭਾ ਸੀ, ਨਰੋਇਆ ਜੀਵਨ-ਦ੍ਰਿਸ਼ਟੀਕੋਣ ਸੀ ਤੇ ਉਜਲਾ, ਰੋਸ਼ਨ ਭਵਿੱਖ ਉਸ ਦੀ ਉਡੀਕ ਵਿੱਚ ਸੀ, ਪਰ ਅਚਾਨਕ ਉਸ ਦੀ ਬੀਮਾਰੀ ਨੇ, ਉਸ ਦੇ ਕਾਵਿ-ਸਫ਼ਰ ਨੂੰ ਰੋਕ ਲਿਆ। ਉਸ ਕੋਲੋਂ ਉਹ ਪਹਿਲਾਂ ਵਾਲੀ ਚੇਤਨਾ ਜਾਂਦੀ ਰਹੀ। ਬੀਮਾਰੀ ਨੇ ਪਿਛਲੀ ਸਾਰੀ ਕਮਾਈ ਦਿਮਾਗ਼ ਤੋਂ, ਜਿਵੇਂ ਧੋ ਸੁੱਟੀ ਹੋਵੇ। ਉਹ ਜਦੋਂ ਤੰਦਰੁਸਤ ਹੋਇਆ ਤਾਂ ਇਕ ਬਦਲੇ ਹੋਏ ਰੂਪ ਵਿੱਚ ਵਿਖਾਲੀ ਦੇਣ ਲੱਗਾ। ਬਹੁਤ ਕੁਝ ਗਵਾਚ ਚੁੱਕਾ ਸੀ, ਜਿਹੜਾ ਮੁੜ ਪ੍ਰਾਪਤ ਨਹੀਂ ਸੀ ਹੋ ਸਕਦਾ। ਪਰ ਉਸ ਨੇ ਦੁਬਾਰਾ ਮੁੱਢੋਂ-ਸੁੱਢੋਂ ਆਪਣੀ ਕਾਵਿ-ਯਾਤਰਾ ਆਰੰਭ ਕੀਤੀ, ਉਸ ਕੋਲ ਸ਼ਿਲਪ ਦੀ ਉਸਤਾਦੀ ਜਾਂ ਕਾਰੀਗਰੀ ਤਾਂ ਭਾਵੇਂ ਸੀ, ਪਰ ਪਹਿਲਾ ਵਾਲੀ ਕਲਪਣਾ ਦੀ ਉਡਾਰੀ ਤੇ ਸਿਰਜਣ-ਸਮਰੱਥਾ ਨਹੀਂ ਸੀ।

ਇਹਨਾਂ ਵਰ੍ਹਿਆਂ ਵਿੱਚ ਬਹੁਤ ਕੁਝ ਬਦਲ ਚੁੱਕਾ ਸੀ। ਸਮਾਜਕ ਮਸਲੇ ਹੋਰ ਪੇਚੀਦਾ ਅਥਵਾ ਗੁੰਝਲਦਾਰ ਹੋ ਚੁੱਕੇ ਸਨ। ਸਮਾਜਕ ਰਿਸ਼ਤਿਆਂ ਵਿੱਚ ਵੱਡੇ ਪਰਿਵਰਤਨ ਆ ਚੁੱਕੇ ਸਨ। ਮੇਲੇ ਵਿੱਚ ਗਵਾਚੇ ਹੋਏ ਬਾਲ ਵਾਂਗ ਗਿੱਲ ਡੌਰ-ਭੌਰਾ ਹੋਇਆ, ਕਦੇ ਸੱਜੇ ਵੇਖਦਾ ਸੀ, ਕਦੇ ਖੱਬੇ। ਉਸ ਨੂੰ ਪ੍ਰਤੀਤ ਹੋਇਆ ਕਿ ਦੋਸਤ ਉਸ ਦਾ ਸ਼ਾਇਦ ਸਾਥ ਛੱਡਦੇ ਜਾ ਰਹੇ ਸਨ, ਜਿਵੇਂ ਉਸ ਦਾ ਚੇਤਾ ਗਵਾਚ ਗਿਆ ਹੋਵੇ।

ਪੂਰੇ ਵੀਹ ਸਾਲਾਂ ਬਾਅਦ ਸਫ਼ਰ ਤੇ ਸੂਰਜ (1967) ਤੋਂ ਪਿੱਛੋਂ ਉਸ ਦਾ ਤੀਸਰਾ ਕਾਵਿ-ਸੰਗ੍ਰਹਿ 'ਗੁੰਗਾ ਦਰਦ' 1987 ਵਿੱਚ ਜਾ ਕੇ ਛਪਿਆ।

ਹੁਣ ਫੇਰ ਦਸ ਸਾਲਾਂ ਬਾਅਦ ਅਰਥਾਤ 1998 ਵਿੱਚ ਉਸ ਦਾ ਸੱਜਰਾ ਕਾਵਿ-ਸੰਗ੍ਰਹਿ 'ਆਵਾਜ਼' ਪ੍ਰਕਾਸ਼ਤ ਹੋਇਆ ਹੈ ਤੇ ਇੱਕ ਵਾਰ ਫੇਰ ਉਹ ਕਵੀਆਂ ਦੇ ਕਾਫ਼ਲੇ ਵਿੱਚ ਆ ਰਲਿਆ ਹੈ। ਪਰ ਮੈਂ ਅਨੁਭਵ ਕੀਤਾ ਹੈ ਕਿ ਉਸ ਦੇ ਅੰਤਰ-ਮਨ ਵਿੱਚ ਪਿੱਛੇ ਰਹਿ ਜਾਣ, ਅਣਗੌਲੇ ਹੋ ਜਾਣ ਤੇ ਬੁੱਢੇ ਹੋ ਜਾਣ ਦਾ ਉਦਰੇਵਾਂ, ਪਛਤਾਵਾ ਭਾਰੂ ਹੁੰਦਾ ਜਾ ਰਿਹਾ ਹੈ। ਉਹ ਪੁਰਾਣੇ ਦੋਸਤਾਂ ਤੋਂ ਹੀ ਨਹੀਂ, ਆਪਣੇ ਆਪ ਤੋਂ ਵੀ ਦੂਰ ਹੋਈ ਜਾ ਰਿਹਾ ਹੈ। ਡੂੰਘੀਆਂ, ਪੇਚੀਦਾ ਗੱਲਾਂ ਹੁਣ ਉਸ ਦੀ ਪਕੜ ਵਿੱਚ ਨਹੀਂ ਆ ਰਹੀਆਂ। ਉਹ ਗੱਲ ਕਰਨ ਲੱਗਦਾ ਹੈ ਤਾਂ ਉਪਰਲੀ ਸਤਿਹ ਤੇ ਹੀ ਰਹਿ ਜਾਂਦਾ ਹੈ। ਉਸ ਦੇ ਮਨ ਵਿੱਚ ਦਵੰਦ ਪੈਂਦਾ ਹੁੰਦਾ ਹੈ, ਪਿੱਛੇ ਰਹਿ ਜਾਣ ਦਾ ਅਹਿਸਾਸ ਹੈ ਤੇ ਉਸ ਕੋਲ ਇੱਕ ਹੀ ਹਥਿਆਰ ਬਚਿਆ ਰਹਿ ਜਾਂਦਾ ਹੈ ਕਿ ਪੁਰਾਣੇ ਦੋਸਤਾਂ ਦੀ ਬੇਰੁਖ਼ੀ ਤੇ ਸ਼ੱਕ ਜਾਂ ਗ਼ਿਲੇ ਕਰੇ।

ਮਿੱਤਰਤਾ ਦੇ ਲੋੜ੍ਹੇ ਵੇਲੇ ਤੂੰ, ਜੇ ਬੂਹਾ ਢੋਇਆ ਹੈ
ਮੋਹ ਵਿੱਚ ਪਈ ਤਰੇੜ 'ਚ ਲੁਕਿਆ ਸਵਾਰਥ ਪ੍ਰਗਟ ਹੋਇਆ ਹੈ

ਅੱਗ ਦੀ ਉਮਰ ਇਕੱਠੇ ਆਪਾਂ ਦਰਿਆਵਾਂ ਦੀ ਤੋਰ ਤੁਰੇ
ਤੀਜੇ ਪਹਿਰ ਤੇਰੇ ਪੈਰਾਂ ਵਿੱਚ ਕੌਣ ਪਹਾੜ ਧਲੋਇਆ ਹੈ

ਸੰਗਰਾਮਾਂ ਦੇ ਸ਼ਾਹ ਰਾਹ ਉੱਤੇ ਹੁਣ ਕਦ ਤੁਰਨਾ ਯਾਰਾ
ਟਿੱਚਰਾਂ ਕਰਦਾ ਤੈਥੋਂ ਅੱਗੇ ਲੰਘ ਗਿਆ ਜੱਗ ਸਾਰਾ



ਮਿੱਤਰਤਾ ਦੇ ਬਾਗ਼ੀ ਤੂੰ ਜੋ ਪੱਕੇ ਮਹਿਲ ਉਸਾਰੇ
ਕਹਿਰ ਦੇ ਕਰੜੇ ਦਿਨ ਆਏ, ਤਾਂ ਹੋ ਗਏ ਮਿੱਟੀ ਗਾਰੇ

ਗਿੱਲਾ! ਔਖੇ ਵੇਲੇ ਕੀ ਸੀ ਅੰਗ ਪਾਲਣੇ ਉਹਨਾ
ਮਸ਼ਹੂਰੀ ਦੀ ਲੋਰ 'ਚ ਤੇਰਾ ਸੰਗ ਛੱਡ ਕੇ ਜਿਹੜੇ

ਅੱਖਾਂ ਸਦਾ ਵਿਛਾਈਆਂ ਜਿਸ ਦੇ ਰਾਹ ਉੱਤੇ
ਕਿਵੇਂ ਬੇਗ਼ਾਨਾ ਬਣ ਕੇ ਕੋਲੋਂ ਲੰਘ ਗਿਆ

ਕਿੱਥੇ-ਕਿੱਥੇ ਤੇਰਾ ਸਾਥ ਤੇਰੇ ਯਾਰ ਦੇਣਗੇ
ਮੇਰੀ ਮੰਨ ਧੁੱਪਾਂ-ਛਾਵਾਂ ਨੂੰ ਸਹੇਲੀਆਂ ਬਣਾ

ਹਥਲੇ ਸੰਗ੍ਰਹਿ ਵਿੱਚ ਭਾਵੇਂ ਸਮੇਂ-ਸਮੇਂ ਲਿਖੀਆਂ ਇੱਕੀ ਗ਼ਜ਼ਲਾਂ ਵੀ ਪੇਸ਼ ਨੇ। ਇਹਨਾਂ ਵਿੱਚ ਖ਼ਿਆਲ ਦੀ ਉਡਾਰੀ ਤਾਂ ਹੈ, ਪਰ ਵਜ਼ਨ ਦੀ ਉਲੰਘਣਾ ਬਹੁਤ ਥਾਈਂ ਸਾਫ਼ ਦਿਸ ਪੈਂਦੀ ਹੈ। ਅਸਲ ਵਿੱਚ ਆਜ਼ਾਦ ਨਜ਼ਮ ਹੀ ਗਿੱਲ ਦੀ ਸ਼ਾਇਰੀ ਦੀ ਪਛਾਣ ਹੈ। ਲੈ-ਭਰਪੂਰ, ਸੰਗੀਤਮਈ ਨਜ਼ਮ ਵਿੱਚ ਜਦੋਂ ਉਹ ਕਿਤੇ-ਕਿਤੇ ਮੌਲਿਕ ਬਿੰਬ ਦਾ ਨਗੀਨਾ ਜੜਦਾ ਹੈ ਤਾਂ ਗਵਾਚ ਗਿਆ ਗਿੱਲ ਫਿਰ ਪ੍ਰਗਟ ਹੋਇਆ ਪ੍ਰਤੀਤ ਹੁੰਦਾ ਹੈ।

'ਆਵਾਜ਼' ਪ੍ਰਗਤੀਵਾਦੀ ਜਨ-ਮੁਖੀ ਕਵਿਤਾ ਦਾ ਮਾਣ ਵਧਾਉਣ ਵਾਲੀ ਰਚਨਾ ਹੈ। 'ਰਾਹ ਤੇ ਸੂਰਜ', 'ਯੋਧਾ', 'ਕਿਹੜਾ ਦੋਖੀਏ, ਦੋ ਹਿੰਦੁਸਤਾਨ', 'ਭਾਵਾਂ ਦੀ ਸ਼ਿੱਦਤ' ਆਦਿ ਕਵਿਤਾਵਾਂ ਇਸ ਸੰਗ੍ਰਹਿ ਦੀ ਪ੍ਰਾਪਤੀ ਹਨ। ਉਸ ਦੇ ਕਾਵਿ ਖੇਤਰ ਵਿੱਚ ਪੁਨਰ-ਆਗਮਨ ਦਾ ਸਵਾਗਤ ਹੈ।

(ਹ.ਸ.ਹ.)

-0-

## ਕਾਇਆਂ ਕਾਗਦੁ/ਮਜ਼ਹਰ ਤਿਰਮਜ਼ੀ

ਵਾਘੇ ਪਾਰ ਤੋਂ ਸਾਨੂੰ ਯੂ.ਕੇ. ਵੱਧਦੇ ਲਹਿੰਦੇ ਪੰਜਾਬ ਦੇ ਆਧੁਨਿਕ ਤੇ ਪ੍ਰਤੀਨਿਧ ਕਵੀ, ਮਜ਼ਹਰ ਤਿਰਮਜ਼ੀ ਦਾ ਸੱਜਰਾ ਕਾਵਿ ਸੰਗ੍ਰਹਿ, 'ਕਾਇਆ ਕਾਗਦੁ' ਪ੍ਰਾਪਤ ਹੋਇਆ ਹੈ, ਜਿਸ ਵਿੱਚ ਕਵੀ ਆਪਣੇ ਪਹਿਲੇ ਛਪੇ (ਦੋ ਕਾਵਿ ਸੰਗ੍ਰਹਿਆਂ 'ਠੰਡੀ ਭੁੱਬਲ (1973-76) ਤੇ ਜਾਗਦਾ ਸੁਪਨਾ (1982-87) ਦੀਆਂ ਸਮੁਚੀਆਂ ਕਵਿਤਾਵਾਂ ਦੇ ਨਾਲ ਕਾਇਆਂ ਕਾਗਦੁ (88-98) ਤੇ ਸਮੇਂ ਦੀਆਂ ਨਵੀਆਂ ਕਵਿਤਾਵਾਂ ਨੂੰ ਇੱਕ ਥਾਂ ਇਕੱਠਾ ਕਰ ਦਿੱਤਾ ਹੈ। ਇੰਝ ਇਹ ਨਵਾਂ ਕਾਵਿ-ਸੰਗ੍ਰਹਿ ਤਿੰਨ ਸੰਗ੍ਰਹਿਆਂ ਦੀਆਂ ਸਮੁੱਚੀਆਂ ਕਵਿਤਾਵਾਂ ਨੂੰ ਇੱਕ ਥਾਂ ਕਰਨ ਦੇ ਨਾਲ-ਨਾਲ ਉਸ ਦੀ ਸਮੁੱਚੀ ਸ਼ਾਇਰੀ ਨੂੰ ਇੱਕ ਵਾਰ ਫੇਰ ਇਕੱਠਾ ਕਰਕੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ। ਇੰਝ ਜਿਨ੍ਹਾਂ ਪਾਠਕਾਂ ਤੇ ਪਾਰਖੂਆਂ ਨੇ ਕਿਸੇ ਵਜ੍ਹਾ ਕਾਰਨ ਉਸ ਦੇ ਪਹਿਲੇ ਕਾਲਮ ਨੂੰ ਨਹੀਂ ਸੀ ਪੜ੍ਹਿਆ, ਉਨ੍ਹਾਂ ਲਈ ਨਵੇਂ ਸਿਰਿਓਂ ਉਸ ਦੀ ਸਮੁੱਚੀ ਅਗਲੀ ਪਿਛਲੀ ਰਚਨਾ ਨੂੰ ਪੜ੍ਹਨ ਤੇ ਵਿਚਾਰਨ ਦਾ ਵਧੀਆ ਮੌਕਾ ਪ੍ਰਦਾਨ ਕੀਤਾ ਗਿਆ ਹੈ। ਤਿਰਮਜ਼ੀ ਲਹਿੰਦੇ ਪੰਜਾਬ ਦੀ ਫਾਰਸ਼ੀ ਅੱਖਰਾਂ ਵਿੱਚ ਛਪਦੀ ਪੰਜਾਬੀ ਸ਼ਾਇਰੀ ਦਾ ਸਿਰਕੱਢਵਾਂ ਨਾਂ ਹੈ, ਜਿਸ ਨੇ ਆਪਣੇ ਵਤਨ ਵਾਸ ਦੇ ਅਨੁਭਵਾਂ ਦੀ ਪੇਸ਼ਕਾਰੀ ਦੇ ਨਾਲ-ਨਾਲ ਪਰਵਾਸ ਦੇ ਦੁੱਖ-ਦਰਦਾਂ ਨੂੰ ਅਨੋਖੇ ਅੰਦਾਜ਼ ਵਿੱਚ ਖ਼ੂਬਸੂਰਤ ਰੰਗ ਤੇ ਸੱਜਰੇ ਮੁਹਾਵਰੇ ਵਿੱਚ ਪੇਸ਼ ਕੀਤਾ ਹੈ। ਉਸ ਦੀ ਸ਼ਾਇਰੀ ਵਿੱਚ ਆਧੁਨਿਕ ਕਵਿਤਾ ਦੀਆਂ ਕੁੱਲ ਖ਼ੂਬੀਆਂ ਲਹਿੰਦੇ ਪੰਜਾਬ ਦੇ ਲੋਕ-ਕਾਵਿ ਵਿਰਸੇ ਨਾਲ ਗੜੁੱਚ ਰੰਗਾਂ ਦੇ ਸੁਮੇਲ ਨਾਲ ਪੇਸ਼ ਹਨ। ਉਸ ਦੀ ਕਵਿਤਾ ਦਾ ਪਾਠ ਕਈ ਭਰਮ-ਭੁਲੇਖੇ ਦੂਰ ਕਰਨ ਦਾ ਕਾਰਨ ਬਣਦਾ ਹੈ। ਉਸ ਦੀ ਸ਼ਾਇਰੀ ਸੰਸਾਰ ਕਵਿਤਾ ਦੇ ਅਜੋਕੇ ਮਿਆਰਾਂ ਦੀ ਪ੍ਰਤੀਨਿਧਤਾ ਕਰਦੀ ਪ੍ਰਤੀਤ ਹੁੰਦੀ ਹੈ ਅਤੇ ਇਸ ਨੂੰ ਸਾਡੀ ਏਧਰ ਦੀ ਅਤਿ

ਵਿਕਸਤ ਪੰਜਾਬੀ ਸ਼ਾਇਰੀ ਦੇ ਬਾਖ਼ੂਬੀ ਬਰਾਬਰ ਰੱਖਿਆ ਤੇ ਮਾਣਿਆ ਜਾ ਸਕਦਾ ਹੈ।

ਉਸ ਕੋਲ ਅਨੁਭਵ ਦੀ ਵਿਲੱਖਣਤਾ ਦੇ ਨਾਲ-ਨਾਲ ਨਵੀਨ ਸ਼ਾਇਰੀ ਦਾ ਇੱਕ ਵੱਖਰਾ ਤੇ ਸੱਜਰਾ ਕਾਵਿ-ਮੁਹਾਵਰਾ ਹੈ। ਉਹ ਪਾਕਿਸਤਾਨ ਦੀ ਅਜੋਕੀ ਪੰਜਾਬੀ ਕਵਿਤਾ ਦਾ ਉੱਘਾ ਹਸਤਾਖਰ ਹੈ, ਜਿਸ ਦੀ ਸ਼ਾਇਰੀ ਦਾ ਸਾਧਾਰਨ ਪਾਠ ਹੀ ਇਸ ਗੱਲ ਨੂੰ ਪ੍ਰਮਾਣਿਤ ਕਰ ਦਿੰਦਾ ਹੈ ਕਿ ਆਪਣੇ ਲੋਕਾਂ ਨਾਲੋਂ ਹਾਲਾਤ ਦੀਆਂ ਦੁਸ਼ਵਾਰੀਆਂ ਕਾਰਨ, ਟੁੱਟਾ ਸ਼ਾਇਰ, ਕਿਵੇਂ ਆਪਣੀ ਸ਼ਾਇਰੀ ਨਾਲ ਜਨ-ਜੀਵਨ ਨਾਲ ਜੁੜਨ ਦੀ ਸਮਰੱਥਾ ਰੱਖਦਾ ਹੈ।

ਉਹ ਕਾਵਿ-ਬਿੰਬਾਵਲੀ ਦੇ ਸਹਾਰੇ ਨਜ਼ਮ ਨੂੰ ਕਠਨ ਤੇ ਬਿਖੜੇ ਸਫ਼ਰ ਤੇ ਤੋਰਦਾ ਹੈ ਤੇ ਫਿਰ ਉਸ ਨੂੰ ਆਜ਼ਾਦੀ ਨਾਲ ਵਿਚਾਰਨ ਦੀ ਖੁੱਲ੍ਹ ਦੇ ਦਿੰਦਾ ਹੈ ਅਤੇ ਉਸ ਨੂੰ ਅਣਕਿਆਸੇ ਰਾਹਾਂ ਵੱਲ ਵਧਣ ਦੀ ਇਜਾਜ਼ਤ ਦੇ ਦਿੰਦਾ ਹੈ। ਏਸੇ ਕਾਰਨ ਇਹ ਨਜ਼ਮਾਂ ਆਮ-ਮੁਹਾਰੇ ਵੇਗ ਵਿੱਚ ਆਪਣੇ ਪੈਰਾਂ ਤੇ ਤੁਰਦੀਆਂ ਯਾਂਤਰਿਕਤਾ ਤੋਂ ਮੁਕਤ ਪ੍ਰਤੀਤ ਹੁੰਦੀਆਂ ਹਨ। ਕਈ ਵਾਰ ਪਾਠਕ ਨੂੰ ਇੰਝ ਵੀ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਛਾਇਆਵਾਦੀ ਸ਼ੈਲੀ ਦਾ ਨਿਰਮਾਣ ਕਰ ਰਿਹਾ ਹੋਵੇ। ਉਸ ਦੀ ਰਹੱਸਮਈ ਕਾਵਿ-ਸ਼ੈਲੀ ਦੀਆਂ ਪੈੜਾਂ ਨੂੰ ਫੜਨਾ ਜਾਂ ਲੱਭਣਾ, ਹਰ ਵਾਰੀ ਆਸਾਨ ਕਾਰਜ ਪ੍ਰਤੀਤ ਨਹੀਂ ਹੁੰਦਾ, ਪਰ ਉਹ ਮੌਲਿਕਤਾ ਦਾ ਪੱਲਾ ਕਿਤੇ ਵੀ ਨਹੀਂ ਛੱਡਦਾ। ਪ੍ਰਵਾਸ ਜੀਵਨ ਸਮੇਂ ਹੰਢਾਏ ਵਤਨ ਦੇ ਹੇਰਵੇ ਨੂੰ ਉਹ ਵੱਖਰੇ ਅੰਦਾਜ਼ ਵਿੱਚ, ਕਦੇ ਆਜ਼ਾਦ ਤੇ ਕਦੇ ਸੰਗੀਤਮਈ ਪ੍ਰਗੀਤਕ ਰੰਗ ਵਿੱਚ ਪੇਸ਼ ਕਰਦਾ ਹੈ। ਉਸ ਦੀ ਸ਼ਾਇਰੀ ਵਿੱਚ ਵਤਨ ਦਾ ਦਰਦ ਗੂਹੜੀ ਤਰ੍ਹਾਂ ਸਮੋਇਆ ਹੋਇਆ ਹੈ।

ਮਜ਼ਹਰ ਤਿਰਮਜ਼ੀ ਅਸੀਮ ਸੰਭਾਵਨਾਵਾਂ ਵਾਲਾ ਨਵਾਂ ਸ਼ਾਇਰ ਹੈ, ਜਿਸ ਨੇ ਪਾਕਿਸਤਾਨੀ ਦੀ ਪੰਜਾਬੀ ਸ਼ਾਇਰੀ ਨੂੰ ਨਵੇਂ ਵਿਸਤਾਰ ਦਿਤੇ ਹਨ। ਹਥਲੇ ਸੰਗ੍ਰਹਿ ਵਿੱਚ ਉਸ ਦੀਆਂ ਕੁੱਲ 122 ਨਜ਼ਮਾਂ ਤੇ ਗੀਤ ਸ਼ਾਮਿਲ ਹਨ। ਅਸੀਂ ਇਸ ਸੰਗ੍ਰਹਿ ਦਾ ਭਰਪੂਰ ਸੁਆਗਤ ਕਰਦੇ ਹੋਏ, ਪੰਜਾਬੀ ਪਾਕਿਸਤਾਨੀ ਸ਼ਾਇਰ ਦੇ ਗੰਭੀਰ ਪਾਠਕਾਂ ਨੂੰ ਇਸ ਅਦੁੱਤੀ ਸੌਗਾਤ ਨੂੰ ਪ੍ਰਾਪਤ ਕਰਨ ਤੇ ਮਾਨਣ ਦਾ ਸੱਦਾ ਦਿੰਦੇ ਹਾਂ।

(ਹ.ਸ.ਹ.)

-0-

## ਲੀਲ੍ਹਾ/ਨਵਤੇਜ ਭਾਰਤੀ

ਨਵਤੇਜ ਭਾਰਤੀ ਅੱਜ ਕੱਲ੍ਹ ਕਨੇਡੀਅਨ ਹੈ, ਪਰ ਉਸ ਨੇ ਭਾਰਤੀ ਹੋਣ ਦਾ ਬਿਰਦ ਪੂਰਨ ਤਨਦੇਹੀ ਨਾਲ ਪਾਲਿਆ ਹੈ। ਨਵਤੇਜ 'ਲੀਲ੍ਹਾ' ਪੁਸਤਕ ਤੱਕ ਆਪਣੇ ਭਰਾ ਅਜਮੇਰ ਨਾਲ ਰਲਕੇ ਪਹੁੰਚਿਆ ਹੈ, ਪਰ ਨਵਤੇਜ ਨੂੰ 'ਲੀਲ੍ਹਾ' ਤੱਕ ਸੀਮਿਤ ਕਰਨਾ ਬਹੁਤ ਮੁਸ਼ਕਿਲ ਹੈ। ਨਵਤੇਜ ਕਵੀ ਜੰਮਿਆ ਸੀ ਅਤੇ ਅਜਮੇਰ ਕਵੀ ਬਣ ਗਿਆ ਹੈ। ਇਸ ਵਾਸਤੇ ਨਵਤੇਜ ਨੂੰ ਅਜਮੇਰ ਤੋਂ ਅਲੱਗ ਕਰਕੇ ਹੀ ਦੇਖਿਆ ਜਾ ਸਕਦਾ ਹੈ। ਨਵਤੇਜ ਨੂੰ ਉਸ ਦੇ ਮਾਂ ਪਿਉ ਨੇ ਜਿਹੜੇ ਰਾਹਾਂ ਦੀਆਂ ਬਾਤਾਂ ਰੋਡੇ ਪਿੰਡ ਵਿੱਚ ਸੁਣਾਈਆਂ ਸਨ, ਉਹ ਸੱਤ ਸਮੁੰਦਰੋਂ ਪਾਰ ਜਾ ਕੇ ਵੀ ਨਵਤੇਜ ਦੀ ਰੂਹ ਵਿੱਚ ਤਾਜ਼ੀਆਂ ਹਨ। ਨਵਤੇਜ ਨੂੰ ਕਿਸੇ ਵਿਕਾਸ ਕ੍ਰਮ ਵਿੱਚ ਵੇਖੇ ਜਾਣ ਦੀ ਲੋੜ ਨਹੀਂ ਹੈ। ਉਸ ਕਿਸੇ ਖੜੋਤ ਦਾ ਸ਼ਿਕਾਰ ਵੀ ਨਹੀਂ ਹੈ। ਵਿਦਿਆਰਥੀ ਵੇਲੇ ਜਦੋਂ ਉਹ ਭੂਤਵਾੜਾ ਕਲਚਰ ਦਾ ਹਿੱਸਾ ਸੀ, ਉਦੋਂ ਵੀ ਉਹ ਅਲੱਗ-ਥਲੱਗ ਸੀ। ਨਵਤੇਜ ਨੂੰ ਗੱਲ ਕਹਿਣੀ ਤੇ ਬਨਾਉਣੀ ਉਸ ਤਰ੍ਹਾਂ ਨਹੀਂ ਆਉਂਦੀ, ਜਿਹੋ ਜਿਹੀ ਜ਼ਮਾਨੇ ਨੇ ਪਰਵਾਨ ਕੀਤੀ ਹੋਈ ਹੈ। ਏਸੇ ਲਈ ਜਦੋਂ ਉਹ ਬੋਲਦਾ ਹੈ ਤਾਂ ਉਸ ਕੋਲੋਂ ਕਵਿਤਾ ਆਪ ਮੁਹਾਰੇ ਹੀ ਬੋਲੀ ਜਾਂਦੀ ਹੈ। ਅਸਲ ਵਿੱਚ ਨਵਤੇਜ ਦਰਵਾਜ਼ੇ ਭੇੜਕੇ ਰੱਖਦਾ ਹੈ ਅਤੇ ਉਸ ਦੇ ਅਸਲ ਦੇ ਦੀਦਾਰੇ ਬਹੁਤ ਸੌਖੇ ਨਹੀਂ ਹਨ। ਮੈਨੂੰ ਪਤਾ ਨਹੀਂ, ਪਰ ਮੇਰੀ ਸਿਮਰਤੀ ਵਿੱਚ ਕਵੀ ਨਵਤੇਜ ਦੀਆਂ ਇਹ ਸੱਤਰਾਂ ਵਿਦਿਆਰਥੀ ਵੇਲੇ ਤੋਂ ਲੈ ਕੇ ਮੇਰੀ ਰੂਹ ਵਿੱਚ ਵਸੀਆਂ ਹੋਈਆਂ ਹਨ :—



ਅੱਖਰ ਨਿਮਾਣੇ ਨਿਰਾ ਦੁਖ ਸੁਖ ਫੋਲਦੇ
ਅੱਖਰਾਂ ਦੀ ਗੂੰਗੀ ਏ ਜ਼ੁਬਾਨ।

1962-63 ਵਿੱਚ ਇਹੋ ਜਿਹੀ ਕਵਿਤਾ ਦਾ ਕੋਈ ਮੁੱਲ ਨਹੀਂ ਸੀ ਪੈਂਦਾ, ਕਿਉਂਕਿ ਉਸ ਵੇਲੇ ਜ਼ਰਾ ਅਲੱਗ ਕਿਸਮ ਦੇ ਕਾਵਿ ਪ੍ਰਵਾਹ ਦਾ ਬੋਲਬਾਲਾ ਸੀ। ਨਵਤੇਜ ਜੀਵਨ ਦੀਆਂ ਕਦਰਾਂ ਲਈ ਪ੍ਰਤੀਬਧਤਾ ਵਿੱਚ ਵੀ ਪਿੱਛੇ ਨਹੀਂ ਸੀ, ਪਰ ਉਸ ਨੇ ਖਾਹ-ਮਖਾਹ ਅਗਾਂਹਵਧੂ ਸਾਬਤ ਕਰਨ ਦਾ ਭਾਰ ਵੀ ਨਹੀਂ ਢੋਇਆ। ਜਦੋਂ 1994 ਵਿੱਚ ਮੈਂ ਨਵਤੇਜ ਨੂੰ ਕਨੇਡਾ ਦੇ ਅਤਿ ਸੁੰਦਰ ਸ਼ਹਿਰ ਲੰਡਨ ਵਿਖੇ ਉਸਦੇ ਘਰ ਮਿਲਿਆ ਤਾਂ 32 ਸਾਲ ਦਾ ਵਕਫਾ ਲੱਗਿਆ ਹੀ ਨਹੀਂ। ਨਵਤੇਜ ਦੀ ਕਾਵਿਮਈ ਮੁਸਕਰਾਹਟ ਅਤੇ ਸੁਨਣ-ਸ਼ਕਤੀ ਦਾ ਸੁਹਜ ਬਿਲਕੁਲ ਪਹਿਲਾਂ ਵਰਗਾ ਹੀ ਸੀ।

ਪਰ ਨਵਤੇਜ ਨੇ ਦੱਸਿਆ ਕਿ ਉਹ ਤਾਂ ਬਹੁਤ ਚਿਰ ਚੁੱਪ ਰਿਹਾ ਹੈ ਅਤੇ ਬਹੁਤਾ ਸਮਾਂ ਹੋਇਆ ਫਿਰ ਲਿਖਣਾ ਸ਼ੁਰੂ ਕਰ ਦਿੱਤਾ ਹੈ। ਮੈਨੂੰ ਲੱਗਿਆ ਕਿ ਕਵੀ ਨਵਤੇਜ ਸਮਾਧੀ ਅਸਥਿਤ ਰਿਹਾ ਹੈ ਅਤੇ ਹੁਣ ਉਸ ਦੀ ਸਮਾਧੀ ਭੰਗ ਹੋ ਗਈ ਹੈ। ਸਮਾਧੀ ਵਿਚੋਂ ਜਾਗਦਿਆਂ ਹੀ ਉਸ ਦੀ ਨਿਗਾਹ ਕਪਾਹ ਤੇ ਪਈ ਅਤੇ ਧਰਤੀ ਦੀ ਗਲ ਉਸ ਨੇ "ਬਿਰਛਾਂ ਦਾ ਜੇਰਾ" ਅਤੇ "ਅੰਬਾਂ ਦਾ ਟਸਕਣ" ਦੇ ਨਾਲ-ਨਾਲ "ਕਪਾਹ ਖਿੜ ਉਠਦੀ ਹੈ" ਨਾਲ ਕੀਤਾ ਹੈ (ਪੰਨਾ 277)। ਅਸਲ ਵਿੱਚ ਖੇੜਾ ਨਵਤੇਜ ਦੀ ਮੰਜ਼ਿਲ ਹੈ ਅਤੇ ਉਹ ਨੰਗੇ ਪੈਰੀ ਉਸਾਰੂ ਰਾਹਾਂ ਤੇ ਤੁਰਿਆ ਹੈ। ਖਿੜੇ ਹੋਏ ਬਾਗਾਂ ਦੇ ਮਾਲੀਆਂ ਦਾ ਉਸਨੂੰ ਬਹੁਤ ਭੇਤ ਹੈ, ਪਰ ਮਾਲੀਆਂ ਦੇ ਹੱਥਾਂ ਦੇ ਛਾਲੇ ਉਸਦੀ ਰੂਹ ਨੂੰ ਮੱਲੀ ਬੈਠੇ ਹਨ। ਉਸਦੀਆਂ ਜਗਦੀਆਂ ਅੱਖਾਂ ਤਾਂ ਬੁਝੀਆਂ ਅੱਖਾਂ ਦੇ ਗੀਤ ਨੂੰ ਫੜਨ ਦੀ ਕੋਸ਼ਿਸ਼ ਵਿੱਚ ਨਿਰੰਤਰ ਉਦਾਸ ਹਨ:

ਮੇਰੀਆਂ ਜਗਦੀਆਂ ਦੋ ਅੱਖਾਂ ਪਿੱਛੇ
ਲੱਖਾਂ ਅੱਖਾਂ ਬੁਝੀਆਂ ਹੋਈਆਂ ਹਨ
ਮੈਂ ਉਹਨਾਂ ਲਈ ਵੀ ਵੇਖਣਾ ਹੈ। ਪੰਨਾ 41

ਕਿਸੇ ਵੀ ਭਾਸ਼ਾ ਦੇ ਕਵੀ ਨੂੰ ਉਸ ਭਾਸ਼ਾ ਦੀ ਸੱਭਿਆਚਾਰਕ ਧਰਾਤਲ ਉੱਤੇ ਹੀ ਸਭ ਕੁਝ ਉਸਾਰਨਾ ਪੈਂਦਾ ਹੈ। ਉਸਨੂੰ ਸੁਹਾਗੇ ਵਾਹਣ ਵਿੱਚ ਕੱਢੇ ਓਰੇ ਨਹੀਂ ਭੁੱਲੇ ਅਤੇ ਉਹ ਕਵਿਤਾ ਰਾਹੀਂ ਆਪਣੀ ਧਰਤੀ ਮਾਂ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਹੈ :

ਜਦੋਂ ਕਵਿਤਾ ਪੜ੍ਹਦਾ ਹਾਂ
ਲਗਦੈ ਜਿਵੇਂ ਖਿੜੀ ਕਪਾਹ ਵਿਚਦੀ ਲੰਘ ਰਿਹਾ ਹਾਂ।
ਕਿਣਮਿਣ ਕਣੀਆਂ ਵਿੱਚ ਖੜ੍ਹਾ ਰਿਹਾ
ਕੋਈ ਕਣੀ ਮੇਰੇ ਤਕ ਨਹੀਂ ਪਹੁੰਚੀ
ਸਾਰਾ ਜ਼ੋਰ ਲਾਉਣ ਤੇ ਵੀ
ਮੈਂ ਸਰੀਰ ਦੀ ਛਤਰੀ ਪਾਸੇ ਨਹੀਂ ਕਰ ਸਕਿਆ। (409)

ਕਵਿਤਾ ਅਸਲ ਵਿੱਚ ਸੱਚ ਨੂੰ ਬਿੰਬਾਂ ਰਾਹੀਂ ਫੜਨ ਦਾ ਹੀ ਯਤਨ ਹੈ। ਮਾਂਗਵੀ ਮਿੱਟੀ ਵਿੱਚ ਗ਼ਮਲੇ ਦਾ ਬੂਟਾ ਨਵਤੇਜ ਨੂੰ ਆਪਣੀ ਵਿਥਿਆ ਕਹਿਣ ਲਈ ਸਹੀ ਬਿੰਬ ਲੱਗਦਾ ਹੈ। ਬੰਦੇ ਤੋਂ ਗ਼ਮਲੇ ਦਾ ਬੂਟਾ ਹੋ ਜਾਣ ਦਾ ਦੁਖਾਂਤ ਧਰਤੀ ਦੇ ਮੋਹ ਦਾ ਕਥਾਰਸਿਸ ਹੈ ਕਿ ਦੁਖਾਂਤ, ਇਹ ਤਾਂ ਫੈਸਲਾ ਕਰਨਾ ਬਹੁਤ ਮੁਸ਼ਕਲ ਹੈ। ਨਵਤੇਜ ਨੂੰ ਫੈਸਲਿਆਂ ਦੀ ਸੁਰ ਵਿੱਚ ਉਧੜਨ ਦਾ ਬਿਲਕੁਲ ਚਾਅ ਨਹੀਂ ਹੈ। ਉਹ ਤਾਂ ਉਲਟੀ ਗੀਤ ਦਾ ਸ਼ਿਕਾਰ ਹੋਣ ਦਾ ਦਰਦ ਆਪਣੇ ਆਪ ਨਾਲ ਸਾਂਝਾ ਕਰ ਰਿਹਾ ਪ੍ਰਤੀਤ ਹੁੰਦਾ ਹੈ :

ਨਵਤੇਜ ਨੂੰ ਪਤਾ ਹੈ ਕਿ "ਪੜ੍ਹੇ ਲਿਖੇ ਕਵਿਤਾ ਦੇ ਅਰਥ ਕਰਦੇ ਹਨ, ਉਸਦੇ ਅਹਿਸਾਸ ਵਿੱਚ ਪੰਘਰਦੇ ਨਹੀਂ" (636)। ਕਵਿਤਾ ਜੇ ਆਪਣੀ ਧਰਤੀ ਵਿਚੋਂ ਉਖੜ ਜਾਵੇ ਤਾਂ ਕਵਿਤਾ ਨਹੀਂ ਰਹਿੰਦੀ। ਏਸੇ ਲਈ ਨਵਤੇਜ ਦੇ ਅਹਿਸਾਸ ਵਿਚੋਂ ਇਹ ਸੇਕ ਵੀ ਨਿਕਲਦਾ ਹੈ :

ਕਾਵ-ਲੋਕ ਵਿੱਚ ਖਿਆਲ ਆਪਣੇ ਮੂੰਹ ਤੇ
ਰੰਗ ਮਲਕੇ ਹਾਜ਼ਰ ਹੁੰਦੇ ਹਨ।(637)

ਬੰਦੇ ਦੀ ਪਰਾਲਬਧ ਵਿੱਚ ਨਵਤੇਜ ਦਾ ਉਸ ਤਰ੍ਹਾਂ ਦਾ ਵਿਸ਼ਵਾਸ ਨਹੀਂ ਹੈ ਜਿਸ ਤਰ੍ਹਾਂ ਦਾ ਉਸਦੇ ਅਹਿਸਾਸ ਵਿੱਚ ਮਾਂ-ਬਾਪ ਦੇ ਹਵਾਲੇ ਨਾਲ ਜਗਦਾ ਬੁਝਦਾ ਰਹਿੰਦਾ ਹੈ। ਨਵਤੇਜ ਦੀ ਕਾਵ ਫਿਤਰਤ ਨੂੰ ਇਨ੍ਹਾਂ ਸਤਰਾਂ ਰਾਹੀਂ ਇਸ ਲਈ ਫੜਿਆ ਜਾ ਸਕਦਾ ਹੈ, ਕਿਉਂਕਿ ਇਹ ਖੁਲ੍ਹੇ ਸਿਰਿਆਂ ਵਾਲੀ ਨਿਰੰਤਰ ਜਗਿਆਸਾ ਦਾ ਕਿੱਸਾ ਹੈ :

ਨਦੀ ਨਾਵ ਅਤੇ ਮਲਾਹ
ਤਿੰਨ ਰਸਤੇ ਵਿੱਚ ਰਹਿੰਦੇ ਹਨ
ਤਿੰਨੇ ਵਗਦੇ ਰਹਿੰਦੇ ਹਨ।(658)

ਕਵਿਤਾ ਨਵਤੇਜ ਦੇ ਸ਼ਬਦਾਂ ਵਿੱਚ ਫਸਲ ਵਰਗੀ ਇਲਾਹੀ ਬਖਸ਼ਿਸ਼ ਹੈ। ਕਵਿਤਾ ਜੇ ਦਰਿਆ ਵਾਂਗ ਵਹਿ ਰਹੀ ਹੈ ਤਾਂ ਹੀ ਕਵਿਤਾ ਹੈ। ਜਦੋਂ ਕਵੀ ਚੁੱਪ ਕਰਨ ਦੀ ਮਜਬੂਰੀ ਹੰਢਾਉਂਦਾ ਹੈ ਤਾਂ ਸ਼ਬਦਾਂ ਕੋਲੋਂ ਬੋਲ ਤਰੁੰਡਣ ਦੀ ਸਜ਼ਾ ਆਪਣੇ ਪਿੰਡੇ ਤੇ ਭੁਗਤਦਾ ਹੈ। ਕਵੀ ਨੂੰ ਇਹੋ ਜਿਹੀ ਹਾਲਤ ਵਿੱਚ ਵੀ ਸ਼ਬਦਾਂ ਦੀ ਮਿਹਰ ਦੀ ਆਸ ਰਹਿੰਦੀ ਹੈ। ਇਨ੍ਹਾਂ ਸਾਰੀਆਂ ਸਥਿਤੀਆਂ ਵਿਚੋਂ ਇਹੀ ਸੰਕੇਤ ਮਿਲਦਾ ਹੈ :

ਕਵਿਤਾ ਲਿਖਣੀ ਕਵਿਤਾ ਸੁਣਨੀ
ਤੇ ਕਵਿਤਾ ਕਹਿਣੀ ਇਕੋ ਗਲ ਹੈ।(684)

ਨਵਤੇਜ ਨੇ ਲੰਬੀਆਂ ਕਵਿਤਾਵਾਂ ਵੀ ਲਿਖੀਆਂ ਹਨ ਅਤੇ ਉਨ੍ਹਾਂ ਲੰਮੀਆਂ ਕਵਿਤਾਵਾਂ ਦੀ ਲੀਲ੍ਹਾ ਦੇ ਪਾਠ ਸਮਾਗਮਾਂ ਵਿੱਚ ਮਹਿਮਾ ਵੀ ਹੋਈ ਹੈ। ਲੰਮੀ ਕਵਿਤਾ ਕਵੀ ਦਾ ਇਮਤਿਹਾਨ ਹੁੰਦੀ ਹੈ ਅਤੇ ਚੰਗਾ ਹੋਇਆ ਕਿ ਨਵਤੇਜ ਇਸ ਵਿਚੋਂ ਪਾਸ ਹੋ ਗਿਆ ਹੈ। ਪਰ ਨਵਤੇਜ ਤਾਂ ਮੂਲ ਰੂਪ ਵਿੱਚ ਗੀਤਕਾਰ ਹੈ। ਉਸ ਕੋਲ ਤ੍ਰੇਲ ਦੇ ਤੁਪਕਿਆਂ ਦੀ ਮਾਲਾ ਪਰੋਣ ਦਾ ਕਵੀ ਸਾਹਸੀ ਨਹੀਂ ਹੈ। ਉਸ ਨੇ ਛੋਟੀਆਂ ਕਵਿਤਾਵਾਂ ਵਿੱਚ ਜਿਵੇਂ ਆਪਣੀ ਰੂਹ ਦਾ ਰੰਗ ਭਰਿਆ ਹੈ, ਉਹ ਵੱਡੀ ਜਾਂ ਲੰਮੀ ਕਵਿਤਾ ਵਿੱਚ ਸੰਭਵ ਹੀ ਨਹੀਂ ਹੁੰਦਾ। ਫਿਰ ਵੀ ਨਵਤੇਜ ਨੇ "ਆਉ ਬੱਚੇ ਬਣੀਏ" ਵਿੱਚ ਜਿਵੇਂ ਬਚਪਨ ਦੇ ਹਵਾਲੇ ਨਾਲ ਸੱਚ ਗੁੰਨ੍ਹਿਆ ਹੈ, ਉਹ ਵਧੀਆ ਕਵਿਤਾ ਹੋ ਨਿਬੜਿਆ ਹੈ। ਬਚਪਨ ਦਾ ਕਵਿਤਵ ਇਕੱਲੇ ਉਦਰੇਵੇਂ ਰਾਹੀਂ ਨਹੀਂ ਉਘੜਦਾ, ਸਗੋਂ ਸਮਕਾਲੀਨ ਅਨੁਭਵ ਨੂੰ ਧੁਆਂਖਣ ਵਾਲੇ ਬੇਲੋੜੇ ਬੰਦਨਾਂ ਤੋਂ ਮੁਕਤੀ ਦੀ ਲਾਲਸਾ ਵਿਚੋਂ ਵੀ ਅਨੁਭਵ ਕੀਤਾ ਜਾ ਸਕਦਾ ਹੈ। ਬਚਪਨ ਦੇ ਬਿੰਬ ਰਾਹੀਂ ਇਲਮ ਦੀ ਪੰਡ ਦਾ ਬੋਝ, ਧਰਮ ਕਰਮ ਅਤੇ ਸੱਭਿਆਚਾਰ ਦੇ ਬਸਤਰ, ਲੋਕਤੰਤਰ ਤੇ ਚੋਣਾਂ ਦੇ ਖੜਯੰਤਰ ਭਲਾ ਗਿੱਦੜ-ਗਿੱਦੜੀ ਦੇ ਵਿਆਹ ਦਾ ਕੀ ਮੁਕਾਬਲਾ ਕਰ ਸਕਦੇ ਹਨ। ਨਵਤੇਜ ਦੀ ਰੂਹ ਉਸ ਮਿੱਟੀ ਨੇ ਮੱਲੀ ਹੋਈ ਹੈ, ਜੋ ਉਸ ਦੇ ਕੇਸਾਂ ਸੁਆਸਾਂ ਵਿੱਚ ਸਮਾਈ ਹੋਈ ਹੈ ਅਤੇ ਜਿਸ ਬਾਰੇ ਨਵਤੇਜ ਨੇ ਪਿਉ ਦੀ ਭਾਸ਼ਾ ਵਿੱਚ ਆਖਿਆ ਸੀ, "ਪੁੱਤ ਆਪਣਾ ਪਿੱਛਾ ਯਾਦ ਰੱਖੀਂ।"

ਡਾ. ਬਲਕਾਰ ਸਿੰਘ

-0-

## ਪਹਿਲਾ ਪੂਰ/(ਰਾਜਾ ਸਾਦਕ ਅੱਲਾ)

ਰਾਜਾ ਸਾਦਕ ਅੱਲਾ ਦੀਆਂ ਕਵਿਤਾਵਾਂ ਦਾ 'ਪਹਿਲੂ ਪੂਰ' ਪ੍ਰਾਪਤ ਹੋਇਆ ਹੈ। ਪਹਿਲਾ ਪਰਾਗਾ ਹੀ ਉਸ ਦੇ ਪਰਪੱਕ ਤੇ ਆਧੁਨਿਕ ਸ਼ਾਇਰ ਹੋਣ ਦੀ ਗਵਾਹੀ ਦਿੰਦਾ ਹੈ। ਉਸ ਨੂੰ ਸ਼ਾਇਰੀ ਵਿਰਸੇ ਵਿੱਚ ਪ੍ਰਾਪਤ ਹੋਈ ਹੈ। ਉਹ ਜ਼ਿੰਦਗੀ ਨੂੰ ਇੱਕ ਪਾਰਖੂ ਦੀ ਅੱਖ ਨਾਲ ਵੇਖਦਾ ਹੈ ਤੇ ਕਲਾਕਾਰ ਦੀ ਸੰਜੀਦਗੀ ਨਾਲ ਬਿਆਨ ਕਰਦਾ ਹੈ। ਪਾਕਿਸਤਾਨ ਦੀ ਪੰਜਾਬੀ ਸ਼ਾਇਰੀ ਲੋਕ-



ਵਿਰਸੇ, ਕਿੱਸੇ ਸਾਹਿਤ ਤੇ ਸੂਫ਼ੀ ਸ਼ਾਇਰੀ ਤੋਂ ਰਚਨਾਤਮਿਕ ਪ੍ਰੇਰਨਾ ਲੈਂਦੀ ਹੈ, ਪਰ ਸਾਦਕ ਅੱਲਾ ਆਧੁਨਿਕ ਭਾਵ-ਬੋਧ ਦਾ ਪਕਰੋੜ ਸ਼ਾਇਰ ਹੈ। ਉਹ ਪੱਛਮ ਦੀ ਆਜ਼ਾਦੀ ਸ਼ਾਇਰੀ ਤੋਂ ਪ੍ਰਭਾਵਤ ਹੋ ਕੇ ਆਧੁਨਿਕ ਰੰਗ ਤੇ ਡੂੰਘੇ ਅਰਥਾਂ ਵਾਲੀ ਭਾਵ ਪੂਰਤ ਨਜ਼ਮ ਕਹਿੰਦਾ ਹੋਇਆ ਮੌਲਿਕ ਰੰਗ ਪੈਦਾ ਕਰਦਾ ਹੈ। ਉਸ ਦੇ ਕਲਾਮ ਨੂੰ ਪੜ੍ਹ ਕੇ, ਭਾਰਤੀ ਪਾਠਕ ਨੂੰ ਇਹ ਸ਼ਿਕਾਇਤ ਨਹੀਂ ਰਹਿੰਦੀ ਕਿ ਪਾਕਿਸਤਾਨੀ ਪੰਜਾਬੀ ਸ਼ਾਇਰੀ ਉੱਤੇ ਰਵਾਇਤ ਤੇ ਪਰੰਪਰਾ ਦਾ ਰੰਗ ਵਧੇਰੇ ਗੂਹੜਾ ਹੈ। 'ਪਹਿਲਾ ਪੂਰ' ਵਿੱਚ 52 ਕਵਿਤਾਵਾਂ ਸ਼ਾਮਿਲ ਹਨ। ਪਹਿਲੇ ਹੀ ਸੰਗ੍ਰਹਿ ਦੇ ਛਪਣ ਨਾਲ ਉਹ ਪੰਜਾਬੀ ਦੇ ਗੰਭੀਰ ਤੇ ਆਧੁਨਿਕ ਰੰਗ ਵਾਲੇ ਸ਼ਾਇਰਾਂ ਦੀ ਸਫ਼ ਵਿੱਚ ਆ ਖਲੋਤਾ ਹੈ। ਉਹ ਨਵਾਂ ਮੁਹਾਵਰਾ ਸਿਰਜਣ ਦੀ ਤਲਾਸ਼ ਵਿੱਚ ਹੈ।

ਨਮੂਨੇ ਮਾਤਰ ਉਹਨਾਂ ਦੀ ਇੱਕ ਛੋਟੀ ਨਜ਼ਮ 'ਪਾਣੀਪਤ' ਪੇਸ਼ ਕੀਤੀ ਜਾ ਰਹੀ ਹੈ।

### ਪਾਣੀਪੱਤ

ਇਹ ਜੰਗ ਆਪੋ ਆਪਣੀ ਸਾਨੂੰ
ਆਪੇ ਲੜਨੀ ਪੈਂਦੀ।
ਏਸ ਜੰਗ ਵਿੱਚ ਸਿਰ ਕੱਪਣੇ ਦੀ
ਲੋੜ ਨਹੀਂ ਬਾਕੀ ਰਹਿੰਦੀ
ਏਸ ਜੰਗ ਵਿੱਚ ਬਾਕੀ ਬਚਦਾ ਰਿੱਸਿਆ ਮਿੱਥਿਆ
ਘਾਹ ਜਾਂ ਕੋਈ ਰਹਿੰਦ-ਖੂੰਹਦ ਡੋਲੇ ਸੀਨੋਂ ਅੰਦਰ ਸਾਹ।
ਏਸ ਜੰਗ ਵਿੱਚ ਥੱਕ-ਥੱਕ ਡਿੱਗਦੀ ਸ਼ਾਮ-ਸ਼ਾਮੋ
ਸਪਾਹ ਯਾ ਫਿਰ ਕਿਧਰੇ-ਕਿਧਰੇ ਉੱਡਦੀ ਪਾਣੀਪੱਤ ਸਵਾਹ
ਦਿਹੁੰ ਚੜ੍ਹਨੇ ਤੇ ਨਵੇਂ ਸਿਰੇ ਤੋਂ ਫੁੱਟਦੀ ਫੇਰ ਕਪਾਹ।
ਪਿਛਲਾ ਪੈਂਡਾ ਤੋੜ ਨਹੀਂ ਚੜ੍ਹਦਾ
ਟੁਰਦੀ ਅੱਗੇ ਰਾਹ...।

(ਹ.ਸ.ਹ.)

-0-

## ਪਸ਼ਤੋ-ਕਹਾਣੀਆਂ/ਅਨੁਵਾਦ ਤੇ ਸੰਪਾਦਨ-ਪ੍ਰੋ. ਆਸ਼ਕ ਰਹੀਲ

ਪਾਕਿਸਤਾਨ ਵਿੱਚ ਸਭ ਤੋਂ ਵੱਧ, ਪੰਜਾਬੀ ਪੁਸਤਕਾਂ ਛਾਪਣ ਲਈ ਇਕੋ-ਇੱਕ ਅਦਾਰਾ ਪਾਕਿਸਤਾਨ ਪੰਜਾਬੀ ਅਦਬੀ ਬੋਰਡ ਲਾਹੌਰ ਹੈ, ਜਿਸ ਨੇ ਪਿਛਲੇ ਦਹਾਕਿਆਂ ਵਿੱਚ ਸੈਂਕੜੇ ਪੁਸਤਕਾਂ ਪੰਜਾਬੀ ਵਿੱਚ ਛਾਪੀਆਂ ਹਨ, ਜਿਨ੍ਹਾਂ ਵਿੱਚ ਲੋਕ-ਅਦਬ, ਪੁਰਾਤਨ ਲਿਖਤਾਂ, ਸ਼ਾਇਰੀ ਨਾਵਲ ਤੇ ਤਨਕੀਦ ਦੀਆਂ ਪੁਸਤਕਾਂ ਸ਼ਾਮਿਲ ਨੇ। ਦੂਸਰੀਆਂ ਇਲਾਕਾਈ ਭਾਸ਼ਾਵਾਂ ਦੇ ਸਾਹਿਤ ਦੇ ਆਦਾਨ-ਪ੍ਰਦਾਨ ਲਈ, ਪਸ਼ਤੋ, ਸਿੰਧੀ ਅਤੇ ਬਲੋਚੀ ਭਾਸ਼ਾ ਦੀਆਂ ਪੁਸਤਕਾਂ ਵੀ ਪੰਜਾਬੀ ਵਿੱਚ ਛਾਪੀਆਂ ਹਨ। ਪਸ਼ਤੋ ਕਹਾਣੀਆਂ ਦਾ ਸੰਗ੍ਰਹਿ ਏਸੇ ਹੀ ਲੜੀ ਦਾ ਸ਼ਲਾਘਾਯੋਗ ਉੱਦਮ ਹੈ।

ਇਸ ਪੁਸਤਕ ਦੀ ਚੋਣ ਤੇ ਪੰਜਾਬੀ ਅਨੁਵਾਦ ਉੱਘੇ ਆਲੋਚਕ ਤੇ ਲੇਖਕ ਪ੍ਰੋ. ਆਸ਼ਕ ਰਹੀਲ ਨੇ ਕੀਤਾ ਹੈ। ਕਹਾਣੀਆਂ ਦੀ ਚੋਣ ਤੇ ਸੰਪਾਦਨ ਦਾ ਕਾਰਜ ਕਾਫ਼ੀ ਮੁਸ਼ਕਿਲ ਸੀ, ਜਿਸ ਨੂੰ ਪ੍ਰੋ. ਸਾਹਿਬ ਨੇ ਬਾਖੂਬੀ ਸਿਰੇ ਚਾੜ੍ਹਿਆ ਹੈ। ਇਸ ਸੰਗ੍ਰਹਿ ਵਿੱਚ ਪਸ਼ਤੋ ਦੀਆਂ 25 ਕਹਾਣੀਆਂ ਸ਼ਾਮਿਲ ਹਨ। ਇਸ ਕਾਰਜ ਵਿੱਚ ਪ੍ਰੋ. ਸਾਹਿਬ ਦੀ ਬੀਵੀ ਦਾ ਵੀ ਵੱਡਾ ਹੱਥ ਹੈ, ਜੋ ਕਿ ਪਸ਼ਤੋ ਦੀ ਅਧਿਆਪਕਾ ਹੈ। ਕਹਾਣੀਆਂ ਵੀ ਤਰਤੀਬ ਜਨਮ-ਤਾਰੀਕ ਅਨੁਸਾਰ ਹੈ। ਅਨੁਵਾਦਿ ਦਾ ਪੱਧਰ ਬਹੁਤ ਉਚੇਰਾ ਹੈ। ਪ੍ਰੋ. ਸਾਹਿਬ ਅਤੇ ਪੰਜਾਬੀ ਅਦਬੀ ਬੋਰਡ ਇਸ ਉੱਦਮ ਲਈ ਡੂੰਘੀ ਪ੍ਰਸ਼ੰਸ਼ਾ ਦੇ ਹੱਕਦਾਰ ਨੇ।(ਹ.ਸ.ਹ.)

-0-

* ਚਿਰਾਗ਼ ਅਪ੍ਰੈਲ-ਜੂਨ-99 ਅਰਦਾਸ ਹੋਇਆ। ਮਨ-ਪ੍ਰਸੰਨ ਹੋਇਆ। 'ਚਿਰਾਗ਼' ਵਿੱਚ ਇਹ ਖ਼ੂਬੀ ਹੈ ਕਿ ਇਸ ਵਿੱਚ ਜੀਵਨ ਦਾ ਇਲਮ ਹੁੰਦਾ ਏ, ਇਹ ਖਲਾ ਵਿੱਚ ਨਾਮਕ ਟੂਟੀਆਂ ਨਹੀਂ ਮਾਰਦਾ। ਪਿਛਲੇ ਕਈ ਮਹੀਨਿਆਂ ਤੋਂ ਇਹ ਨਿਹਮਤ ਮੁਯੱਸਰ ਏ। ਮੈਂ ਇਹ ਖਿਦਮਤ ਕਰਦਾ ਹਾਂ ਕਿ ਇਸ ਨੂੰ ਅਲਫ ਤੋਂ ਯੇ ਤੀਕ ਪੜ੍ਹ ਜਾਂਦਾ ਹਾਂ। ਫਿਰ ਇਸ ਬਾਰੇ ਲੇਖ ਲਿਖਣ ਦੀ ਸਲਾਹ ਕਰਦਾ ਰਹਿਨਾ।

ਮਨ ਇਛਿਆ ਕਰਵਾਏ ਕਿ ਏਧਰ ਦੇ ਪੰਜਾਬੀ ਇਹਦੇ ਬਦਲੇ ਵਿੱਚ ਕੁਝ ਦੇ ਸਕਣ। ਜਦੋਂ ਏਧਰ ਜ਼ੁਬਾਨ ਹੀ ਨਹੀਂ ਹੈ। ਪੰਜਾਬੀ ਸਾਡੇ ਕਿਸੇ ਸ਼ੁਹਬੇ (ਸੰਸਥਾ) ਵਿੱਚ ਵੀ ਨਹੀਂ ਤੇ ਫਿਰ ਉਸ ਦਾ ਵਾਧਾ ਕਿਸ ਤਰ੍ਹਾਂ ਹੋਵੇ। ਹੁਣ ਤੇ ਏਥੇ ਖੁੱਲ੍ਹੇ-ਡੁੱਲ੍ਹੇ ਮੁਸ਼ਹਿਰਿਆਂ ਦਾ ਵੀ ਰਿਵਾਜ਼ ਮੁੱਕ ਗਿਆ ਏ। ਆਪਣੀ-ਆਪਣੀ ਡਫਲੀ ਤੇ ਆਪਣਾ-ਆਪਣਾ ਰਾਗ਼ ਰਹਿ ਗਿਆ ਏ। ਇੱਕ ਅਖ਼ਬਾਰੇ 'ਸੱਜਣ' ਨਿਕਲਿਆ ਸੀ। ਉਹ ਚੰਗੇ ਹੱਥਾਂ ਵਿੱਚ ਸੀ ਤੇ ਉਡਾਰੀ ਵੀ ਮਾਰਨ ਜੋਗ ਸੀ - ਕੁਝ ਦਿਨ ਬਾਅਦ ਤੜਫ-ਤੜਫ ਕੇ ਮਰ ਗਿਆ। ਏਥੇ ਦਾਅ ਲਾਊ ਤੇ ਡੰਗ-ਟਪਾਊ ਜ਼ਹਿਨੀਅਤ ਪ੍ਰੈਦਾ ਹੋ ਰਹੀ ਏ। ਖ਼ੂਨ ਦੇਣ ਵਾਲੇ ਮਜਨੂੰ ਥੋੜ੍ਹੇ ਰਹਿ ਗਏ ਨੇ। ਤੁਸਾਂ ਆਪਣੇ ਰਿਸਾਲੇ 'ਚਿਰਾਗ਼' ਵਿੱਚ ਕਿਧਰੇ ਲਿਖਿਆ ਸੀ "ਤਜ਼ਰਬੇ ਨੇ ਦੱਸਿਆ ਕਿ ਸਾਹਿਤ ਪੂਰੀ ਹੱਯਾਤੀ ਦੇ ਵਿੱਚ ਇੱਕ ਮੱਧਮ ਤੇ ਥੋੜ੍ਹਾ ਰੋਲ ਅਦਾ ਕਰਦਾ ਏ।" ਇੱਕ ਛੋਟਾ ਜਿਹਾ ਰੰਗ ਹੈ। ਐਟਮ ਵੀ ਤੇ ਛੋਟਾ ਜਿਹਾ ਦੱਸੀਦਾ ਏ, ਹਰ ਕਣ ਤੇ ਕਣੀ ਦਾ ਛੋਟਾ ਜਿਹਾ ਰੋਲ ਹੀ ਹੁੰਦਾ ਹੈ, ਪਰ ਉਹ ਰੋਲ ਮਸ਼ਬਤ ਹੋਣਾ ਚਾਹੀਦਾ ਏ।

**ਮੁਨੀਰ ਅਸਰੀ (ਗੁਜਰਾਂਵਾਲਾ), ਪਾਕਿਸਤਾਨ**

-0-

* 'ਚਿਰਾਗ਼' ਮਿਲ ਗਿਆ ਸੀ! ਖਾਲਸੇ ਦੀ ਤੀਜੀ ਸ਼ਤਾਬਦੀ ਨੂੰ ਸਮੱਰਪਿਤ ਇਸ ਅੰਕ ਵਿਚਲੀਆਂ ਤੁਹਾਡੀਆਂ ਦੋ ਕਵਿਤਾਵਾਂ ਬਹੁਤ ਪ੍ਰਸੰਦ ਆਈਆਂ-ਖਾਸ ਕਰਕੇ 'ਬੇਦਾਵੇ ਪਿਛੋਂ'। 'ਇਹ ਜੋ ਅਰਦਾਸ ਨਹੀਂ ਹੈ' (ਭਗਵਾਨ ਢਿੱਲੋਂ) ਨੇ ਵੀ ਬਹੁਤ ਪ੍ਰਭਾਵਿਤ ਕੀਤਾ। ਹਬੀਬ ਜਾਲਿਬ ਬਾਰੇ ਜਾਣਕਾਰੀ ਦੇ ਕੇ ਬਹੁਤ ਚੰਗਾ ਕੀਤਾ ਹੈ। 'ਖ਼ਾਲਸਾ ਸਿਰਜਣਾ ਜਸ਼ਨਾਂ ਸਮੇਂ ਪੰਜਾਬੀ ਭਾਸ਼ਾ ਅਤੇ ਪੰਜਾਬ ਸਰਕਾਰ' ਦੂਹਰਾ ਛਪ ਗਿਆ ਹੈ ਜੋ ਕਿ ਕਾਫ਼ੀ ਰੜਕਦਾ ਹੈ।

**ਡਾ. ਸੁਖਵਿੰਦਰ ਰੰਧਾਵਾ, ਨਕੋਦਰ**

-0-

* ਨਦੀਮ ਪ੍ਰਮਾਰ ਹੁਰਾਂ ਦਾ ਖ਼ਤ ਪੜ੍ਹਿਆ। ਉਹਨਾਂ ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ ਦੇ ਸਫ਼ਾ 458 ਦਾ ਜ਼ਿਕਰ ਕੀਤਾ ਹੈ। ਪਰ ਏਸੇ ਹੀ ਮਹਾਨ ਕੋਸ਼ ਵਿੱਚ ਪੰਨੇ 470 ਤੇ "ਚਿਰਾਗ਼" ਵੀ ਦਰਜ ਹੈ।

**ਮਨਦੀਪ ਸਿੰਘ ਪੰਧੇਰ, ਨਾਭਾ**

-0-

* ਸਨਮਾਨ-ਰੁੱਤ ਦੀ ਕਾਂਗ ਜ਼ੋਰਾਂ ਤੇ ਲੱਗਦੀ ਹੈ। ਪਤਾ ਨਹੀਂ ਪੰਜਾਬੀ ਸਨਮਾਨਾਂ ਤੋਂ ਕਦੇ ਖਹਿੜਾ ਛਡਵਾ ਸਕੇਗੀ। ਅਰਦਾਸ ਰੱਬ ਅੱਗੇ ਤੇ ਕੀਤੀ ਨਹੀਂ ਜਾ ਸਕਦੀ, ਕਿਉਂਕਿ ਉਸ ਨੇ ਤਾਂ ਲੁਕਾਈ ਨੂੰ ਬੇਦਾਅਵਾ ਲਿਖ ਦਿੱਤਾ ਹੋਇਆ ਹੈ, ਹੁਣ ਤੇ ਸਤਵੇਂ ਪਾਤਸ਼ਾਹ ਮੂਹਰੇ ਹੀ ਅਰਜੋਈ ਕੀਤੀ ਜਾ ਸਕਦੀ ਹੈ, ਵੇਖੋ ਜੇ ਉਸ ਦੀ ਵੀ ਸਵੱਲੀ ਮਿਹਰ ਹੋਵੇ।

**ਬਲਰਾਜ ਚੀਮਾ—ਟਰਾਂਟੋ-ਕੈਨੇਡਾ**



ਡੇਵੀਸ, ਕੈਲੇਫੋਰਨੀਆਂ

ਪਿਆਰੇ ਹੁੰਦਲ ਜੀ,

ਮੈਂ ਪਰਸੋਂ ਇਥੇ ਕੈਲੇਫੋਰਨੀਆ ਆਪਣੀ ਲੜਕੀ ਦੇ ਕੋਲ ਹਫ਼ਤੇ ਲਈ ਆਇਆ ਹਾਂ। ਇਹ ਡੇਵੀਸ, ਨਾਂ ਦੇ ਕਸਬੇ ਵਿੱਚ ਰਹਿੰਦੇ ਹਨ, ਜਿਥੇ ਕੈਲੇਫੋਰਨੀਆਂ ਦੀ ਪ੍ਰਸਿੱਧ ਯੂਨੀਵਰਸਿਟੀ ਡੇਵੀਸ ਦੇ ਕੈਂਪਸ ਹਨ। ਬੜੀ ਵੱਡੀ ਸੁੰਦਰ ਯੂਨੀਵਰਸਿਟੀ ਹੈ, ਸੈਂਕੜੇ ਏਕੜਾਂ ਵਿੱਚ ਪਸਰੀ ਹੋਈ। ਮੈਂ ਇਥੋਂ ਦੀ ਲਾਇਬਰੇਰੀ ਦੇਖਣ ਲਈ ਕਲ੍ਹ ਗਿਆ ਸੀ। ਮੇਰੇ ਪਿੰਡਾਂ ਦਾ ਇੱਕ ਵਿਅਕਤੀ, ਜਿਸ ਨੂੰ ਮੈਂ ਪਿਛਲੇ ਸਾਲ ਮਿਲਿਆ ਸੀ, ਏਥੇ ਲਾਇਬਰੇਰੀਅਨ ਲੱਗਾ ਹੋਇਆ ਹੈ। ਉਸ ਨੂੰ ਮੈਂ ਲਾਇਬਰੇਰੀ ਦੇਖਣ ਲਈ ਕਿਹਾ, ਤਾਂ ਉਸ ਨੇ ਕਿਹਾ, ਕਿ ਕਿਹੜਾ ਹਿੱਸਾ, ਕਿਹੜੇ ਵਿਸ਼ੇ ਦੀਆਂ ਪੁਸਤਕਾਂ ਵੇਖਣੀਆਂ ਹਨ? ਮੈਂ ਕਿਹਾ ਸਾਹਿਤ ਵਿਭਾਗ। ਉਸ ਨੇ ਇਕ ਪਾਰਕ ਨਾਂ ਦੇ ਪਤਲੇ ਜਿਹੇ ਲੰਬੇ ਉੱਚੇ ਮੁੰਡੇ ਨੂੰ ਸੱਦ ਕੇ ਕਿਹਾ, "Please ਇਸ ਮੇਰੇ ਦੋਸਤ ਮਿਸਟਰ ਸਿੰਘ ਨੂੰ ਲਿਟਰੇਚਰ ਸੈਕਸ਼ਨ ਵਿੱਚ ਲਾ ਜਾ।" ਅਸੀਂ ਲਾਇਬਰੇਰੀ ਦੀ ਤੀਜੀ ਮੰਜ਼ਿਲ ਤੇ ਸੀ, ਜਿਹੜੀ ਕਿ ਸ਼ਾਇਦ 10 ਹਜ਼ਾਰ ਵਰਗ ਫੁੱਟ ਤੋਂ ਵੀ ਵੱਡੀ ਹੋਵੇਗੀ। ਉਸ ਦੇ ਦਫ਼ਤਰ ਵਿਚੋਂ ਨਿਕਲਣ ਸਾਰ ਉਥੇ ਪਏ 25-30 ਕੰਪਿਊਟਰਾਂ ਵਿਚੋਂ ਇਕ ਦੀ ਕੁਰਸੀ ਤੇ ਬੈਠ ਨੰ: On ਕਰ ਕੇ ਕਹਿਣ ਲੱਗਾ, "ਕਿਹੜਾ ਵਿਸ਼ੇਸ਼ ਵਿਸ਼ਾ ਦੇਖਣਾ ਹੈ।" ਮੈਂ ਕਿਹਾ (ਕਵਿਤਾ)। ਕਿਹੜਾ ਕਵੀ, ਕਿਸ ਭਾਸ਼ਾ ਵਿੱਚ? ਪਾਬਲੋ ਨੇਰੂਦਾ ਅਤੇ ਨਾਜ਼ਮ ਹਿਕਮਤ। ਉਸ ਨੇ ਕੰਪਿਊਟਰ ਵਿਚੋਂ ਲਾਇਬਰੇਰੀ ਦਾ ਨੰਬਰ ਲੱਭ ਲਿਆ, ਜਿਥੇ ਇਹ ਕਿਤਾਬਾਂ ਸਨ। ਇਕ ਪੀਲੇ ਰੰਗ ਦੀ ਪਰਚੀ ਉਮਰ ਚਾਰ ਉਂਗਲਾਂ ਦੀ ਪਿੰਨਸਲ ਦੇ ਨਾਲ ਉਸ ਨੇ ਨੰਬਰ ਨੋਟ ਕਰ ਕੇ ਕਿਹਾ, "ਹੋਰ ਕੁਝ?" ਮੈਂ Post Modernism ਬਾਰੇ ਕਿਹਾ ਤਾਂ ਉਸ ਨੇ ਦੇਖਿਆ ਕਿ ਇਸ ਯੂ. ਵਿੱਚ 189 ਕਿਤਾਬਾਂ ਹਨ ਤੇ ਕੈਲੀਫੋਰਨੀਆਂ ਦੀਆਂ ਸਾਰੀਆਂ ਲਾਇਬਰੇਰੀਆਂ ਵਿੱਚ 2834 ਕਿਤਾਬਾਂ ਹਨ। ਇਹ ਵੀ ਉਸ ਨੇ ਨੋਟ ਕਰ ਲਈਆਂ ਕਿ ਕਿਥੇ ਕਿਹੜੇ ਨੰਬਰ ਦੀ ਕਤਾਰ ਵਿੱਚ ਹਨ। ਅਸੀਂ ਚੌਥੇ ਮੰਜ਼ਿਲ ਤੇ ਚਲੇ ਗਏ ਤੇ ਫਿਰ ਤੁਰੇ ਗਏ, ਤੁਰੇ ਗਏ, ਸੱਜੇ ਮੁੜੇ ਤੇ ਕਤਾਰਾਂ ਵਿਚੋਂ ਦੀ ਲੰਘਦੇ ਪਾਬਲੋ ਨੇਰੂਦਾ ਦੀਆਂ ਕਿਤਾਬਾਂ ਵਿਚੋਂ ਅੱਠ ਅਸੀਂ ਚੁੱਕ ਲਈਆਂ। ਫਿਰ ਨਾਜ਼ਮ ਹਿਕਮਤ ਦੀਆਂ ਕਿਤਾਬਾਂ ਦੀਆਂ ਸਮੁੱਚੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਕੋਲ ਜਾ ਕੇ ਪੰਜ-ਛੇ ਛੋਟੀਆਂ ਕਿਤਾਬਾਂ ਲਈਆਂ, ਪਰ ਉਤਰ ਆਧੁਨਿਕਤਾ ਦੀਆਂ ਕਵਿਤਾਵਾਂ ਦੀ ਥਾਂ ਦਿਖਾ ਕੇ ਉਹ ਚਲਿਆ ਗਿਆ। ਮੈਂ ਦੋ ਘੰਟੇ ਕਿਤਾਬਾਂ ਫੋਲਦਾ ਰਿਹਾ। ਨਾਜ਼ਮ ਨੇ ਹਜ਼ਾਰਾਂ ਕਵਿਤਾਵਾਂ ਲਿਖੀਆਂ ਹਨ। ਦੋ ਲੰਬੀਆਂ ਕਵਿਤਾਵਾਂ ਦੇ ਮਹਾਂਕਾਵ ਹਨ। ਇਕ ਮਹਾਂਕਾਵ ਛੋਟਾ ਹੈ, ਜੋ ਸ਼ਾਇਦ ਅਠਾਰਵੀਂ ਸਦੀ ਦੇ ਇੱਕ ਤੁਰਕ 'ਬੰਦੇ ਬਹਾਦਰ' ਵਰਗੇ ਸੂਰਮੇ ਬਾਰੇ ਹੈ, ਜਿਸ ਨੇ ਭੂਮੀ ਦੀ ਗ਼ਰੀਬ ਕਿਸਾਨਾਂ ਵਿੱਚ ਵੰਡ ਲਈ ਸੰਘਰਸ਼ ਕੀਤਾ ਸੀ। ਇੱਕ ਹੋਰ ਮਹਾਂ ਕਾਵਿ 'ਮਨੁੱਖਤਾ' ਬਾਰੇ ਹੈ ਜੋ ਦੋ ਤਿੰਨ ਸੌ ਸਫ਼ਿਆਂ ਦਾ ਹੈ।

ਮੇਰੀ ਕੋਈ ਵਾਹ ਨਹੀਂ ਜਾ ਰਹੀ ਕਿ ਇਹ ਕਿਤਾਬਾਂ ਮੈਂ ਤੁਹਾਡੇ ਲਈ ਕਿਵੇਂ ਪ੍ਰਾਪਤ ਕਰਾਂ? ਸਿਰਫ਼ ਇੱਕ ਹਾਉਕਾ ਹੀ ਲੈ ਸਕਦਾ ਹਾਂ, ਜਾਂ ਕੁਝ ਕਵਿਤਾਵਾਂ ਫੋਟੋ ਸਟੇਟ ਕਰਨ ਦੀ ਕੋਸ਼ਿਸ ਕਰਾਂਗਾ, ਪਰ ਸੱਚ ਜਾਣਿਉਂ ਹੁੰਦਲ ਜੀ, ਇਹ ਲਾਇਬਰੇਰੀ ਇਕ ਸਾਹਿਤ ਦਾ ਮਹਾਂ ਸਾਗਰ ਹੀ ਹੈ। ਹਰ ਬੋਲੀ ਦਾ ਸਾਹਿਤ, ਬਿਨਾਂ ਪੰਜਾਬੀ ਦੇ, ਅਨੁਵਾਦ ਕੀਤਾ ਇਥੇ ਪਿਆ ਹੈ। ਪਰ ਇੱਕ ਹੋਰ ਵੀ ਪੱਖ ਹੈ ਕਿ ਸ਼ੁਕਰਵਾਰ ਹੋਣ ਕਾਰਨ ਸ਼ਾਇਦ, ਇਥੇ ਮੈਂ ਦੋ ਕੁ ਜਵਾਨ ਕੁੜੀਆਂ, ਦੋ ਕੁ ਗੋਰੇ ਮੁੰਡੇ ਸਾਹਿਤ ਪੁਸਤਕਾਂ ਲੈ ਕੇ ਪੜ੍ਹਦੇ ਵੇਖੇ। ਭਲਕੇ ਅਮਰੀਕਾ ਦਾ ਸੁਤੰਤਰ ਦਿਵਸ ਹੈ, ਛੁੱਟੀਆਂ ਦਾ ਮਾਹੌਲ ਹੈ। ਇਸ ਲਈ ਰੌਣਕ ਘਟ ਸੀ। ਪਰ ਹਰ ਕਿਤਾਬ ਦੀ ਜਿਲਦ ਦੇ ਪਿਛਲੇ ਪਾਸੇ ਦੇ ਅੰਦਰ ਲੱਗੇ ਕਾਰਡ ਤੋਂ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਇਹ ਕਿਤਾਬਾਂ ਕਈ ਵਾਰ ਲੈ ਕੇ ਪੜ੍ਹੀਆਂ ਹਨ।

ਮੈਨੂੰ ਯਾਦ ਹੈ ਕਿ ਤੁਸੀਂ ਕਿਹਾ ਸੀ ਕਿ ਇੰਗਲੈਂਡ ਵਿੱਚ ਤੁਸੀਂ ਨਾਜ਼ਮ ਹਿਕਮਤ ਦੀਆਂ ਕੁਝ ਕਿਤਾਬਾਂ ਹੀ ਦੇਖ ਸਕੇ ਸੀ। ਪਰ ਇਥੇ ਸਮੁੱਚਾ ਹੀ ਨਾਜ਼ਮ ਹਿਕਮਤ ਪਿਆ ਹੈ। ਮੇਰਾ ਖਿਆਲ ਹੈ ਕਿ

ਤੁਸੀਂ ਮੇਰੀ ਚਿੱਠ ਪੜ੍ਹ ਕੇ ਉਵੇਂ ਹੀ ਮਹਿਸੂਸ ਕਰੋਗੇ ਜਿਵੇਂ ਪਾਕਿਸਤਾਨ ਗਏ, ਬਿਨਾਂ ਜਨਮ ਭੂਮੀ ਵਾਲਾ ਪਿੰਡ ਵੇਖਿਆਂ, ਪਰਤਨ ਮਗਰੋਂ ਮਹਿਸੂਸ ਕਰਦੇ ਸੀ। ਇਥੇ ਮੈਂ 10 ਜੁਲਾਈ ਨੂੰ ਵਾਪਸ Surrey ਪਰਤ ਜਾਣਾ ਹੈ। ਉਥੇ ਜਾ ਕੇ ਕੁਝ ਕਵਿਤਾਵਾਂ ਦੀ ਫੋਟੋ ਭੇਜਾਂਗਾ।

**ਸੂਫੀ ਅਮਰਜੀਤ, ਕੈਨੇਡਾ।**

---

**ਯਾਦਾਂ**

## ਚੀ-ਗੁਵੇਰਾ—ਇੱਕ ਮੁਲਾਕਾਤ/ਪਾਬਲੋ ਨੇਰੂਦਾ

ਚੀ-ਗੁਵੇਰਾ ਨਾਲ ਮੇਰੀ ਪਹਿਲੀ ਮੁਲਾਕਾਤ ਬਿਲਕੁਲ ਵੱਖਰੀ ਤਰ੍ਹਾਂ ਦਾ ਸੀ। ਇਹ ਹਵਾਨਾ ਵਿੱਚ ਹੋਈ। ਰਾਤ ਦਾ ਇੱਕ ਵੱਜਾ ਸੀ, ਜਦੋਂ ਮੈਂ ਉਸ ਨੂੰ ਆਰਥਿਕਤਾ ਜਾਂ ਵਿੱਤ ਵਿਭਾਗ ਦੇ ਉਸ ਦੇ ਦਫ਼ਤਰ ਵਿੱਚ ਮਿਲਣ ਗਿਆ। ਮੈਨੂੰ ਯਾਦ ਨਹੀਂ ਕਿ ਮੈਨੂੰ ਉਸ ਨੇ ਕਦੋਂ ਤੇ ਕਿੱਥੇ ਸੱਦਾ ਦਿੱਤਾ ਸੀ। ਉਸ ਨੇ ਮੁਲਾਕਾਤ ਅੱਧੀ ਰਾਤ ਵੇਲੇ ਦੀ ਰੱਖੀ ਸੀ, ਪਰ ਮੈਂ ਲੇਟ ਹੋ ਗਿਆ। ਮੈਂ ਇੱਕ ਲੰਮੇ ਸਰਕਾਰੀ ਸਮਾਗਮ ਵਿੱਚ ਸ਼ਾਮਲ ਹੋਇਆ ਸੀ, ਜਿੱਥੇ ਮੈਂ ਪ੍ਰਧਾਨਗੀ-ਮੰਡਲ ਵਿੱਚ ਬੈਠਾ ਸੀ।

ਚੀ ਨੇ ਬੂਟ ਤੇ ਫੌਜੀ ਵਰਦੀ ਪਾਈ ਹੋਈ ਸੀ ਤੇ ਲੱਕ ਦੁਆਲੇ ਪਸਤੌਲ। ਉਸ ਦੇ ਕੱਪੜੇ ਦਫ਼ਤਰ ਦੇ ਬੈਂਕ ਵਾਲੇ ਵਾਤਾਵਰਨ ਨਾਲ ਬੇਸੁਰੇ ਲੱਗਦੇ ਸਨ। ਉਹ ਕਾਲਾ ਸੀ, ਹੌਲੀ-ਹੌਲੀ ਬੋਲਣ ਵਾਲਾ ਤੇ ਬਿਨਾਂ ਗ਼ਲਤੀ ਤੋਂ ਉਸ ਦਾ ਉਚਾਰਨ ਅਰਜੈਨਟਾਈਨਾ ਦਾ ਸੀ। ਉਹ ਇਸ ਤਰ੍ਹਾਂ ਦਾ ਆਦਮੀ ਸੀ ਜਿਸ ਨਾਲ ਤੁਸੀਂ ਇੱਕ ਵਿਸ਼ੇ ਤੋਂ ਦੂਸਰੇ ਬਾਰੇ ਗੱਲ ਕਰ ਸਕਦੇ ਸੀ। ਉਸ ਦੇ ਨਾਲ ਛੋਟੇ ਸਨ ਤੇ ਉ ਅੰਤ ਤੇ ਮੁਸਕਰਾਉਂਦਾ ਸੀ, ਜਿਵੇਂ ਬਹਿਸ ਨੂੰ ਹਵਾ ਵਿੱਚ ਹੀ ਛੱਡ ਰਿਹਾ ਹੋਵੇ।

ਮੈਂ ਆਪਣੀ ਪੁਸਤਕ "ਕਾਂਟੋ ਜਨਰਲ" ਬਾਰੇ ਉਸ ਦੇ ਮੂੰਹੋਂ ਸੁਣ ਕੇ ਫੁੱਲਾ ਨਹੀਂ ਸਮਾ ਰਿਹਾ ਸੀ। ਉਹ "ਸੀਅਰਾ ਮਾਇਸ ਤਰਾ", ਵਿੱਚ ਇਸ ਨੂੰ ਰਾਤ ਸਮੇਂ ਗੁਰੀਲਿਆਂ ਨੂੰ ਪੜ੍ਹ ਕੇ ਸੁਣਾਉਂਦਾ ਹੁੰਦਾ ਸੀ। 'ਰੈਗਿਸ ਡੈਬਰੇ' ਰਾਹੀਂ ਮੈਨੂੰ ਪਤਾ ਲੱਗਾ ਕਿ ਬੋਲੇਵੀਆ ਦੇ ਪਹਾੜਾਂ ਵਿੱਚ ਆਪਣੇ ਅੰਤ ਤਾ... ਉਸ ਕੋਲ ਝੋਲੇ ਵਿੱਚ ਕੇਵਲ ਦੋ ਪੁਸਤਕਾਂ ਸਨ, ਇਕ ਹਿਸਾਬ ਦੀ ਪੁਸਤਕ ਤੇ 'ਦੂਸਰੀ ਕਾਂਟੋ ਜਨਰਲ।'

ਇੱਕ ਚੀਜ਼ ਜਿਹੜੀ ਮੈਨੂੰ ਉਸ ਰਾਤ ਚੀ ਨੇ ਦੱਸੀ, ਨੂੰ ਸੁਣ ਮੈਂ ਚਕਰਾ ਗਿਆ ਸੀ, ਪਰ ਜਿਸ ਤੋਂ ਉਸ ਦੀ ਹੋਣੀ ਦਾ ਪਤਾ ਲੱਗਦਾ ਸੀ। ਉਸ ਦੀ ਤੱਕਣੀ ਮੇਰੀਆਂ ਅੱਖਾਂ ਤੋਂ ਦਫ਼ਤਰ ਦੀ ਹਨ੍ਹੇਰੀ ਖਿੜਕੀ ਤੀਕ ਘੁੰਮਦੀ ਸੀ। ਉਹ ਕਿਤਾਬਾਂ ਉੱਤੇ ਉੱਤਰੀ ਅਮਰੀਕਾ ਦੇ ਸੰਭਾਵਤ ਹਮਲੇ ਬਾਰੇ ਗੱਲ ਕਰ ਰਿਹਾ ਸੀ। ਮੈਂ ਹਵਾਨਾ ਦੀਆਂ ਗਲੀਆਂ ਵਿੱਚ ਖਾਸ ਥਾਵਾਂ ਤੇ ਰੇਤੇ ਦੇ ਬੋਰੇ ਖਿੱਲਰੇ ਪਏ ਵੇਖੇ ਸਨ। ਅਚਾਨਕ ਹੀ ਉਸ ਨੇ ਕਿਹਾ, "ਜੰਗ... ਜੰਗ... ਅਸੀਂ ਜੰਗ ਦੇ ਵਿਰੁੱਧ ਹਾਂ, ਪਰ ਜਦੋਂ ਇੱਕ ਵਾਰ ਅਸੀਂ ਇੱਕ ਜੰਗ ਲੜ ਲੈਂਦੇ ਹਾਂ ਤਾਂ ਅਸੀਂ ਇਸ ਤੋਂ ਬਿਨਾਂ ਰਹਿ ਨਹੀਂ ਸਕਦੇ। ਅਸੀਂ ਸਾਰਾ ਸਮਾਂ ਇਸ ਵੱਲ ਪਰਤਣਾ ਲੋਚਦੇ ਹਾਂ।"

ਉਹ ਮੇਰੇ ਲਾਭ ਲਈ, ਉੱਚੀ ਸੁਰ ਵਿੱਚ, ਸੋਚ ਰਿਹਾ ਸੀ, ਸੱਚੀ ਗੱਲ ਤਾਂ ਇਹ ਹੈ ਕਿ ਉਸ ਨੂੰ ਸੁਣ ਕੇ ਮੈਂ ਚਕਰਾ ਗਿਆ ਸੀ। ਮੇਰੇ ਲਈ ਜੰਗ ਆਦਰਸ਼ ਨਹੀਂ, ਲਾਹਨਤ ਸੀ।

ਅਸਾਂ ਅਲਵਿਦਾ ਕਹੀ ਤੇ ਫਿਰ ਨਹੀਂ ਮਿਲੇ। ਪਿੱਛੋਂ, ਬੋਲੇਵੀਆ ਦੇ ਜੰਗਲਾਂ ਵਿੱਚ ਲੜਾਈ ਹੋਈ ਤੇ ਉਸ ਦੀ ਦੁਖਦਾਈ ਮੌਤ। ਪਰ ਮੈਂ ਚੀ-ਗੁਵੇਰਾ ਚੋਂ ਇੱਕ ਉਸ ਸੋਚਵਾਨ ਮਨੁੱਖ ਨੂੰ ਵੇਖ ਰਿਹਾ ਸੀ, ਜਿਸ ਦੀਆਂ ਬਹਾਦਰੀ ਭਰੀਆਂ ਲੜਾਈਆਂ ਵਿੱਚ, ਹੱਥਿਆਰਾਂ ਤੋਂ ਅੱਗੇ, ਕਵਿਤਾ ਲਈ ਵੀ ਥਾਂ ਸੀ।



**ਵਾਘਿਉਂ ਪਾਰ**

## ਗ਼ਜ਼ਲ/ਅਕਰਮ ਬਾਜਵਾ

ਲੋਕਾਂ ਏਥੇ ਫੁੱਲਾਂ ਵਰਗੇ ਜਜ਼ਬੇ ਸੂਲੀ ਟੰਗੇ,
ਸੱਪਾਂ ਵਾਗੂੰ ਹਰ ਇਕ ਬੰਦਾ ਇਕ ਦੂਜੇ ਨੂੰ ਡੰਗੇ।

ਚਾਵਾਂ ਵਿਹੜੇ ਸਧਰਾਂ ਰਾਤੀਂ ਰੱਜ ਕੇ ਕਿਕਲੀ ਪਾਈ,
ਦਿਲ ਨੇ ਖੌਰੇ ਐਨੇ ਕਿੱਥੋਂ ਸ਼ੌਕ ਉਧਾਰੇ ਮੰਗੇ।

ਖ਼ਵਾਬ ਤੇ ਨੀਦਾਂ ਇਸ ਵੇਲੇ ਦੇ ਉਹਦੇ ਨਾਂਵੇਂ ਲੱਗੇ,
ਜਚ ਦੇ ਚੰਚਲ ਨੈਣ ਨਸ਼ੀਲੇ ਪਿਆਰ ਦੇ ਰੰਗੀਂ ਰੰਗੇ।

ਉਹਦੇ ਰੂਪ ਸਰੂਪ ਨੇ, ਜਾਦੂ ਇੰਜ ਕੀਤਾ ਹਰ ਪਾਸੇ,
ਰੁੱਤ ਬਹਾਰ ਦੀ ਉਹਦੇ ਸਾਵ੍ਹੇਂ ਪੈਲਾਂ ਪੌਣ ਤੋਂ ਸੰਗੇ।

ਮੇਰੀ ਅਜੇਹੀ ਖੇਹ ਉਡਾਈ, ਕੀਤਾ ਖੇਰੂੰ ਖੇਰੂੰ,
ਹੁਣ ਤੇ ਬੀਬਾ ਮੇਰੇ ਨਾਲੋਂ ਗਲੀਆਂ ਦੇ ਕੱਖ ਚੰਗੇ।

ਸਾਰਾ ਦਿਨ ਗੁਰਬਤ ਦੀ ਚੱਕੀ ਅੰਦਰ ਪਿਸਦੇ ਰਹਿੰਦੇ
ਰਾਤੀਂ ਰੋ ਰੋ ਸੌਂ ਜਾਂਦੇ ਨੇ, ਬੱਚੇ ਭੁੱਖੇ ਨੰਗੇ।

'ਅਕਰਮ' ਅੱਲੇ ਜ਼ਖ਼ਮਾਂ ਉੱਤੇ ਹੋਰ ਨਵੇਂ ਫੱਟ ਲਾਵੇ,
ਜਦ ਕੋਈ ਲਹਿਰ ਕਿਨਾਰੇ ਦੇ ਸੰਗ ਕਿਧਰੇ ਖਹਿ ਕੇ ਲੰਘੇ। (ਪੰਜਾਬੀ, ਲਾਹੌਰ)

## ਗ਼ਜ਼ਲ/ਅਲੀ ਮੁਹੰਮਦ ਮਲੂਕ

ਕੋਮਲ ਸੱਧਰਾਂ ਪੱਥਰ ਕਰ ਗਿਆ ਢਲਦਾ ਸੂਰਜ,
ਉਮਰਾਂ ਤੀਕਰ ਭੁੱਲ ਨਈਂ ਸਕਦਾ ਕੱਲ੍ਹ ਦਾ ਸੂਰਜ।

ਰਾਤ ਦੇ ਮੁੱਖ ਤੋਂ ਕਿੰਝ ਅਜ਼ਲਾਂ ਦੀ ਕਾਲਖ ਧੋਵਾਂ,
ਏਹੋ ਸੋਚਾਂ ਲੈ ਕੇ ਰੋਜ਼ ਨਿਕਲਦਾ ਸੂਰਜ।

ਭੋਲੇ ਪਨ ਵਿਚ ਪੰਧ ਨਾ ਕਿਧਰੇ ਛੁਹ ਲਈਂ ਬੀਬਾ,
ਹੋਰ ਨਵੇਂ ਪੱਛ ਲਾ ਨਾ ਦੇਵੇ ਥਲ ਦ ਸੂਰਜ।

ਪਿਆਰ ਦਾ ਪਾਂਧੀ ਰੋਜ ਸਫ਼ਰ ਤੇ ਟੁਰਦਾ ਰਹਿੰਦਾ,
ਥੱਕਦਾ ਈ ਨਈਂ ਚਲਦਾ ਚਲਦਾ ਚਲਦਾ ਸੂਰਜ।

ਜਿਓਂ ਮਾਵਾਂ ਨੂੰ ਆਪਣੇ ਬਾਲ ਪਿਆਰੇ ਹੁੰਦੇ,
ਅੰਬਰ ਸੀਨੇ ਲਾ ਕੇ ਰੱਖੇ ਬਲਲਾ ਸੂਰਜ।

ਐਵੇਂ ਤੇ ਨਹੀਂ ਧਰਤੀ ਉੱਤੇ ਅੱਗ ਦੀ ਵਾਛੜ,
ਦੋਜ਼ਖ਼ ਵਰਗੀ ਅੱਗ ਦੇ ਅੰਦਰ ਪਲਦਾ ਸੂਰਜ।

ਨਿਕਲੇ ਸੀਤ ਨਾ ਕੀਕਰ ਏਸ ਮਲੂਕ ਬਦਨ ਚੋਂ,
ਭਾਵੇਂ ਕਿੰਨੀਆਂ ਨਿੱਘੀਆਂ ਕਿਰਨਾਂ ਮਲਦਾ ਸੂਰਜ।

(ਤ੍ਰਿਮਾਹੀ, ਪੰਜਾਬੀ ਲਾਹੌਰ)

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ
• ਸਾਨ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

ਭੁਪਿੰਦਰ ਨਰਸਿੰਗ ਹੋਮ
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ : 0181-224228, 223376

BHUPINDER NURSING HOME
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
DR. B.P. SINGH (M.S.)
PLASTIC & COSMETIC SURGEON

ਕੌਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰਾਂ ਹਨ
● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆ ਝੁਰੜੀਆਂ ਖਤਮ ਕਰਨਾ
● ਮੱਥੇ ਦੀਆ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਿਹਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮਿਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

VARIOUS COSMETICS SURGERY & PLASTIC SURGERY OPERATION DONE SO FAR ARE :
LIPOSUCTION ★ LIPOINJECTIONS ★ ACCIDENTAL INJURIES CARE
RHINOPLASTIES ★ FACE LIFT ★ BROW LIFT ★ BLEPHEROPLASTIES ★ STAITIONERY WHITE PATCH
★ RECONSTRUCTIVE SURGERY ★ IN BORN DEFECTS & DEFORMITIES
★ HAIR TRANSPLATATION ★ DEFECTS & DEFORMITIES OF ACCIDENTS
★ BURNS ★ TREATMENT OF SCARS
★ CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877